# ਆਤਮ ਕਥਾ
# ਸੰਤ ਬਾਬਾ ਵਸਾਖਾ ਸਿੰਘ

ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ

ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ।

30/-

'ੴ ਵਾਹਿਗੁਰੂ ਜੀ ਕੀ ਫ਼ਤਹਿ'

ਆਤਮ ਕਥਾ

# ਸੰਤ ਬਾਬਾ ਵਸਾਖਾ ਸਿੰਘ (ਦਦੇਹਰ ਸਾਹਿਬ)

ਸੰਪਾਦਕ :
ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

**ਪ੍ਰਕਾਸ਼ਕ**

ਸਕੱਤਰ
ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ।

ਮਈ 2001 ਕਾਪੀਆਂ 5,000

**ਲੇਜ਼ਰ ਟਾਈਪਸੈਟਿੰਗ**

ਅਲਟਰ-ਇਗੋ ਗ੍ਰਾਫਿਕਸ
1285-ਬੀ, ਫੇਜ਼ 10
ਮੁਹਾਲੀ 160 062

**ਛਾਪਣ ਵਾਲੇ**

ਗੋਲਡਨ ਆਫ਼ਸੈਟ ਪ੍ਰੈਸ (ਐਸ.ਜੀ.ਪੀ.ਸੀ.)
ਗੁਰਦੁਆਰਾ ਰਾਮਸਰ ਸਾਹਿਬ,
ਸ੍ਰੀ ਅੰਮ੍ਰਿਤਸਰ; ਫੋਨ : 540848

# ਤਤਕਰਾ


- ਮੁੱਖ ਬੰਦ iii-iv
- ਸੰਪਾਦਕ ਦੀ ਕਲਮ ਤੋਂ vi-xiv

1. ਅਕਾਲ ਪੁਰਖ ਦੀ ਉਸਤਤ 1
2. ਮਹਿਮਾ ਸਤਿਗੁਰੂ ਤੇ ਬੰਦਨਾ 5
3. ਸੰਖੇਪ ਜੀਵਨ ਬ੍ਰਿਤਾਂਤ 12
4. ਪਿੰਡ ਦਾ ਇਤਿਹਾਸ 19
5. ਦਦੇਹਰ ਚਾਚੇ ਦਾ ਬ੍ਰਿਤਾਂਤ 23
6. ਦਸ਼ਮੇਸ਼ ਗੁਰੂ ਜੀ ਦਾ ਪੰਥ ਸਾਜਣਾ ਤੇ ਦੋ ਬਜ਼ੁਰਗਾਂ ਦਾ ਅੰਮ੍ਰਿਤ ਪਾਨ ਕਰਨਾ 26
7. ਬਾਬੇ ਮੋਹਰ ਸਿੰਘ (ਪੜਦਾਦੇ) ਨੂੰ ਦਸ਼ਮੇਸ਼ ਜੀ ਤੋਂ ਵਰ ਮਿਲਣਾ ਤੇ ਉਹਨਾਂ ਦੀ ਕੁਲ ਦਾ ਵਰਣਨ 30
8. ਕਥਾ ਮੇਘ ਸਿੰਘ ਬਾਬੇ ਦੀ ਅੰਸ ਦੀ 38
9. ਮੈਂ ਗਰੀਬ ਦਾ ਜਨਮ ਤੇ ਬਾਲ ਅਵਸਥਾ 45
10. ਮਾਲ ਚਾਰਨਾ ਤੇ ਨਾਮ ਜਪਣਾ ਫ਼ੌਜ ਵਿਚ ਭਰਤੀ ਹੋਣਾ, ਤੇ ਫਿਰ ਚੀਨ ਤੇ ਅਮਰੀਕਾ ਪਹੁੰਚਣਾ 47
11. ਉਥੇ ਗੁਰਦਵਾਰੇ ਦਾ ਪ੍ਰਾਰੰਭ, ਤੇ ਦਸ਼ਮੇਸ਼ ਜੀ ਦਾ ਜਨਮ ਪੁਰਬ ਮਨਾਉਣਾ 53

12. ਸੰਨ ੧੯੧੨ - ਗ਼ਦਰ ਲਹਿਰ ਦੀ ਸ਼ੁਰੂਆਤ 62

13. ਸੰਨ ੧੯੧੩ - ਗ਼ਦਰ ਪਾਰਟੀ ਦਾ ਕਾਇਮ ਹੋਣਾ 71

14. ਅੰਡੇਮਾਨ ਦਾ ਕੁੰਭੀ ਨਰਕ 80

15. ਕਾਲੇ ਪਾਣੀ ਮੇਂ ਕਮੇਟੀ ਨਾਲ ਸਾਡੇ ਬਚਨ 84

16. ਮਾਸਟਰ ਚਤਰ ਸਿੰਘ ਜੀ ਜ਼ਿੰਦਾ ਸ਼ਹੀਦ 86

17. ਭਾਈ ਭਾਨ ਸਿੰਘ ਨੂੰ ਮਾਰਿਆ ਗਿਆ
ਸਾਡਾ ਸੁਪਰਡੰਟ ਨਾਲ ਸੰਵਾਦ 95

18. ਭਲਵਾਨ ਬਿਸ਼ਨ ਸਿੰਘ ਦਾ ਜਨਮ - ਬੱਲ ਤੇ ਕਸ਼ਟ 97

19. ਅੰਡੇਮਾਨ - ਹੋਰ ਬ੍ਰਿਤਾਂਤ 99

20. ਦੇਸ਼ ਭਗਤਾਂ ਦੇ ਦੁਖੀ ਪਰਵਾਰ 103

APPENDIX-1

A Sikh Mystic — By S. Daljit Singh 105

APPENDIX-2

ਤਸਵੀਰਾਂ ਦਾ ਵੇਰਵਾ 113

¤ ¤ ¤

# ਮੁੱਖ ਬੰਦ

ਸ੍ਰੀਮਾਨ ਸੰਤ ਬਾਬਾ ਵਸਾਖਾ ਸਿੰਘ ਦਾ ਨਾਂ ਪੰਥ ਵਿਚ ਸੂਰਜ ਵਾਂਗ ਰੌਸ਼ਨ ਹੈ। ਬਾਬਾ ਜੀ ਦਾ ਖਾਨਦਾਨ ਯੋਧਿਆਂ ਦਾ ਖਾਨਦਾਨ ਹੈ। ਆਪ ਦੇ ਦੋ ਵਡੇਰੇ ਭਾਈ ਰਮਧੀਰ ਸਿੰਘ ਅਤੇ ਭਾਈ ਮੋਹਰ ਸਿੰਘ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ, ਅਤੇ ਜਾਲਮਾਂ ਨਾਲ ਜੂਝਦੇ ਰਹੇ। ਬਾਬਾ ਮੋਹਰ ਸਿੰਘ ਦੇ ਪੁਤਰ ਸੋਭਾ ਸਿੰਘ ਜੀ, 'ਆਹਲੂਵਾਲੀਆ ਮਿਸਲ' ਵਿਚ, ਅਤੇ ਭਾਈ ਜੋਗਾ ਸਿੰਘ ਅਕਾਲੀ ਫੂਲਾ ਸਿੰਘ ਦੀ ਕਮਾਨ ਥਲੇ, ਲੜਦੇ ਰਹੇ। ਇਨ੍ਹਾਂ ਦਾ ਤੀਸਰਾ ਭਰਾ ਬਾਬਾ ਤੇਗਾ ਸਿੰਘ, ਹਰੀ ਸਿੰਘ ਨਲੂਏ ਦੇ ਨਾਲ ਹੀ ਜੰਗ ਵਿਚ ਸ਼ਹੀਦ ਹੋਇਆ। ਬਾਬਾ ਸੋਭਾ ਸਿੰਘ ਦੇ ਤਿੰਨ ਪੁਤਰ - ਦੂਲਾ ਸਿੰਘ, ਦੇਵਾ ਸਿੰਘ ਅਤੇ ਜੁਆਲਾ ਸਿੰਘ ਵੀ ਜਮਰੌਦ ਦੀ ਜੰਗ ਵਿਚ ਨਲੂਏ ਦੀ ਕਮਾਨ ਹੇਠ ਲੜੇ।

ਬਾਬਾ ਵਸਾਖਾ ਸਿੰਘ ਦਾ ਜੀਵਨ ਇਕ ਅਦੁਤੀ ਕਹਾਣੀ ਹੈ, ਅਤੇ ਗੁਰੂ ਸਾਹਿਬਾਨ ਵਲੋਂ ਬਖਸ਼ੇ ਸੰਤ ਸਿਪਾਹੀ ਦੇ ਆਦਰਸ਼ ਦੀ ਇੱਕ ਲਾਸਾਨੀ ਮਿਸਾਲ ਹੈ। ਈਸ਼ਵਰ ਭਗਤੀ ਦੇ ਨਾਲ-ਨਾਲ ਮਨੁਖ ਜਾਤੀ ਦੀ ਸੇਵਾ, ਬੇਇਨਸਾਫੀ ਤੇ ਜ਼ੁਲਮ ਵਿਰੁਧ ਜਦੋ ਜਹਿਦ ਅਤੇ ਕੁਰਬਾਨੀਆਂ, ਜੋ ਬਾਬਾ ਜੀ ਦੇ ਹਿਸੇ ਆਈਆਂ, ਹਮੇਸ਼ਾ ਪ੍ਰੇਰਨਾਂ ਦਾ ਮਹਾਨ ਸਰੋਤ ਬਣੀਆਂ ਰਹਿਣਗੀਆਂ।

ਬਾਬਾ ਜੀ ਨੇ ਆਪਣੀ 'ਆਤਮ ਕਥਾ' ਲਿਖਕੇ ਆਉਣ ਵਾਲੀਆਂ ਪੀੜ੍ਹੀਆਂ ਤੇ ਵਡਾ ਉਪਕਾਰ ਕੀਤਾ ਹੈ। ਕਵਿਤਾ ਵਿਚ ਲਿਖੀ ਹੋਣ ਕਰਕੇ ਇਹ ਇਕ 'ਬੀਰ ਰਸ ਦੀ ਵਾਰ' ਹੋ ਨਿਬੜੀ ਹੈ।

ਸਵਰਗਵਾਸੀ ਡਾ: ਸੰਤ ਸਿੰਘ ਅਤੇ ਉਨ੍ਹਾਂ ਦੇ ਸਪੁਤਰ ਸ: ਗੁਰਬਖਸ ਸਿੰਘ ਦਾ, ਜਿਨ੍ਹਾਂ ਨੇ ਬਾਬਾ ਜੀ ਦਾ ਹਥ ਲਿਖਤ ਖਰੜਾ ਸੰਭਾਲਕੇ ਰਖਿਆ, ਅਤੇ ਹੁਣ ਪੰਥ ਦੇ ਹਵਾਲੇ ਕਰ ਦਿੱਤਾ ਹੈ, ਪੰਥ ਰਿਣੀ ਹੈ। ਉਹਨਾਂ ਦੀ ਇਸ ਸੇਵਾ ਨੂੰ ਪੰਥ ਯਾਦ ਰਖੇਗਾ। ਮੈਂ ਪ੍ਰੋ: ਮਲਵਿੰਦਰ ਜੀਤ ਸਿੰਘ ਦਾ ਜਿਨ੍ਹਾਂ ਨੇ ਇਸ ਨੂੰ ਭਾਲਿਆ ਤੇ ਸੰਪਾਦਿਤ ਕੀਤਾ ਹੈ, ਅਤੇ ਡਾ: ਖੜਕ ਸਿੰਘ ਦਾ ਜਿਨ੍ਹਾਂ ਦੇ ਉਦਮ ਤੇ ਦਿਲਚਸਪੀ ਨਾਲ ਇਹ ਕਾਰਜ ਸਿਰੇ ਚੜ੍ਹਿਆ ਹੈ, ਹਾਰਦਿਕ ਧੰਨਵਾਦੀ ਹਾਂ।

ਹਿੰਦੁਸਤਾਨ ਦੇ ਸੁਤੰਤਰਤਾ ਸੰਗ੍ਰਾਮ ਵਿਚ ਗ਼ਦਰ ਪਾਰਟੀ ਦਾ ਯੋਗਦਾਨ ਇਕ ਸੁਨਹਿਰੀ ਕਾਂਡ ਹੈ। ਬਾਬਾ ਜੀ ਇਸ ਤਹਿਰੀਕ ਦੇ ਮੋਢੀ ਸਨ। ਉਹਨਾਂ ਦਾ ਆਪਣੀ ਹਥੀਂ ਲਿਖਿਆ ਬ੍ਰਿਤਾਂਤ ਭਾਰੀ ਇਤਿਹਾਸਕ ਮਹਤਤਾ ਰਖਦਾ ਹੈ।

ਇਹ ਵਡਮੁਲਾ ਤੁਹਫਾ ਸੰਗਤਾ ਦੀ ਭੇਟਾਂ ਕਰਕੇ ਦਾਸ ਨੂੰ ਅਤਿਅੰਤ ਖ਼ੁਸ਼ੀ ਹੋ ਰਹੀ ਹੈ। ਮੈਂ ਆਸ ਕਰਦਾ ਹਾਂ ਕਿ ਇਸ ਰਚਨਾਂ ਦਾ ਵਿਦਵਾਨਾਂ, ਖੋਜੀਆਂ, ਇਤਿਹਾਸਕਾਰਾਂ ਅਤੇ ਆਮ ਪਬਲਿਕ ਵਲੋਂ ਸੁਆਗਤ ਕੀਤਾ ਜਾਵੇਗਾ।

ਮਿਤੀ ੨੦ ਮਾਰਚ, ੨੦੦੧

ਜਗਦੇਵ ਸਿੰਘ ਤਲਵੰਡੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ

¤ ¤ ¤

ਅਗਲੇ ਕੁਝ ਪੰਨੇ (iv-xii)

# ਸੰਪਾਦਕ ਦੀ ਕਲਮ ਤੋਂ


ੳ) ਇਹ ਰਚਨਾ iv

ਅ) ਬਾਬਾ ਜੀ ਦੀ ਸੰਸਾਰ ਯਾਤਰਾ (ਮੁੱਖ ਘਟਨਾਵਾਂ) viii

"ਦਇਆ ਧਾਰ ਕਰ ਬੇੜਾ ਜੀ ਲਾਉ ਬੰਨੇ
ਗਰੰਥ ਲਿਖਾਂ ਤੇ ਫੇਰ ਛਪਾ ਦਿਆਂ ਮੈਂ।
ਗੌਰਮਿੰਟ ਜੋ ਅਤਿਆਚਾਰ ਕੀਤੇ
ਤਵਾਰੀਖ ਦੇ ਵਿਚ ਚੜ੍ਹਾ ਦਿਆਂ ਮੈਂ। (ਬੰਦਨਾ - ਪੰਨਾ : ੧੧)

## ੳ)

## ਇਹ ਰਚਨਾ

ਸੰਤ ਬਾਬਾ ਜੀ ਜੈਸੀ ਪ੍ਰਸਿਧੀ ਵਾਲੇ ਮਹਾਂਪੁਰਸ਼ ਦੀ ਇਸ ਕਵਿਤਾ-ਰੂਪੀ ਆਤਮ ਕਥਾ ਦੀ ਦਾਸ ਹਥੋਂ ਸੰਪਾਦਣਾ, "ਛੋਟਾ ਮੂੰਹ ਔਰ ਬੜੀ ਬਾਤ" ਵਾਲੀ ਗਲ ਹੀ ਤਾਂ ਹੈ। ਖ਼ਾਸ ਕਰਕੇ ਇਸ ਲਈ ਕਿ ਕਈ ਮੰਨੇ ਪਰਮੰਨੇ ਵਿਅਕਤੀ ਬਾਬਾ ਜੀ ਦੇ ਨਿਕਟਵਰਤੀ ਰਹੇ ਹਨ, ਤੇ ਸ਼ਰਧਾਵਾਨ ਤਾਂ ਅਣਗਿਣਤ ਹੀ ਹਨ, ਜਿਨ੍ਹਾਂ ਸਾਰਿਆਂ ਲਈ ਦਾਸ ਇੱਕ "ਅਣਪਛਾਤਾ" ਕਲਮਕਾਰ ਹੁੰਦਾ ਹੋਇਆ ਇਸ ਅਣਮੋਲ ਰਚਨਾ ਦਾ ਸੰਪਾਦਕ ਕਿਵੇ ਹੋ ਨਿਬੜਿਆ ?

ਨਾਲੇ ਤਾਰੀਖੀ ਲਿਹਾਜ਼ ਨਾਲ ਵੀ ਇਹ ਲਿਖਤ ੧੯੨੨-੨੩ ਦੀ ਸੰਪੂਰਨ ਕੀਤੀ ਪਰਤੀਤ ਹੁੰਦੀ ਹੈ, ਕਿਉਂਕਿ ਅਖੀਰਲਾ ਬ੍ਰਿਤਾਂਤ ਗੁਰੂ ਕੇ ਬਾਗ ਵਾਲੇ ਮੋਰਚੇ ਦਾ ਹੈ, ਤਾਂ ਕੋਈ ਅੱਸੀ ਸਾਲਾਂ ਪਿਛੋਂ ਇਹਦੀ ਪਰਕਾਸ਼ਨਾ, ਇਹਦੀ ਪਰਮਾਣਿਕਤਾ ਬਾਰੇ ਵੀ ਪ੍ਰਸ਼ਨ ਖੜੇ ਕਰ ਸਕਦੀ ਹੈ।

ਇਸ ਅਣਮੋਲ ਖਜ਼ਾਨੇ ਨੂੰ ਸਾਡੇ ਸਾਰਿਆਂ ਲਈ ਸੰਭਾਲ ਕੇ ਰਖਣ ਦਾ ਸਿਹਰਾ ਸੰਤ ਬਾਬਾ ਜੀ ਦੇ ਸੰਗੀ, ਡਾਕਟਰ (ਸੁਰਗਵਾਸੀ) ਸਰਦਾਰ ਸੰਤ ਸਿੰਘ ਜੀ ਤੇ ਉਹਨਾਂ ਦੇ ਸ਼ਰਧਾਵਾਨ ਸਪੁਤਰ ਸਰਦਾਰ ਗੁਰਬਖਸ਼ ਸਿੰਘ ਜੀ ਸਿਰ ਹੈ। ਦਾਸ ਨੂੰ ਇਸਦੀ ਪਰਾਪਤੀ ਸੁਰਗਵਾਸੀ (ਪ੍ਰੋਫੈਸਰ) ਸਰਦਾਰ ਜਗਜੀਤ ਸਿੰਘ (ਕਰਤਾ ਗ਼ਦਰ ਪਾਰਟੀ ਲਹਿਰ ਤੇ ਸਿੱਖ ਇਨਕਲਾਬ) ਦੀ ਨਿਸ਼ਾਨਦੇਹੀ ਕਰਕੇ ਹੋਈ ਸੀ। ਇਹ ੮ ਸਤੰਬਰ, ੧੯੯੧ ਦੀ ਗੱਲ ਹੈ। ਦਾਸ ਨੇ ਪ੍ਰੋਫੈਸਰ ਸਾਹਿਬ ਤੋਂ ਡਾਕਟਰ ਸਾਹਿਬ ਦੇ ਪਰਵਾਰ ਦਾ ਪਤਾ ਲੈਕੇ ਸਰਦਾਰ ਗੁਰਬਖਸ ਸਿੰਘ ਜੀ ਤੋਂ ਚਿੱਠੀ ਰਾਹੀ ਇਸਦੇ ਖਰੜੇ ਦੀ ਯਾਚਨਾ ਕੀਤੀ ਤਾਂ ਵੀਰ ਜੀ ਆਪ ਇਸਨੂੰ ਲੈਕੇ ਚੰਡੀਗੜ੍ਹ ਸਾਡੇ ਪਾਸ ਪਹੁੰਚੇ। ਉਪਰੰਤ ਇਹਨਾਂ ਨੂੰ ਨਾਲ ਲੈਕੇ ਪ੍ਰਫੈਸਰ

ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾ ਫਿਰ ਉਹਨਾਂ ਨੇ ਇਸ ਲਿਖਤ ਦੇ ਖਰੜੇ ਦੀ ਪਰਮਾਣਿਕਤਾ ਦੀ ਪਰੋੜ੍ਹਤਾ ਕਰ ਦਿੱਤੀ। ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ ਕਿ ਪ੍ਰੋਫੈਸਰ ਸਾਹਿਬ ਦੇ ਇਕਲੌਤੇ ਸਪੁਤਰ ਸਰਦਾਰ ਕੁਲਤਾਰ ਸਿੰਘ ਵੀ ਉਸੇ ਪਿੰਡ ਦੇ ਵਾਸੀ ਹਨ ਜਿਥੇ ਡਾਕਟਰ ਸਾਹਿਬ ਦਾ ਪਰਵਾਰ ਰਹਿ ਰਿਹਾ ਹੈ।

ਸ. ਗੁਰਬਖਸ ਸਿੰਘ ਜੀ ਨੇ ਬਾਬਾ ਜੀ ਦੀ ਮੂਲ ਲਿਖਤ ਦੀ ਫੋਟੋਸਟੇਟ ਨਕਲ ਦੇ ਨਾਲ ਉਹਨਾਂ ਦੇ ਸੁਰਗਵਾਸੀ ਪਿਤਾ ਜੀ ਦੇ ਕਰ ਕਮਲਾਂ ਨਾਲ ਲਿਖੀ ਹੋਈ ਕਾਪੀ ਜੋ ਮੂਲ ਲਿਖਤ ਦਾ ਸੁੰਦਰ ਲਿਖਾਈ ਵਿਚ ਉਤਾਰਾ ਸੀ, ਬਖ਼ਸ਼ਿਸ਼ ਕਰਦੇ ਹੋਏ ਦਾਸ ਨੂੰ ਇਸ ਮਹਾਨ ਕਾਰਜ ਦਾ ਭਾਗੀ ਬਨਾਇਆ।

ਸ਼ਾਇਦ ਇਹ ਜ਼ਿਕਰ ਕਰਣਾ ਕੁਥਾਏਂ ਨਹੀਂ ਹੋਵੇਗਾ ਕਿ ਗ਼ਦਰੀ ਬਾਬਿਆਂ ਬਾਰੇ ੧੯੬੬ ਤੋਂ ਥੋੜ੍ਹੀ ਬਹੁਤ ਖੋਜ ਪੜਤਾਲ ਸਦਕਾ ਹੀ ਬਾਬਾ ਹਜ਼ਾਰਾ ਸਿੰਘ ਜੀ (ਸੰਤ ਬਾਬਾ ਜੀ ਦੇ ਜੀਵਨ ਭਰ ਦੇ ਸੰਗੀ) ਦੇ ੮ ਜੁਲਾਈ, ੧੯੬੯ ਨੂੰ ਦਦੇਹਰ ਸਾਹਿਬ ਦਰਸ਼ਨ ਹੋਏ, ਜਿਨ੍ਹਾਂ ਪਹਿਲੀ ਵੇਰ ਇਸ ਲਿਖਤ ਦਾ ਜ਼ਿਕਰ ਕੀਤਾ। ਪਰ ਇਹ ਯਕੀਨ ਕਰਨਾ ਔਖਾ ਜਿਹਾ ਲਗਦਾ ਸੀ ਕਿ ਐਸੀ ਲਿਖਤ ਛਪੀ ਨਹੀਂ ਹੋਵੇਗੀ।

ਵੈਸੇ ਪਾਠਕ ਸਾਹਿਬਾਨ ਦੀ ਦਿਲਚਸਪੀ ਤੇ ਤਸੱਲੀ ਨੂੰ ਮੁੱਖ ਰਖਦਿਆ ਬਾਬਾ ਜੀ ਦੀ ਹਥਲਿਖਤ ਦਾ ਇੱਕ ਪੰਨਾ ਫੋਟੋ ਕਾਪੀ (ਪੰਨਾ xvi) ਦੁਆਰਾ ਇਸ ਪਰਕਾਸ਼ਨਾ ਵਿਚ ਦਿਤਾ ਜਾ ਰਿਹੈ।

ਸੰਪਾਦਕ ਵਜੋਂ ਆਪ ਸਾਰਿਆ ਦੀ ਸੇਵਾ ਵਿਚ ਉਪਰਲੀ ਬੇਨਤੀ ਕਰਣ ਪਿਛੋਂ ਇਹ ਕਹੇ ਬਿਨਾ ਵੀ ਨਹੀਂ ਰਹਿ ਸਕਦਾ ਕਿ ਜਦੋਂ ਵੀ ਬਾਬਾ ਜੀ ਦੀਆਂ ਉਹ ਸਤਰਾਂ (ਜੋ ਉਪਰ ਸ਼ੁਰੂ ਵਿਚ ਦਿਤੀਆਂ ਹਨ) ਪੜ੍ਹਦਾ ਤੇ ਚਿਤਵਦਾ ਹਾਂ -- ਕਿ ਵੇਖੋ ਕਿਹੜੀਆਂ ਭਾਵਨਾਵਾਂ ਤੇ ਸਧਰਾਂ ਨਾਲ ਬਾਬਾ ਜੀ ਨੇ ਇਹ ਰਚਨਾ ਸਿਰਜੀ ਸੀ -- ਤੇ ਇਹਦਾ "ਹਸ਼ਰ" ਕੀ ਹੋਇਆ ਹੈ ਤਾਂ ਅਖਾਂ ਸਜਲ ਹੋ ਜਾਂਦੀਆਂ ਹਨ।

ਲਗਭਗ ਇਸੇ ਤਰ੍ਹਾਂ ਹੀ ਜਦੋਂ ਬਾਬਾ ਜੀ ਦੇ "ਜ਼ਿੰਦਾ ਸ਼ਹੀਦ ਮਾਸਟਰ ਚਤਰ ਸਿੰਘ" (ਅੰਡੇਮਾਨ ਦੇ ਪ੍ਰਸੰਗ ਵਿਚ) ਬਾਰੇ ਲਿਖੇ ਅਣਮੋਲ ਬੱਚਨ ਗੌਲਦਾਂ ਹਾਂ ਕਿ "ਤੇਰਾ ਨਾਮ ਹੈ ਸਦਾ ਅਟੱਲ ਰਹਿਸੀ" (ਪੰਨਾ ੯੨) ਤਾਂ ਅਖਾਂ ਸਾਹਮਣੇ ਉਹ ਲੰਮੀ ਖੱਜਲ ਖੁਆਰੀ ਘੁੰਮ ਜਾਂਦੀ ਹੈ ਜਿਸ ਪਿਛੋਂ ਦਾਸ ਨੇ ਇਹਨਾਂ ਦਾ ਪਿੰਡ ਤੇ ਵਾਰਸ ਲੱਭੇ ਤਾਕਿ ਇਹਨਾਂ ਦੀ ਫੋਟੋ ਹਾਸਲ ਕੀਤੀ ਜਾ ਸਕੇ (ਇਹ ਫ਼ੋਟੋ ਇਸ ਲਿਖਤ ਵਿਚ ਛਾਪੀ ਜਾ ਰਹੀ ਹੈ)।

ਸੰਤ ਬਾਬਾ ਜੀ ਦੀ ਹੱਥਲੀ ਰਚਨਾ ਬਾਰੇ ਅਪਣੇ ਵਲੋਂ ਹੋਰ ਕੁਝ ਕਹਿਣਾ ਭਾਵੇ ਸੂਰਜ ਨੂੰ ਦੀਵਾ ਵਖਾਉਣ ਵਾਗ ਹੀ ਹੋਵੇਗਾ – ਪਰ ਅਜੇ ਤੀਕ ਦਾਸ ਦੀ ਸੀਮਤ ਜਾਣਕਾਰੀ ਅਨੁਸਾਰ ਕੋਈ ਵੀ ਆਤਮ ਕਥਾ ਕਵਿਤਾ ਦੇ ਰੂਪ ਵਿਚ ਨਹੀਂ ਵੇਖੀ ਜਾ ਸੁਣੀ। ਜਿਸ ਸਹਿਜ ਭਾਵ ਨਾਲ ਇਹਦੀਆ ਪੰਕਤੀਆ ਰੱਚੀਆ ਗਈਆਂ ਹਨ ਆਪਣੀ ਮਿਸਾਲ ਆਪ ਹੀ ਹਨ ਤੇ ਇਸੇ ਸਹਿਜ ਸੈਲੀ ਰਾਹੀਂ ਜੋਸੀਲੀਆ ਗੱਲਾ ਵੀ ਕੀਤੀਆਂ ਹਨ, ਤੇ ਵੰਗਾਰਾਂ ਵੀ ਹਨ। ਉਪਰੰਤ ਆਪਣੇ ਸੰਗੀ ਸਾਥੀਆ ਲਈ, ਬਿਨਾ ਕਿਸੇ ਵਿਤਕਰੇ ਦੇ ਜੋ ਆਦਰ ਮਾਨ ਪਰਗਟਾਇਆ ਹੈ, ਉਹ ਵੀ ਉਹਨਾ ਦੀ ਬ੍ਰਹਿਮੰਡੀ ਚੇਤਨਾ ਦੀ ਝਲਕ ਦੇਦਾ ਹੈ।

ਗ਼ਦਰੀ ਬਾਬੇ ਸਾਰੇ ਇਕ ਦੂਜੇ ਨੂੰ "ਭਾਈ" ਕਹਿਕੇ ਬੁਲਾਉਂਦੇ ਸਨ, ਤੇ ਜ਼ਿਕਰ ਕਰਦਿਆ ਵੀ ਇੰਜ ਹੀ ਕਰਦੇ ਸਨ... "ਭਾਈ ਸੋਹਨ ਸਿੰਘ ਭਕਨਾ" ਅਤੇ "ਭਾਈ ਕੇਸਰ ਸਿੰਘ ਠੱਠਗੜ"। ਦਾਸ ਨੂੰ ਬਾਬਾ ਸੋਹਨ ਸਿੰਘ ਜੀ ਦੀ ਜੂਨ ੧੯੬੬ ਤੋਂ ਦਸੰਬਰ ੧੯੬੮ ਤੀਕ ਸੰਗਤ ਦਾ ਸੁਭਾਗ ਮਿਲਿਆ ਹੈ, ਤੇ ਹੋਰ ਵੀ ੧੦-੧੫ ਗ਼ਦਰੀ ਬਾਬਿਆਂ ਦੇ ਦਰਸ਼ਨ ਕੀਤੇ ਹਨ। ਇਸ ਦੌਰਾਨ ਇਹ ਸਬਦ "ਭਾਈ" ਬਹੁਤ ਹੀ ਪਿਆਰਾ ਲਗਣ ਲਗ ਪਿਆ – ਕਿਓਕਿ ਜਿਸ ਰੀਝ ਤੇ ਅਪਣੱਤ ਨਾਲ ਇਹ ਬਾਬੇ ਇਸ ਸ਼ਬਦ ਦਾ ਉਚਾਰਣ ਕਰਦੇ ਸਨ, ਉਹ ਹੈ ਈ ਦਿਲ ਨੂੰ ਟੁੰਬਣ ਵਾਲੀ ਸੀ।

ਪਾਠਕ ਸਾਹਿਬਾਨ ਦੀ ਸਹੂਲਤ ਲਈ ਸੰਤ ਬਾਬਾ ਜੀ ਦੇ ਜੀਵਨ ਪੰਧ ਦੀਆ ਮੁੱਖ ਘਟਨਾਵਾ (ਖਾਸ ਕਰਕੇ ਅਪਰੈਲ ੧੯੨੦ 'ਚ ਅੰਡੇਮਾਨ ਤੋਂ ਰਿਹਾਈ ਪਿਛੋਂ) ਦਿੱਤੀਆ ਜਾ ਰਹੀਆ ਹਨ – ਇਹ ਵੇਰਵੇ ਡਾਕਟਰ (ਪ੍ਰੋਫੈਸਰ) ਬਿਕਰਮ ਸਿੰਘ ਜੀ ਘੁੰਮਣ ਦੁਆਰਾ ਰੱਚੀ ਬਾਬਾ ਜੀ ਦੀ ਜੀਵਨੀ ਵਿਚੋਂ ਲਏ ਗਏ ਹਨ, ਜਿਸ ਲਈ ਉਹਨਾ ਦਾ ਰਿਣੀ ਹਾ। ਪ੍ਰੋਫੈਸਰ ਘੁਮਣ ਜੀ ਨੇ ਬੜੀ ਹੀ ਲਗਣ ਤੇ ਮਿਹਨਤ ਨਾਲ ਇਹ ਖੋਜ ਭਰਪੂਰ ਜੀਵਨੀ ਲਿਖ ਕੇ ਵੱਡਾ ਪਰਉਪਕਾਰ ਕੀਤਾ ਹੈ।

ਬਾਬਾ ਜੀ ਦੀ ਲੇਖਣੀ ਨਾਲ ਸ ਦਲਜੀਤ ਸਿੰਘ ਦੀ ਅੰਗਰੇਜੀ ਰਚਨਾ *Sikh Theology and Mysticism* (Chapter 26) "A Sikh Mystic" ਜੋ ਸੰਤ ਬਾਬਾ ਜੀ ਬਾਰੇ ਹੈ, APPENDIX ਦੇ ਰੂਪ ਵਿਚ ਦਿੱਤਾ ਜਾ ਰਿਹੈ, ਜਿਸ ਲਈ ਦਾਸ ਉਹਨਾ ਦਾ ਦਿਲੋਂ ਧੰਨਵਾਦੀ ਹੈ।

ਇਸ ਨਾਚੀਜ ਨੂੰ ਭਾਵੇ ਸੰਤ ਬਾਬਾ ਜੀ ਦੇ ਸਿਰਫ਼ ਇੱਕ ਵਾਰੀ ੧੯੫੩ ਵਿਚ ਕਰਨਾਲ ਕਿਸੇ ਰਿਸਤੇਦਾਰ ਦੇ ਘਰ ਸਿਰਫ ਝਲਕ ਮਾਤਰ ਹੀ ਦਰਸਨ ਨਸੀਬ ਹੋਏ ਸਨ, ਪਰ ਇਸਦੇ

ਬਾਵਜੂਦ ਵੀ ਇਸ ਮਹਾਨ ਰਚਨਾ ਦੀ ਸੰਪਾਦਕੀ ਦਾ ਵੱਡਾ ਸਭਾਗ ਪ੍ਰਾਪਤ ਹੋਇਆ ਹੈ. ਇਹ ਕਿਵੇ ਹੋਇਆ ਹੈ, ਸਮਝ ਨਹੀਂ ਸਕਾਗਾ ।

ਇਸ ਪਵਿਤਰ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਜੇ ਸ੍ਰੀਮਾਨ ਡਾਕਟਰ ਖੜਕ ਸਿੰਘ ਜੀ ਦੀ ਹੌਸਲਾ ਅਫ਼ਜਾਈ ਤੇ ਬਹੁਮੁਲਾ ਸਹਿਯੋਗ ਪਰਾਪਤ ਨਾ ਹੁੰਦਾ ਤਾਂ ਸ਼ਾਇਦ ਅਜੇ ਹੋਰ ਢਿਲ ਹੋ ਜਾਦੀ ।

ਅਖੀਰ ਵਿਚ ਦਾਸ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਦੇਣਦਾਰ ਹੈ ਜਿਨ੍ਹਾ ਇਹਦੀ ਪਰਕਾਸ਼ਨਾ ਦਾ ਉਦਮ ਕੀਤਾ ਹੈ ।

ਸਾਧ ਸੰਗਤ ਦਾ ਦਾਸ

ਮਲਵਿੰਦਰ ਜੀਤ ਸਿੰਘ
(ਸਾਬਕਾ ਪ੍ਰੋਫੈਸਰ, ਗੁਰੂ ਨਾਨਕ ਇੰਜੀਨੀਰਿੰਗ ਕਾਲੇਜ
ਲੁਧਿਆਣਾ; ੧੯੬੦-੧੯੯੦)

ਹੁਨ ਦਾ ਪਤਾ
ਮਾਅਰਫਤ
ਪਾਲ ਕਲੀਨਿਕ
ਨਯਾ ਗਾਉਂ
ਚੰਡੀਗੜ੍ਹ ੧੬੦੦੦੧
੨੩-੧੦-੨੦੦੦

¤ ¤ ¤

## ਅ)

# ਸੰਤ ਬਾਬਾ ਜੀ ਦੀ ਸੰਸਾਰ ਯਾਤਰਾ

## (ਮੁੱਖ ਘਟਨਾਵਾਂ)

## (ਅਪ੍ਰੈਲ ੧੮੭੭ – ੫ ਦਸੰਬਰ ੧੯੫੭)

| | | |
|---|---|---|
| ੧) | ਫ਼ੌਜੀ ਨੌਕਰੀ | ੧੮੯੬-੧੯੦੩/੪ |
| ੨) | ਅਮਰੀਕਾ ਪਹੁੰਚੇ | (ਅੰਦਾਜਨ) ੧੯੦੯ |
| ੩) | ਗ਼ਦਰ ਪਾਰਟੀ ਦੀ ਸਥਾਪਨਾ | ਮਾਰਚ ੧੯੧੩ |
| ੪) | ਗ਼ਦਰ ਕਰਣ ਲਈ ਹਿੰਦੋਸਤਾਨ ਵਾਪਸੀ (ਕੋਲੰਬੋ ਬੰਦਰਗਾਹ ਤੇ ਉਤਰੇ ਸਨ) | ੭-੧-੧੯੧੫ |
| ੫) | ਗਰਿਫ਼ਤਾਰੀ | ਅਖੀਰ ਫ਼ਰਵਰੀ ੧੯੧੫ |
| ੬) | ਪਹਿਲਾ ਲਾਹੌਰ ਸਾਜਸ਼ ਕੇਸ (ਮੁਕੱਦਮਾ) | ੨੬-੪-੧੯੧੫ ਤੋਂ ੧੩-੯-੧੯੧੫ |
| ੭) | ਕਾਲੇ ਪਾਣੀ - ਅੰਡੇਮਾਨ ਪਹੁੰਚਣਾ | ੧੦-੧੨-੧੯੧੫ |
| ੮) | ਕਾਲੇ ਪਾਣੀ ਸਹੀਦ ਭਾਨ ਸਿੰਘ ਕਾਂਡ | ਫ਼ਰਵਰੀ ੧੯੧੭ ਤੋਂ (ਉਨ੍ਹਾਂ ਦੀ ਸ਼ਹੀਦੀ) ੯-੯-੧੯੧੭ |
| ੯) | ਕਾਲੇ ਪਾਣੀ ਸਰਕਾਰੀ ਕਮੇਟੀ ਦੀ ਆਮਦ | ਜਨਵਰੀ ੧੯੨੦ |
| ੧੦) | ਬਾਬਾ ਜੀ ਦੀ ਅੰਡੇਮਾਨ ਤੋਂ ਵਾਪਸੀ ਤੇ ਰਿਹਾਈ | ੧੪-੪-੧੯੨੦ |

੧੧) ਸੈਂਟਰਲ ਸਿੱਖ ਲੀਗ ਦਾ ਲਾਹੌਰ ਅਜਲਾਸ ਅਕਤੂਬਰ ੧੯੨੦
(ਪਰਧਾਨਗੀ , ਬਾਬਾ ਖੜਕ ਸਿੰਘ ਜੀ ਦੀ)
ਗਦਰੀ ਦੇਸ਼ ਭਗਤਾਂ ਤੇ ਸਹੀਦਾ ਦਾ ਸਨਮਾਨ ਕੀਤਾ ਗਿਆ

੧੨) **ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਦਾ ਗਠਣ (ਅਕਤੂਬਰ ੧੯੨੦)** : ਬਾਬਾ ਜੀ ਨੇ ਆਪਣੇ ਸਿੱਖ ਲੀਗ ਦੇ ਸੰਬੋਧਣ ਵਿਚ ਦੇਸ਼ਵਾਸੀਆ ਅਗੇ ਦੇਸ਼ ਭਗਤਾ ਦੇ ਪਰਵਾਰਾ ਦੇ ਦੁਖੜਿਆਂ ਦੀ ਹਿਰਦੇਵੇਧਕ ਦਸਾ ਬਿਆਨ ਕੀਤੀ। (ਵੇਖੋ ਬਾਬਾ ਜੀ ਦੀ ਕਵਿਤਾ, *ਦੇਸ਼ ਭਗਤਾਂ ਦੇ ਦੁਖੀ ਪਰਵਾਰ*, ਪੰਨੇ ੧੦੩-੦੪)। ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਦੇ **ਉਦੇਸ਼** :

ੳ) ਪਰਵਾਰਾ ਦੀ ਆਰਥਕ ਸਹਾਇਤਾ, ਬੱਚਿਆਂ ਦੀ ਪੜ੍ਹਾਈ ਤੇ ਸੰਭਾਲ।

ਅ) ਦੂਰ ਦੁਰੇਡੀਆਂ ਜੇਲ੍ਹੀਂ ਡੱਕੇ ਦੇਸ ਭਗਤਾ ਨਾਲ ਮੇਲ-ਮਿਲਾਪ ਤੇ ਉਹਨਾਂ ਦੇ ਪਰਵਾਰਾਂ ਦੀਆਂ ਜੇਲ੍ਹ ਮੁਲਾਕਾਤਾਂ।

ੲ) ਅਖਬਾਰਾਂ, ਜਲਸਿਆ ਰਾਹੀਂ ਉਹਨਾਂ ਦੀ ਤੁਰੰਤ ਰਿਹਾਈ ਲਈ ਲੋਕ ਰਾਏ ਪੈਦਾ ਕਰਨੀ।

**ਦੇਸ਼ ਭਗਤਾਂ ਤੇ ਚਲ ਰਹੇ ਮੁਕਦਮਿਆਂ ਦੀ ਪੈਰਵੀ** :

ਸੰਤ ਬਾਬਾ ਜੀ ਅਖੀਰਲੇ ਦਮ ਤੀਕ ਪਿੰਡਾਂ 'ਚੋ, ਤੇ ਹਿੰਦੋਸਤਾਨ ਭਰ 'ਚੋ ਉਗਰਾਹੀ ਕਰਕੇ ਪੈਦਲ ਜਾਕੇ ਦੇਸ ਭਗਤ ਪਰਵਾਰਾਂ ਨੂੰ ਬਾਕਾਇਦਾ ਆਰਥਕ ਸਹਾਇਤਾ ਪੁਚਾਉਂਦੇ ਰਹੇ।

੧੩) **ਗੁਰੂ ਕੇ ਬਾਗ਼ ਦਾ ਮੋਰਚਾ (੧੯੨੨)** : ਸੰਤ ਬਾਬਾ ਜੀ ਆਪਣੇ ਛੋਟੇ ਵੀਰ ਸਰਦਾਰ ਮੱਘਰ ਸਿੰਘ ਨਾਲ ਜਥਾ ਲੈਕੇ ਅਮ੍ਰਿਤਸਰ ਪਹੁੰਚੇ ਤੇ ਮੋਰਚੇ ਤੇ ਜਾਣ ਲਈ ਆਗਿਆ ਮੰਗੀ ਤਾ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਜੋ ਮੋਰਚੇ ਦੇ ਜਥੇਦਾਰ ਸਨ, ਨੇ ਬਾਬਾ ਜੀ ਨੂੰ ਅਮ੍ਰਿਤਸਰ ਦਫ਼ਤਰ ਵਿਚ ਹੀ ਰੱਖ ਲਿਆ ਗਿਆ ਤੇ ਸਰਦਾਰ ਮੱਘਰ ਸਿੰਘ ਨੂੰ ਪਿੰਡਾਂ ਵਿਚ ਪਰਚਾਰ ਲਈ ਭੇਜ ਦਿੱਤਾ। ਬਾਬਾ ਜੀ ਨੂੰ ਉਹਨਾ ਦੀਆ ਕਾਲੇ ਪਾਣੀ ਵੇਲੇ ਘਾਲੀਆ ਘਾਲਣਾਵਾ ਤੇ ਕਮਜੋਰ ਸਿਹਤ ਕਰਕੇ ਜਾਣੋਂ ਰੋਕ ਦਿੱਤਾ ਗਿਆ ਸੀ।

੧੪) **ਪਿੰਡ ਵਿਚ ਨਜ਼ਰਬੰਦੀ (੧੯੨੩)** : ਬਾਬਾ ਜੀ ਦੀਆਂ ਦੇਸ਼ ਭਗਤਾ ਬਾਰੇ (ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ) ਕਾਰਵਾਈਆ ਦੇ ਆਧਾਰ ਤੇ ਪਿੰਡ ਵਿਚ ਜੂਹ-ਬੰਦ ਕਰ ਦਿਤਾ।

੧੫) ਤਰਨ ਤਾਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਲਈ ਪੰਜਾ ਪਿਆਰਿਆਂ ਨੇ ਟੱਕ ਲਾਉਣਾ (ਜਨਵਰੀ ੧੯੩੧) ਤੇ ਅਕਤੂਬਰ ੧੯੩੨ ਵਿਚ ਗੁਰਦਵਾਰਾ ਪੰਜਾ ਸਾਹਿਬ ਜੀ ਦਾ ਗੁਰਦਵਾਰੇ ਦੀ ਨੀਂਵ ਰਖਣਾ – ਬਾਬਾ ਜੀ ਦੀ ਇਹਨਾਂ ਪੰਜਾਂ ਪਿਆਰਿਆਂ ਵਿਚ ਸ਼ਮੂਲੀਅਤ।

੧੬) **ਕ੍ਰਿਤੀ ਕਿਸਾਨ ਲਹਿਰ ਦੀਆਂ ਸਰਗਰਮੀਆਂ ਤੇ ਨਜ਼ਰਬੰਦੀ (੧੯੩੨-੩੩)** : ੧੯੨੮ ਵਿਚ ਜਦ ਕਿਸਾਨਾਂ ਨੇ ਲਾਹੌਰ ਵਡਾ ਮੁਜਾਹਰਾ ਕਰਣ ਦੀ ਤਿਆਰੀ ਕੀਤੀ ਤਾਂ ਬਾਬਾ ਜੀ ਲਾਹੌਰ ਅੰਤਰੰਗ ਕਮੇਟੀ ਅੱਗੇ ਹਾਜ਼ਰ ਹੋਏ, ਪਰ ਕਮੇਟੀ ਨੇ ਬਾਬਾ ਜੀ ਨੂੰ ਸ਼ਾਮਲ ਹੋਣ ਦੀ ਆਗਿਆ ਨਾ ਦਿੱਤੀ।

ਕ੍ਰਿਤੀ ਕਿਸਾਨ ਲਹਿਰ ਵਿਚ ਬਾਬਾ ਜੀ ਦੀਆ ਸਰਗਰਮੀਆ ਨੂੰ ਠੱਲ੍ਹ ਪਾਉਣ ਲਈ ਇਹਨਾਂ ਨੂੰ ਦੋ ਸਾਲ ਲਈ ਪਿੰਡ 'ਚ ਨਜਰਬੰਦ ਕਰ ਦਿੱਤਾ ਗਿਆ।

੧੭) **ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ (੨੧ ਅਕਤੂਬਰ ੧੯੩੪ ਤੋਂ ੨੪ ਦਸੰਬਰ ੧੯੩੪ ਤੀਕ)** : ਬਾਬਾ ਜੀ ਦੇ ਜਥੇਦਾਰੀ ਤਿਆਗਣ ਦਾ ਕਾਰਨ ਸੀ ਕਿ ਪ੍ਰਬੰਧਕਾ ਨੇ ਉਹਨਾ ਦੇ ਪੁਛੇ ਬਿਨਾ ਇੱਕ ਸਰਕਾਰੀ ਅਫਸਰ ਮੁਜ਼ਫ਼ਰ ਖਾਂ ਨੂੰ ਸਿਰੋਪਾ ਦਿੱਤਾ ਤੇ "ਅਯੋਗ ਸਬਦ ਕਹੇ" – ਜੋ ਬਾਬਾ ਜੀ ਦੀਆਂ ਨਜਰਾਂ ਵਿਚ ਇਸ ਪਵਿਤਰ ਅਸਥਾਨ ਦੀਆ ਰਵਾਇਤਾ ਦੇ ਉਲਟ ਸਨ।

੧੮) ਸਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆ ਚੋਣਾਂ ਮੌਕੇ ਬਾਬਾ ਜੀ ਨੂੰ ਸਾਲਸੀ ਦੀ ਪੇਸਕਸ (੧੯੩੬) ਤੇ ਬਾਬਾ ਜੀ ਦਾ ਬਾਬਾ ਸੋਹਣ ਸਿੰਘ ਭਕਨਾ ਨੂੰ ਸਾਲਸੀ ਸੌਂਪਣਾ।

੧੯) **ਦੇਸ਼ ਭਗਤ ਬੋਰਡ (ਬਾਬਾ ਬੋਰਡ) ਤੇ ੧੯੩੭ ਦੀਆਂ ਪੰਜਾਬ ਅਸੈਂਬਲੀ ਚੋਣਾਂ** : ਗ਼ਦਰੀ ਬਾਬਿਆਂ ਦੇ ੯ ਉਮੀਦਵਾਰਾ ਵਿਚੋਂ ੮ ਬੜੀ ਸਾਨ ਨਾਲ ਜਿੱਤੇ ਪਰ ਬਾਬਾ ਜੀ ਸਾਰਿਆਂ ਦੇ ਕਹਿਣ ਤੇ ਵੀ ਆਪ ਚੋਣ ਲੜਨਾ ਨਹੀਂ

ਮੰਨੇ।

੨੦) **ਦੇਸ਼ ਭਗਤ ਯਾਦਗਾਰ ਹਾਲ ਜਲੰਧਰ (੧੯੩੮- ਤੇ ੧੯੫੫)** : ਇਹ ਵੀ ਦੇਸ ਭਗਤ ਪਰਵਾਰ ਸਹਾਇਕ ਕਮੇਟੀ ਦਾ ਹੀ ਉਦਮ ਸੀ। ਇਸੇ ਕਮੇਟੀ ਨੇ ੨-੬-੧੯੩੮ ਦੀ ਮੀਟਿੰਗ ਵਿਚ ਇਨਕਲਾਬੀ ਸਹੀਦਾਂ ਦੀ ਇਕ ਸ਼ਾਨਦਾਰ ਯਾਦਗਾਰ ਕਾਇਮ ਕਰਨ ਦਾ ਫ਼ੈਸਲਾ ਕੀਤਾ। ਅਖੀਰ ੧੯੫੫ ਵਿਚ ਜਾਲੰਧਰ ਵਿਖੇ ਇਸ ਮੰਤਵ ਲਈ ਕੋਠੀ ਖਰੀਦ ਕੇ ਉਥੇ ਯਾਦਗਾਰ ਸਥਾਪਤ ਕੀਤੀ ਗਈ।

੨੧) **ਅੰਮ੍ਰਿਤਸਰ ਕਿਸਾਨ ਮੁਜ਼ਾਹਰਾ (੧੯੩੮)** : ਬਾਬਾ ਜੀ ਫਿਰ ਜਥਾ ਲੈਕੇ ਪਹੰਚੇ ਪਰ ਸਮੂਲੀਅਤ ਦੀ ਆਗਿਆ ਨਹੀਂ ਦਿਤੀ ਗਈ ਤੇ ਇਹਨਾਂ ਨੂੰ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਦੇ ਕੰਮਾ ਵਿਚ ਜੁਟੇ ਰਹਿਣ ਲਈ ਕਿਹਾ ਗਿਆ।

੨੨) **ਦੂਜੀ ਵੱਡੀ ਜੰਗ ਛਿੜਣ ਤੇ ਗਰਿਫ਼ਤਾਰੀ (੨੬-੬-੧੯੪੦) ਤੇ ਦਿਉਲੀ ਕੈਂਪ (ਜ਼ਿਲਾ ਕੋਟਾ, ਰਾਜਸਥਾਨ) ਵਿਖੇ ਨਜ਼ਰ ਬੰਦੀ** : ਇਥੇ ਮੁਲਕ ਭਰ ਦੇ ਕੋਈ ੮੦੦ ਸੋਸ਼ਲਿਸਟ ਤੇ ਕਮਿਊਨਿਸਟ ਬੰਦੀ ਸਨ। ਉਥੇ ਲੰਮੇ ਬਹਿਸ-ਮੁਬਾਹਸੇ ਹੁੰਦੇ ਸਨ। ਬਾਬਾ ਜੀ ਏਕਤਾ ਦੇ ਮੁਦਈ ਹੁੰਦਿਆਂ ਘੱਟ ਹੀ ਹਿਸਾ ਲੈਂਦੇ ਪਰ ਜਦ ਏਕਤਾ ਹੋਈ ਤਾਂ ਬਾਬਾ ਜੀ ਨੂੰ "ਏਕਤਾ ਸੰਮੇਲਣ" ਦਾ ਪਰਧਾਨ ਥਾਪਿਆ ਗਿਆ – ਉਹਨਾ ਸਾਰਿਆ ਨੂੰ ਅਸ਼ੀਰਵਾਦ ਦਿਤੀ।

੨੩) **ਦਿਉਲੀ ਕੈਂਪ ਵਿਖੇ ਬਾਬਾ ਜੀ ਦੀ "ਗੁਪਤ" ਭੁਖ ਹੜਤਾਲ** : ਸਿਆਸੀ ਕੇਦੀਆਂ ਨੇ ਭੁਖ ਹੜਤਾਲ ਦਾ ਫ਼ੈਸਲਾ ਕੀਤਾ, ਪਰ ਇਸ ਸ਼ਰਤ ਤੇ ਕਿ ਬਾਬਾ ਜੀ ਇਸ ਵਿਚ ਸਾਮਲ ਨਹੀਂ ਹੋਣਗੇ। ਬਾਬਾ ਜੀ ਮੰਨ ਤਾ ਗਏ ਪਰ ਲੰਗਰ ਵਿਚ ਜਾਕੇ ਬਿਨਾ ਕੁਝ ਖਾਧੇ ਵਾਪਸ ਆ ਜ਼ਾਦੇ। ਅਖੀਰ ਇੱਕ ਦਿਨ ਬੇਹੋਸ ਹੋਕੇ ਡਿਗ ਪਏ, ਤਾਂ ਭੇਤ ਖੁਲ੍ਹਿਆ। ੧੮ ਦਿਨ ਇਹ ਭੁਖ ਹੜਤਾਲ ਚਲੀ ਸੀ।

੨੪) **ਗੁਜਰਾਤ (ਪੰਜਾਬ) ਜੇਲ੍ਹ 'ਚੋ ਰਿਹਾਈ (ਨਵੰਬਰ ੧੯੪੧)** : ਇਹਨਾਂ ਨੂੰ ਮਾੜੀ ਸਿਹਤ ਦੀ ਬਿਨਾ ਤੇ ਰਿਹਾ ਕਰਦੇ ਵਕਤ ਡੀ ਸੀ. ਨੇ ਕਿਹਾ ਕਿ ਸਰਕਾਰ ਨੇ ਤਹਾਡੇ ਤੇ ਦਇਆ ਕੀਤੀ ਹੈ।

"ਇਹ ਚੰਗੀ ਦਇਆ ਹੈ ਜੋ ਸ਼ਹੀਦੀ ਦੀ ਉਚੀ ਪਦਵੀ ਦੇ ਨੇੜੇ ਪਹੁੰਚੇ ਨੂੰ ਪਿਛਾਹ ਖਿਚ ਲਿਆ ਹੈ।" ਸੰਤ ਬਾਬਾ ਜੀ ਦਾ ਜਵਾਬ ਸੀ।

੨੫) **ਕਮਿਊਨਿਸਟਾਂ ਨਾਲ ਅਸਹਿਮਤੀ ਤੇ ਗਰਿਫ਼ਤਾਰੀ (ਫਰਵਰੀ ੧੯੪੨ ਤੋਂ ੧੪ ਜੁਲਾਈ ੧੯੪੨ ਤੀਕ)** : ਜਰਮਨੀ ਦੇ ਰੂਸ ਤੇ ਕੀਤੇ ਹਮਲੇ ਕਾਰਨ ਕਮਿਊਨਿਸਟ ਬਰਤਾਨੀਆ ਪਖੀ ਹੋ ਗਏ ਕਿ ਜਰਮਨੀ ਹੁਣ ਸਾਡਾ ਸਾਝਾ ਵੈਰੀ ਹੈ। ਪਰ ਬਾਬਾ ਜੀ ਨੇ ਅੰਗਰੇਜਾਂ ਦੇ ਹੱਕ ਵਿਚ ਬੋਲਣਾ ਪਰਵਾਨ ਨਹੀਂ ਕੀਤਾ ਤੇ ਪਰਚਾਰ ਕਰਦੇ ਗਰਿਫ਼ਤਾਰ ਹੋਏ।

ਅਖੀਰ ੧੪ ਜੁਲਾਈ ੧੯੪੨ ਨੂੰ ਖਰਾਬ ਸਿਹਤ ਦੀ ਬਿਨਾ ਤੇ ਸਰਕਾਰ ਨੂੰ ਛਡਣਾ ਪਿਆ। ਬਾਬਾ ਜੀ ਨੂੰ ਫੇਫੜੇ ਕਮਜੋਰ ਹੋਣ ਕਰਕੇ ਤਪਦਿਕ ਹੋ ਰਹੀ ਸੀ।

੨੬) **੧੯੪੭ ਦੇ ਰੌਲੇ (ਪੰਜਾਬ ਦੀ ਕੱਟ ਵੱਢ)** : ਬਾਬਾ ਜੀ ਨੇ ਤਨੋ ਮਨੋ ਅਮਨ ਕਾਇਮ ਰੱਖਣ ਦਾ ਪੂਰਾ ਜਤਨ ਕੀਤਾ। ਬਾਬਾ ਜੀ ਉਨੀ ਦਿਨੀਂ ਡਗਸ਼ਈ (Dagshai) ਆਰਾਮ ਕਰ ਰਹੇ ਸਨ, ਪਰ ਸਾਰਿਆ ਦੇ ਰੋਕਣ ਦੇ ਬਾਵਜੂਦ ਵਾਪਸ ਪਿੰਡ ਆਕੇ ਆਪਣੇ ਮਿਸ਼ਨ ਵਿਚ ਜੁਟ ਗਏ।

੨੭) **ਸ਼ਰਨਾਰਥੀ ਸਮੱਸਿਆ (੧੯੪੮)** ਇਸ ਸਮੱਸਿਆ ਦੇ ਲਈ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲਕੇ ਮਸਲੇ ਦਾ ਸਾਰਥਕ ਹੱਲ ਕਰਣ ਲਈ ਕਹਿਣਾ।

੨੮) **ਨਜ਼ਰਬੰਦੀ ਵਿਰੁਧ ਸ਼ਿਕਾਇਤ (੧੯੪੮)** : ਗਦਰੀ ਬਾਬੇ, ਸੋਹਨ ਸਿੰਘ ਭਕਨਾ, ਕਾਮਰੇਡ ਸੋਹਨ ਸਿੰਘ ਜੋਸ ਤੇ ਹੋਰ ਪੁਰਾਣੇ ਸਾਥੀਆਂ ਦੀ ਗਰਿਫ਼ ਤਾਰੀ ਤੇ ਯੋਲ (Yol) ਕੈਂਪ ਵਿਖੇ ਨਜ਼ਰਬੰਦੀ ਵਿਰੁਧ ਪੰਡਤ ਜਵਾਹਰ ਲਾਲ ਨੂੰ ਸਿਕਾਇਤ ਕਰਕੇ ਰਿਹਾਈ ਕਰਾਈ।

ਬਾਬਾ ਜੀ ਅਖੀਰਲੇ ਦਮ ਤੱਕ ਧਾਰਮਕ, ਸਮਾਜਕ ਤੇ ਇਨਕਲਾਬੀ ਤਹਿਰੀਕਾਂ ਨਾਲ ਜੁੜੇ ਰਹੇ। ਕਦੇ ਹਥ ਤੇ ਹਥ ਧਰ ਕੇ ਨਹੀਂ ਬੈਠੇ। ੧੯੫੪ ਤੋਂ ਸਿਹਤ ਬਹੁਤ ਢਿਲੀ ਰਹਿਣ ਲੱਗ ਪਈ। ਅਖੀਰ ਵਾਹਿਗੁਰੂ ਦੇ ਭਾਣੇ ਅਨੁਸਾਰ ੫ ਦਸੰਬਰ, ੧੯੫੭ ਨੂੰ ਤਰਨ ਤਾਰਨ ਵਿਖੇ ਅਮ੍ਰਿਤ ਵੇਲੇ ਆਪ ਜੀ ਦੇ ਸਵਾਸ ਪੂਰੇ ਹੋ ਗਏ।

¤ ¤ ¤

## ਬਾਬਾ ਵਸਾਖਾ ਸਿੰਘ (ਦਦੇਹਰ ਸਾਹਿਬ - ਅੰਮ੍ਰਿਤਸਰ)



(ਅਪ੍ਰੈਲ ੧੮੭੭ - ੫ ਦਸੰਬਰ ੧੯੫੭)

# ਬਾਬਾ ਜੀ ਦੀ ਹਥਲਿਖਤ ਦਾ ਨਮੂਨਾ



(ਹਵਾਲਾ ਪੰਨਾ vii)

## 1.

## ਅਕਾਲ ਪੁਰਖ ਦੀ ਉਸ਼ਤਤ

### ਦੋਹਰਾ

**ਏਕੰਕਾਰ ਅਕਾਲ ਕੋ ਕਰਾਂ ਬੰਦਨਾਂ ਜੋੜ ॥**
**ਦਇਆ ਕਰਣ ਤੇ ਭਵ ਹਰਣ ਦੇਣ ਫੰਦਨਾ ਤੋੜ ॥**

### ਬੈਂਤ

ਨੰਮੋ ਹੋਵੇ ਜੀ ਰੂਪ ਅਖੰਡ ਤਾਈਂ, ਨਜ਼ਰ ਏਕ ਤੇ ਰੂਪ ਬਹੁ ਆਂਵਦਾ ਜੋ।
ਲੱਖ ਜੂਨ ਚੁਰਾਸੀ ਓਪਾਇ ਕਰਕੇ, ਰਿਜ਼ਕ ਸਭਦੇ ਤਾਈਂ ਪੁਚਾਂਵਦਾ ਜੋ।
ਕੁਦਰਤ ਓਸਦੀ ਵੇਖ ਬਲਿਹਾਰ ਜਾਵਾ, ਏਕ ਬੂੰਦ ਤੋਂ ਬੁਤ ਬਣਾਂਵਦਾ ਜੋ।
ਨੌ ਖੰਡ ਬ੍ਰਹਮੰਡ ਨੂੰ ਸਾਜ ਕਰਕੇ, ਜਦੋਂ ਚੌਹੰਦਾ ਹੈ ਲੈਅ ਕਰਾਂਵਦਾ ਜੋ।
ਵਿਚ ਨਦੀਆਂ ਟਿਬੇ ਦਖਾਲ ਦੇਵੇ, ਕਿਤੇ ਥਲਾ ਮੇਂ ਵੈਹਣ ਵਗਾਵਦਾ ਜੋ।
ਘਾਸਹਾਰੀਆ ਦੇਵੇ ਜੋ ਪਾਤਸਾਹੀ, ਪਾਤਸਾਹ ਤੋਂ ਘਾਸ ਖਤਾਵਦਾ ਜੋ।
ਤਰਵਰ ਹੋ ਕਰ ਕਿਤੇ ਹੈ ਦਿਸ ਰਿਹਾ, ਕਿਤੇ ਆਪ ਹੀ ਤੋੜ ਕਰ ਖਾਵਦਾ ਜੋ।
ਕਿਤੇ ਬੰਦਗੀ ਰੂਪ ਪਰੇਮ ਦਿਸੇ, ਆਪੇ ਵੈਰ ਹੰਕਾਰ ਰਚਾਂਵਦਾ ਜੋ।

ਮਾਸ ਹਾਰੀਆ ਘਾਸ ਖਵਾ ਦੇਵੇ, ਘਾਸ ਹਾਰੀਆਂ ਮਾਸ ਖਵਾਂਵਦਾ ਜੋ ।

ਵਣ ਤ੍ਰਿਣ ਦੇ ਵਿਚ ਜੋ ਰੰਮ ਰਹਿਆ, ਤਰ੍ਹਾਂ-ਤਰ੍ਹਾਂ ਦੇ ਰੰਗ ਵਖਾਂਵਦਾ ਜੋ ।

ਹਸਤੀ ਚੀਟੀ ਦੇ ਵਿਚ ਸਮਾਨ ਹੋ ਕਰ, ਹਰ ਜੀਵ ਮੇਂ ਜੋਤ ਜਗਾਂਵਦਾ ਜੋ ।

ਏਕ ਰੂਪ ਥੀਂ ਹੋ ਅਨੇਕ ਰਿਹਾ, ਕਈ ਤਰ੍ਹਾਂ ਦੀ ਖੇਲ੍ਹ ਖਿਲਾਂਵਦਾ ਜੋ ।

ਧਰਤੀ ਜਲ ਹੈ ਏਥੇ ਸੁਹਾ ਸੋਹਣੇ, ਬਿਨ ਥੰਮਾਂ ਦੇ ਗਗਨ ਠਹਿਰਾਵਦਾ ਜੋ ।

ਚੰਦ ਸੂਰਜ ਹੈ ਰਚ ਬਣਾਇ ਦ੍ਵਾਵਾ, ਪੈਹਰਾ ਦੁਹਾਂ ਦਾ ਅਛਾ ਲਗਾਂਵਦਾ ਜੋ ।

ਸੁਬ੍ਹਾ ਸੂਰਜ ਹੈ ਰਾਤ ਨੂੰ ਦੂਰ ਕਰਦਾ, ਰਾਤੀਂ ਤਾਰਿਆਂ ਚੰਦ ਸੁਹਾਂਵਦਾ ਜੋ ।

ਮੇਘ ਰੂਪ ਹੋ ਕਦੇ ਹੈ ਵਰਸਦਾ ਜੋ, ਧੁਪ ਹੋ ਕਰ ਕਦੇ ਸੁਕਾਵਦਾ ਜੋ ।

ਪਰਬਤ ਰਚ ਬਣਾ ਓਸਾਰ ਸੋਹਣੇ, ਵਿਚ ਫੁਰਨੇ ਦੇ ਕਿਤੇ ਖਪਾਂਵਦਾ ਜੋ ।

ਪੈਦਾ ਬਾਲ ਹੋ ਕਿਤੇ ਹੈ ਆਂਵਦਾ ਜੋ, ਤੁਰੇ ਫਿਰਦੇ ਨੂੰ ਮਾਰ ਮੁਕਾਂਵਦਾ ਜੋ ।

ਆਦਿ ਅੰਤ ਹੈ ਜਿਸਦਾ ਮੂਲ ਨਾਹੀਂ, ਵਿਚ ਹੁਕਮ ਦੇ ਨੱਥ ਚਲਾਂਵਦਾ ਜੋ ।

ਸਦਾ ਪਾਤਸ਼ਾਹੀ ਘਰ ਹੈ ਓਸਦੇ, ਪਾਤਸ਼ਾਹ ਨੂੰ ਖ਼ਾਕ ਮਿਲਾਵਦਾ ਜੋ ।

ਮੇਹਰ ਕਰੇ ਜੇ ਆਣ ਦੀਦਾਰ ਦੇਵੇ, ਰਿਹਾ ਭਗਤਾਂ ਨੂੰ ਦਰਸ ਦਿਖਾਂਵਦਾ ਜੋ ।

ਵੇਖ ਹੱਸਦਿਆਂ ਆਪ ਰੁਆਂਵਦਾ ਜੋ, ਵੇਖ ਰੋਂਦਿਆਂ ਆਪ ਹਸਾਂਵਦਾ ਜੋ ।

ਕਿਤੇ ਵਸਦੇ ਵੇਖ ਉਜਾੜ ਦੇਵੇ, ਕਿਤੇ ਉਜੜੇ ਆਪ ਵਸਾਂਵਦਾ ਜੋ ।

ਕਿਤੇ ਨੀਰ ਮੇ ਮੱਛੀ ਹੋ ਫਿਰ ਰਿਹਾ, ਕਿਤੇ ਆਪ ਹੀ ਜਾਲ ਵਛਾਵਦਾ ਜੋ ।

ਅਜ ਹੋਰ ਤੇ ਕਲ ਜੋ ਹੋਰ ਹੋਵੇ, ਪਰਸੋਂ ਹੋਰ ਹੀ ਰੰਗ ਦਿਖਾਂਵਦਾ ਜੋ ।

ਦਇਆਧਾਰ ਗ਼ਰੀਬ ਨੂੰ ਦਰਸ ਦੇਵੇ, ਰਿਹਾ ਭਗਤਾਂ ਨੂੰ ਪਾਰ ਲੰਘਾਂਵਦਾ ਜੋ ।

ਦੇ ਰਿਹਾ ਜੋ ਦੇਂਵਦਾ ਹਾਰਦਾ ਨਾ, ਔਗੁਣ ਕੱਟ ਪਵਿਤਰ ਕਰਾਂਵਦਾ ਜੋ ।

ਪੜਦਾ ਆਣ ਦਰੋਪਤੀ ਰਖਦਾ ਜੋ ਸਦਨੇ ਭਗਤ ਦਾ ਕਸਟ ਗਵਾਂਵਦਾ ਜੋ ।

ਬਾਲਮੀਕ ਨੂੰ ਆਣ ਕੇ ਤਾਰਦਾ ਜੋ, ਧਰੂਹ ਭਗਤ ਨੂੰ ਛਾਤੀ ਸੇ ਲਾਂਵਦਾ ਜੋ।
ਨਾਮਦੇਵ ਦੀ ਛੇਤੀ ਪੁਕਾਰ ਸੁਣ ਕੇ, ਝੱਟ ਗਊ ਫਿਰ ਆਣ ਜਿਵਾਵਦਾ ਜੋ।
ਔਗੁਣਹਾਰੇ ਦੀ ਬੇਨਤੀ ਸੁਣੇ ਜੇਕਰ, ਦਇਆ ਧਾਰਦਾ ਪਲ ਨਾ ਲਾਂਵਦਾ ਜੋ।
ਮੇਰੀ ਲਖ ਡੰਡੌਤ ਹੈ ਉਸ ਤਾਈਂ, ਪੈਜ ਭਗਤਾ ਦੀ ਆਣ ਰਖਾਵਦਾ ਜੋ।
ਦੇਵੀ ਸਿੰਘ ਵਸਾਖ ਨੂੰ ਦਰਸ ਛੇਤੀ, ਸਰਨ ਆਪਦੀ ਤੱਕ ਮੈ ਆਵਦਾ ਜੋ।

## ਤਥਾ

ਅਕਾਲ ਪੁਰਖ ਜੀ ਬੇਨਤੀ ਸੁਣੋ ਮੇਰੀ, ਮੇਰੀ ਆਸ ਨੂੰ ਤੋੜ ਨਿਭਾ ਤੂੰਹੀ।
ਤਕ ਆਸਰਾ ਸਰਨ ਮੈ ਆਇਆ ਤੇਰੀ, ਦਇਆ ਧਾਰਕੇ ਦਰਸ ਦਿਖਾ ਤੂੰਹੀ।
ਜਿਵੇਂ ਆਣ ਪਰਲਾਦ ਦੀ ਪੈਜ ਰਖੀ, ਕਿਰਪਾ ਕਰ ਹੁਣ ਗਰੰਥ ਲਿਖਾ ਤੂੰਹੀ।
ਬਿਨਾ ਆਪਦੇ ਆਸਰਾ ਕੋਈ ਨਾਹੀਂ, ਸ਼ਰਨ ਆਏ ਦੀ ਪੈਜ ਰਖਾ ਤੂੰਹੀ।
ਦੇ ਆਣ ਦੀਦਾਰ ਤੂੰ ਤਰਸਦੇ ਨੂੰ, ਬਲ ਬਖਸ ਕਰ ਦਿਲ ਧਰਾ ਤੂੰਹੀ।
ਤੂੰ ਨਿਮਾਣਿਆ ਮਾਣ ਦਿਵਾਉਨ ਵਾਲਾ, ਬਖ਼ਸ਼ ਲੈ ਤੇ ਪਾਰ ਲੰਘਾ ਤੂੰਹੀ।
ਤੂੰ ਨਚੀਜਿਆ ਚੀਜ ਹੈ ਕਰਨ ਵਾਲਾ, ਦਇਆ ਧਾਰ ਕਰ ਲੈ ਬਚਾ ਤੂੰਹੀ।
ਦੁਨੀਆਂ ਅੰਦਰ ਨਾ ਦੀਨ ਹੈ ਮੈਂ ਜਿਹਾ, ਦਿਆਲ ਆਪ ਹੋ ਰਹਿਉਂ ਸੁਹਾ ਤੂੰਹੀ।
ਦਇਆ ਕਰੋ ਗਰੰਥ ਏਹ ਹੋਵੇ ਪੂਰਾ, ਮੈਨੂੰ ਰਿਹਾ ਤੂੰ ਆਪ ਬਤਾ ਤੂੰਹੀ।
ਬਾਝ ਹੁਕਮ ਦੇ ਪੱਤਾ ਨਾ ਝੂਲਦਾ ਹੈ, ਅੰਦਰ ਹੁਕਮ ਦੇ ਰਿਹਾ ਚਲਾ ਤੂੰਹੀ।

ਬਲ ਬਖਸ਼ ਤੂੰ ਸਿੰਘ ਵਸਾਖ ਤਾਈ, ਗਰੰਥ ਪੂਰਾ ਹੁਣ ਆਪ ਕਰਾ ਤੂੰਹੀ ।

¤

## ਦੋਹਰਾ

ਸਤਿਗੁਰ ਸਚੇ ਪਾਤਸ਼ਾਹ ਦੀਨਾਂ ਨਾਥ ਦਿਆਲ,
ਆਸਾ ਪੂਰੋ ਦਾਸ ਕੀ ਭਗਤ ਵਛਲ ਕ੍ਰਿਪਾਲ ।

¤

## ਬੈਂਤ

ਜ਼ੁਲਮ ਵਰਤਿਆ ਆਣ ਜਦ ਹਿੰਦ ਅੰਦਰ, ਪ੍ਰਿਥਵੀ ਰੋਂਵਦੀ ਕਰੇ ਪੁਕਾਰ ਸੰਤੋ ।
ਸੱਚ ਛਿਪ ਗਿਆ ਕਿਤੇ ਸੀ ਦੂਰ ਜਾਕੇ, ਕੂੜ ਪਸਰਿਆ ਵਿਚ ਸੰਸਾਰ ਸੰਤੋ ।
ਧੁੰਦ ਵਿਚ ਸੰਸਾਰ ਦੇ ਛਾ ਰਹੀ ਸੀ, ਹੋ ਗਿਆ ਸੀ ਅੰਧ ਗੁਬਾਰ ਸੰਤੋ ।
ਜੀਵਾ ਰੋ ਕਰ ਜਦੋਂ ਪੁਕਾਰ ਕੀਤੀ, ਪੌਹਚੀ ਪਾਸ ਦਾਤਾਰ ਪੁਕਾਰ ਸੰਤੋ ।

¤ ¤ ¤

## 2.

# ਮਹਿਮਾ ਸਤਿਗੁਰੂ ਤੇ ਬੰਦਨਾ

ਗੁਰੂ ਨਾਨਕ ਭੇਜਿਆ ਆਪ ਸਾਹਿਬਾਂ, ਸੁਣੀ ਜੀਵਾਂ ਦੀ ਜਾ ਪੁਕਾਰ ਢ੍ਹਾਵਾ।

ਘੋਰ ਵਰਤਦਾ ਸੀ ਕਲੂ ਕਾਲ ਅੰਦਰ, ਗੁਰੂ ਨਾਨਕ ਜੀ ਲਿਆ ਅਵਤਾਰ ਢ੍ਹਾਵਾ।

ਕੱਲ ਕਾਤੀ ਸੀ ਰਾਜੇ ਕਸਾਈ ਹੋਏ, ਸਚ ਹੋਇਆ ਸੀ ਕਿਤੇ ਉਡਾਰ ਢ੍ਹਾਵਾ।

ਕੀਤੀ ਮੇਹਰ ਮਹਾਂਰਾਜ ਦਿਆਲ ਹੋਏ, ਕਿਰਪਾ ਜੀਵਾਂ ਤੇ ਹੋਈ ਅਪਾਰ ਢ੍ਹਾਵਾ।

ਗੁਰਾਂ ਰੁੜ੍ਹਦਾ ਬਚਾ ਲਿਆ ਜੱਗ ਤਾਈਂ, ਕੀਤਾ ਜੀਵਾਂ ਦਾ ਬੌਹਤ ਉਧਾਰ ਢ੍ਹਾਵਾ।

ਰਾਏ ਬੁਲਾਰ ਪ੍ਰੇਮ ਸੇ ਦਰਸ ਕੀਤਾ, ਬੇੜਾ ਹੋਇਆ ਗ਼ਰੀਬ ਦਾ ਪਾਰ ਢ੍ਹਾਵਾ।

ਬਾਲ ਲੀਲ੍ਹਾ ਸੀ ਗੁਰਾਂ ਰਚਾਏ ਕਰਕੇ, ਸਚੇ ਸੌਦੇ ਦਾ ਕੀਤਾ ਵਪਾਰ ਢ੍ਹਾਵਾ।

ਮਲਕ ਭਾਗੋ ਦਾ ਖਾਣਾ ਸੀ ਨਾਹੀ ਖਾਧਾ, ਮਿਲੇ ਲਾਲੋ ਨੂੰ ਨਾਲ ਪਿਆਰ ਢ੍ਹਾਵਾ।

ਸੁਲਤਾਨਪੁਰ ਮੇ ਆਣ ਦੀਦਾਰ ਦੀਏ, ਮੋਦੀਖਾਨੇ ਦਾ ਕੀਤਾ ਵਿਹਾਰ ਢ੍ਹਾਵਾ।

ਮਾਣ ਤੋੜਿਆ ਵਲੀ ਕੰਧਾਰੀ ਦਾ ਸੀ, ਜਾ ਵੇਖਿਆ ਕਾਬਲ ਕੰਧਾਰ ਢ੍ਹਾਵਾ।

ਗੁਰਾਂ ਜਾ ਮਦੀਨੇ 'ਚ ਦਰਸ ਦਿਤੇ, ਕੀਤਾ ਧਰਮ ਦਾ ਬਹੁਤ ਪਰਚਾਰ ਢ੍ਹਾਵਾ।

ਮਾਲ ਸਾਰਾ ਗਰੀਬਾਂ ਨੂੰ ਵੰਡ ਦਿੱਤਾ, ਚਿਤੁ ਕਾਰੂ ਦਾ ਕੀਤਾ ਓਦਾਰ ਢ੍ਹਾਵਾ।

ਬਾਬੇ ਮੱਕੇ ਨੂੰ ਜਾ ਕਰ ਫੇਰਿਆ ਸੀ, ਮੱਕਾ ਸਾਰਾ ਹੀ ਦੀਆ ਓਲਾਰ ਢ੍ਹਾਵਾ।

ਫੇਰ ਜਾ ਬਗਦਾਦ ਮੇ ਦਰਸ ਦਿਤਾ, ਏਕ ਦੀਆ ਸੀ ਸਾਲ ਗੁਜ਼ਾਰ ਢ੍ਹਾਵਾ।

ਦੂਰ ਦੂਰ ਤੱਕ ਬਾਬੇ ਪਰਚਾਰ ਕੀਤਾ, ਸਚਾ ਦਿੱਤਾ ਢੰਡੋਰਾ ਖਲਿਆਰ ਵ੍ਹਾਵਾ।
ਗੋਸਟ ਦਤਾ ਤਰੇਉ ਦੇ ਨਾਲ ਹੋਈ, ਧਰੂਹ ਮਿਲ ਪਿਆ ਖਿਮਾ ਨੂੰ ਧਾਰ ਵ੍ਹਾਵਾ।
ਸਾਖੀ ਭਗਤ ਪਰਲਾਦ ਦੇ ਨਾਲ ਹੋਈ, ਸਿਧਾਂ ਬਾਬੇ ਤੋਂ ਖਾਧੀ ਸੀ ਹਾਰ ਵ੍ਹਾਵਾ।
ਸਜਣ ਠੱਗ ਜੈਸੇ ਗੁਰਾਂ ਤਾਰ ਦਿੱਤੇ, ਵਿਹ ਰੇਠਿਆਂ ਦਿਤੀ ਨਕਾਰ ਵ੍ਹਾਵਾ।
ਕੌਡੇ ਰਾਕਸ਼ ਨੂੰ ਤਾਰਿਆ ਪ੍ਰੇਮ ਸੇਤੀ, ਦੀਆ ਬੰਦਗੀ ਵਲ ਓਲਾਰ ਵ੍ਹਾਵਾ।
ਪੀਰ ਪੁਰੀ ਮੁਲਤਾਨ ਦਾ ਦਰਸ ਕੀਤਾ, ਦਸੀ ਪੀਰਾਂ ਨੂੰ ਭਲੀ ਵੀਚਾਰ ਵ੍ਹਾਵਾ।
ਮਿਲਿਆ ਆਣ ਕਰੋੜੀਆ ਸਿਖ ਭਾਈ, ਦਿੱਤਾ ਨਗਰ ਵਸਾ ਕਰਤਾਰ ਵ੍ਹਾਵਾ।
ਰਜਿ ਤੇ ਰੰਧਾਵੇ ਨੂੰ ਭਲੀ ਵਿਚਾਰ ਦੱਸੀ, ਓਹਵੀ ਮਿਲਿਆ ਪ੍ਰੇਮ ਨੂੰ ਧਾਰ ਵ੍ਹਾਵਾ।
ਗੁਰੂ ਅੰਗਦ ਜੀ ਮਿਲੇ ਪ੍ਰੇਮ ਸੇ ਜੀ, ਦਿਲੋਂ ਆਏ ਸੀ ਨਿਹਚੇ ਨੂੰ ਧਾਰ ਵ੍ਹਾਵਾ।
ਜਿਵੇ ਜੋਤ ਸੇ ਜੋਤ ਪਰਕਾਸ ਹੋਈ, ਜੁਗਤ ਕੀਤੀ ਸੀ ਸਿਰਜਨੇਹਾਰ ਵ੍ਹਾਵਾ।
ਧੰਨ ਸਤਗੁਰ ਮੈ ਬਲਿਹਾਰ ਜਾਵਾਂ, ਸੋਹਣਾ ਧਰਮ ਦਾ ਕੀਤਾ ਪਰਚਾਰ ਵ੍ਹਾਵਾ।
ਕਰਨ ਮਿਹਰ ਜੇ ਮੈਂ ਗਰੀਬ ਤਾਈਂ, ਦਇਆ ਧਾਰਕੇ ਦੇਣ ਦੀਦਾਰ ਵ੍ਹਾਵਾ।
ਸਿੰਘ ਦਾਸ ਵਸਾਖ ਨੂੰ ਬਖਸ ਲੈਣਾ, ਮੈ ਜਾਵਾਂ ਬਲਿਹਾਰ ਬਲਿਹਾਰ ਵ੍ਹਾਵਾ।

ੴ

## ਦੋਹਰਾ

ਗੁਰੂ ਨਾਨਕ ਗੁਰੂ ਅੰਗਦੇ ਅਮਰ ਗੁਰੂ ਸੁਖਸਾਰ,
ਰਾਮਦਾਸ ਅਰਜਨ ਗੁਰੂ ਹਰਗੋਬਿੰਦ ਉਜਿਆਰ।
ਗੁਰੂ ਹਰਿਰਾਏ ਗੁਰੂ ਹਰਿਕ੍ਰਿਸ਼ਨ ਜੀ ਗੁਰੂ ਬਹਾਦਰ ਤੇਗਾ,

ਗੁਰੂ ਗੋਬਿੰਦ ਸਿੰਘ ਜੀ ਕੇ ਨਮੋ ਧੰਨੀ ਦੇਗ ਅਰ ਤੇਗਾ ।

ਬੈਤ

ਗੁਰੂ ਨਾਨਕ ਜੀ ਲਖ ਡੰਡੌਤ ਮੇਰੀ, ਗੁਰੂ ਅੰਗਦ ਜੀ ਸੀਸ ਝੁਕਾਵਦਾ ਮੈਂ।
ਅਮਰ ਦਾਸ ਜੀ ਮੇਰੇ ਤੇ ਦਇਆ ਕਰਨੀ, ਸਰਨ ਆਪਦੀ ਗੁਰੂ ਜੀ ਆਵਦਾ ਮੈ।
ਰਾਮਦਾਸ ਜੀ ਦਾਸ ਨੂੰ ਬਖਸ਼ ਲੈਣਾ, ਆਸ ਰੱਖ ਕਰ ਕਲਮ ਓਠਾਵਦਾ ਮੈਂ।
ਗੁਰੂ ਅਰਜਨ ਜੀ ਅਰਜ਼ ਮਨਜ਼ੂਰ ਕਰਨੀ, ਆਸ ਆਪਦੀ ਹਣ ਤਕਾਵਦਾ ਮੈ।
ਗੁਰੂ ਹਰਗੋਬਿੰਦ ਹਰਿਰਾਇ ਗੁਰ ਜੀ, ਬਿਨੇ ਆਪਦੇ ਤਾਈ ਸੁਣਾਵਦਾ ਮੈਂ।
ਹਰਿਕ੍ਰਿਸ਼ਨ ਜੀ ਦੁਖਾ ਨੂੰ ਦੂਰ ਕਰਨਾ, ਆਸ ਆਪਦੇ ਤਾਈ ਬਤਾਂਵਦਾ ਮੈਂ।
ਗੁਰੂ ਤੇਗਬਹਾਦਰ ਜੀ ਹਿੰਦ ਚਾਦਰ, ਬੁਧ ਬਖਸ਼ੋ ਜੀ ਦਾਨ ਏਹ ਚਾਹਵੰਦਾ ਮੈਂ।
ਦਸਵੇਂ ਪਾਤਸਾਹ ਆਣ ਦੀਦਾਰ ਦੇਣਾ, ਦਰਸ ਆਪਦਾ ਕਦੋਂ ਹੈ ਪਾਂਵਦਾ ਮੈਂ।
ਸੰਤ ਤਾਰਨੇ ਮਾਰਨੇ ਦੁਸਟ ਦਖੀ, ਬਿਰਦ ਆਪ ਦਾ ਯਾਦ ਕਰਾਂਵਦਾ ਮੈਂ।
ਭਾਰਤ ਵਰਸ ਨੂੰ ਜਿਵੇਂ ਨਿਹਾਲ ਕੀਤਾ, ਤਾਰੋ ਦਾਸ ਨੂੰ ਵਾਸਤਾ ਪਾਂਵਦਾ ਮੈਂ।
ਸਚੇ ਪਾਤਸ਼ਾਹ ਗਰੰਥ ਏਹ ਕਰੋ ਪੂਰਾ, ਕਰ ਬੇਨਤੀ ਜੋ ਲਖਾਂਵਦਾ ਮੈਂ।
ਸਿੰਘ ਦਾਸ ਵਸਾਖ ਤੇ ਮੇਹਰ ਕਰਨੀ, ਭੁਲ ਆਪਦੇ ਪਾਸੋ ਬਖਸ਼ਾਵਦਾ ਮੈਂ।

ਦੀਨ ਦਿਆਲ ਜੀ ਬੇਨਤੀ ਸਣੋ ਮੇਰੀ, ਆਸ ਆਪਦੀ ਆਇਆ ਹਾਂ ਧਾਰ ਗੁਰ ਜੀ।
ਕਰੋ ਦਇਆ ਜੇ ਮੈਂ ਗਰੀਬ ਉਤੇ, ਬੇੜਾ ਲਾ ਦਿਓ ਦਾਸ ਦਾ ਪਾਰ ਗੁਰ ਜੀ।
ਰੁੜ੍ਹਦਾ ਜਿਵੇਂ ਬਚਾਇਆ ਸੀ ਮੁਲਖ ਤਾਈਂ, ਤਿਵੇਂ ਮੈਨੂੰ ਹੁਣ ਦਿਓ ਖਾਂ ਤਾਰ ਗੁਰ ਜੀ।

ਕਰੋ ਮੇਹਰ ਗਰੰਥ ਏਹ ਹੋਵੇ ਪੂਰਾ, ਕਰ ਰਿਹਾ ਜੋ ਮੈਂ ਪੁਕਾਰ ਗੁਰ ਜੀ।
ਸੇਵਕ ਸਿੰਘ ਵਸਾਖ ਤੇ ਦਇਆ ਕਰਨੀ, ਮੈਂ ਜਾਵਾਂ ਬਲਿਹਾਰ ਬਲਿਹਾਰ ਗੁਰ ਜੀ।

¤

## ਬੰਦਨਾ

ਸ੍ਰੀਮਾਨ ਪਿਆਰਿਆ ਬਿਰਧ ਬਾਬਾ,* ਸਾਡੀ ਆਪ ਤਾਈਂ ਨਮਸਕਾਰ ਹੋਵੇ।
ਕਰੋ ਮੇਹਰ ਜੀ ਮੈਂ ਗਰੀਬ ਉਤੇ, ਬੇੜਾ ਭਵਜਲੋਂ ਜਿਸ ਤਰ੍ਹਾਂ ਪਾਰ ਹੋਵੇ।
ਬਾਬਾ ਸਾਹਿਬ ਜੀ ਸਦਾ ਅਨੰਦ ਰਵ੍ਹਾਂ, ਭਾਣੇ ਵਿਚ ਨਾ ਕੋਈ ਇਨਕਾਰ ਹੋਵੇ।
ਫੁਰਨਾ ਦੂਈ ਦਾ ਨਿਕਲ ਓਡਾਰ ਹੋਵੇ, ਅੰਦਰ ਵਾਹਿਗੁਰੂ ਏਕੰ ਜੀ ਕਾਰ ਹੋਵੇ।
ਦਇਆ ਧਾਰ ਕਰ ਕਰੋ ਗਰੰਥ ਪੂਰਾ, ਗੌਰਮਿੰਟ ਦਾ ਜ਼ੁਲਮ ਸਭ ਜ਼ਾਹਰ ਹੋਵੇ।
ਲਿਖਾਂ ਸਚੋ ਹੀ ਸਚ ਜੋ ਵਰਤਿਆ ਸੀ ਜ਼ੁਲਮ ਨਸਰ ਜੁ ਵਿਚ ਸੰਸਾਰ ਹੋਵੇ।
ਕਰਾ ਬੰਦਗੀ ਸਦਾ ਪ੍ਰੇਮ ਸੇ ਜੀ, ਸਚਖੰਡ ਦਾ ਜਿਵੇਂ ਦੀਦਾਰ ਹੋਵੇ।
ਆਸਣ ਸਤਵੀਂ ਭੂਮਿਕਾ ਜਾਏ ਲਾਵਾਂ, ਦਇਆ ਆਪਦੀ ਮਦਦਗਾਰ ਹੋਵੇ।
ਸੇਵਾ ਲਵੋ ਜੀ ਮੈਥੋਂ ਮਹਾਰਾਜ ਉਸੀ, ਖੁਸ਼ ਜਿਸ ਤਰ੍ਹਾਂ ਸਿਰਜਨੇਹਾਰ ਹੋਵੇ।
ਨਦਰੀਂ ਨਦਰ ਨਿਹਾਲ ਕਰ ਦਿਓ ਬਾਬਾ, ਸਦਾ ਦਰਸ ਜੀ ਓਸ ਕਰਤਾਰ ਹੋਵੇ।
ਸੇਵਕ ਸਿੰਘ ਵਸਾਖ ਦੀ ਬੇਨਤੀ ਜੀ, ਸੇਅਰ ਫੁਰੇ ਤੇ ਗਰੰਥ ਤਿਆਰ ਹੋਵੇ।

¤

* ਸ੍ਰੀਮਾਨ ਬਾਬੇ ਖੁਸ਼ਾਲ ਸਿੰਘ ਜੀ ਕੋ ਨਮਸਕਾਰ, ਕਿਉਂਕਿ ਏਨ੍ਹਾ ਦੀ ਹੀ ਕਿਰਪਾਲਤਾ ਕਰਕੇ ਅਸੀਂ ਵਿਦਿਆ ਪੜ੍ਹੇ ਤੇ ਇਨ੍ਹਾ ਦੀ ਦਇਆ ਨਾਲ ਹੀ ਗੁਰਸਿੱਖੀ ਅਥਵਾ ਗੁਰਬਾਣੀ ਦਾ ਬੋਧ ਆਇਆ। ਇਹ ਮਹਾਪੁਰਸ ਸਾਡੇ ਪਿਤਾ ਜੀ ਦੇ ਵੱਡੇ ਭਾਈ ਹਨ ਜੀ। ਕਰੀਬਨ ਉਮਰ ਪਚਾਸੀ ਸਾਲ ਹੋਵੇਗੀ। ਵੱਡਾ ਸੋਹਣਾ ਕਦ ਹੈ। ਮਸ਼ਹੂਰ ਭਜਨੀਕ ਹਨ ਜੀ।
(ਹੋਰ ਵੇਖਵਾ ਪੰਨਾ ੪੧ ਤੇ - ਸੰਪਾਦਕ)

## ਦੋਹਰਾ

ਗੁਰੂ ਗਰੰਥ ਪੰਥ ਜੀ ਕੋ ਨੇਮ੍ਹ ਰਾਖਣ ਕਿਰਪਾ ਧਾਰ।

ਦਇਆ ਕਰਣ ਭਵ ਹਰਨ ਮੈ ਜਾਵਾਂ ਬਲਿਹਾਰ।

ਖ਼

## ਪੰਥ ਅਗੇ ਬੇਨਤੀ

ਸ੍ਰੀਮਾਨ ਪਿਆਰਿਆ ਗੁਰੂ ਪੰਥਾ, ਤੂੰ ਨਿਮਾਣਿਆਂ ਮਾਣ ਦਵੌਣ ਵਾਲਾ।
ਜ ਸਰਨ ਆਵੇ ਤਿਸ ਕੰਠ ਲਾਵੇ, ਤੂੰਹੀ ਗੁਰਾ ਦਾ ਬਚਨ ਕਮਾਉਨ ਵਾਲਾ।
ਜੋ ਆਸਰਾ ਤਕ ਕਰ ਆਵੇ ਤੇਰਾ, ਆਸ ਓਸਦੀ ਪੂਰੀ ਕਰਾਉਨ ਵਾਲਾ।
ਗੁਰੂ ਰੂਪ ਤੂੰਹੀ ਤੂੰਹੀ ਪੰਥ ਹੈ ਤੂੰ, ਤੂੰਹੀ ਜੁਲਮ ਦੀ ਜੜ੍ਹ ਪੁਟਾਉਣ ਵਾਲਾ।
ਤੂੰ ਹੀ ਰੋਂਦਿਆ ਧੀਰ ਧਰੌਣ ਵਾਲਾ, ਮਜ਼ਾ ਜ਼ਾਲਮਾਂ ਤੂੰ ਹੀ ਚਖਾਉਣ ਵਾਲਾ।
ਖੋਹੀ ਬਰਹਮਣੀ ਵਿਚ ਕਸੂਰ ਦੇ ਸੀ, ਰੋਂਦੇ ਬਰਹਮਣ ਨੂੰ ਚੁਪ ਕਰਾਉਣ ਵਾਲਾ।
ਜਾ ਘੇਰਿਆ ਸਾਰੇ ਪਠਾਣਾ ਨੂੰ ਤੂੰ, ਬਾਰਾ ਕਿਲ੍ਹੇ ਸੈਂ ਤੂੰ ਹੀ ਤੁੜਾਉਣ ਵਾਲਾ।
ਤੂੰ ਹੀ ਭਰੇ 'ਚੋ ਬਰਹਮਣੀ ਕਢ ਕੇ ਤੇ, ਰੋਂਦੇ ਖੌਂਦ ਨੂੰ ਨਾਰੀ ਮਿਲਾਉਣ ਵਾਲਾ।
ਅਕਾਲ ਬੁੰਗੇ ਸੀ ਜਦੋਂ ਦੀਵਾਨ ਲਗਾ, ਤੇਰਾ ਖਿਆਲ ਸੀ ਨਾਮ ਧਿਆਉਣ ਵਾਲਾ।
ਤਦੋ ਕੀਤੀ ਪੁਕਾਰ ਸੀ ਬਰਹਮਣਾ ਨੇ, ਨਾਲ ਤੁਰਿਓ ਤੂੰ ਦੁਖ ਵੰਡਾਉਣ ਵਾਲਾ।
ਤੂੰ ਹੀ ਮਜ਼ਾ ਚਖਾਇਆ ਸੀ ਪਾਪੀਆਂ ਨੂੰ, ਜ਼ਾਲਮ ਮਾਰਿਆ ਪਾਪ ਕਮਾਓਣ ਵਾਲਾ।
ਦੋਵੇਂ ਨਾਰੀਆ ਦਿਤੀਆ ਬਰਹਮਣਾਂ ਨੂੰ, ਘਰ ਉਜੜੇ ਤੂੰ ਹੀ ਵਸਾਉਣ ਵਾਲਾ।
ਗਿਲਜੇ ਲੜਕੀਆ ਬੰਨ੍ਹ ਕੇ ਲੈ ਚਲੇ, ਖੰਡਾ ਵਾਹ ਕੇ ਤੂੰ ਹੀ ਛੁਡਾਉਣ ਵਾਲਾ।

ਜਾਲਮ ਮਾਰ ਕੇ ਸ਼ੇਰਾ ਵਜ਼ੀਦੇ ਤਾਈਂ, ਇਟ ਇਟ ਸਰਹਿੰਦ ਖੜਕਾਉਣ ਵਾਲਾ।
ਸੁਦਾਸਰ ਤੂੰ ਹੀ ਜਾ ਗਜਿਆ ਜੀ, ਕਟ ਮੱਸੇ ਦਾ ਸਿਰ ਲਿਆਉਣ ਵਾਲਾ।
ਤੂੰ ਹੀ ਕਾਬਲ ਤੇ ਦਿਲੀ ਨੂੰ ਜੇਰ ਕੀਤਾ, ਜ਼ਾਲਮ ਮੁਲਖ 'ਚੋਂ ਮਾਰ ਮੁਕਾਉਣ ਵਾਲਾ।
ਝੰਡਾ ਤੂੰ ਹੀ ਅਮਰੀਕਾ ਮੇ ਗੱਡ ਕਰਕੇ, ਸੁਤੇ ਭਾਰਤ ਤੂੰ ਹੀ ਜਗਾਉਨ ਵਾਲਾ।
ਗੁਰੂ ਧਾਮ ਨੇ ਤੂੰ ਹੀ ਅਜਾਦ ਕਰਨੇ, ਝੂਠੇ ਜ਼ਾਲਮਾ ਤਾਈ ਕਰਾਉਣ ਵਾਲਾ.
ਸ਼ੇਰਾ ਜੁਲਮ ਦੀ ਬੀ ਟੀ* ਨੇ ਹਦ ਕੀਤੀ, ਤੂੰ ਹੀ ਦੁਖ ਮੇ ਸੁਖ ਮਨਾਉਣ ਵਾਲਾ।
ਤੇਰੇ ਪਰਉਪਕਾਰ ਨਹੀਂ ਗਿਣੇ ਜਾਦੇ, ਕੌਣ ਜੰਮਿਆ ਹੈ ਭੇਦ ਪਾਉਣ ਵਾਲਾ।
ਤੈਨੂੰ ਮਾਰਨੇ ਵਾਲੇ ਮਰ ਜਾਣ ਸਾਰੇ, ਤੂੰ ਹੀ ਰਹੇਂਗਾ ਸਚ ਚਮਕਾਉਣ ਵਾਲਾ।
ਮੈ ਤਾ ਸਰਨ ਤੇਰੀ ਕਟੀ ਮਹਾਂਬੇੜੀ, ਤੂੰ ਹੀ ਭਵਜਲੋਂ ਪਾਰ ਲੰਘਾਉਣ ਵਾਲਾ।
ਕਰੀ ਆਸ ਪੂਰੀ ਬਖਸ਼ੀ ਚਰਨ ਧੂੜੀ, ਤੂੰ ਹੀ ਜੀਵ ਤੋ ਨਾਮ ਜਪਾਉਣ ਵਾਲਾ।
ਕਰੀਂ ਗਰੰਥ ਪੂਰਾ ਰਹੇ ਨਾਹਿ ਊਰਾ, ਸੇਵਕ ਸਿੰਘ ਵਸਾਖ ਲਖਾਉਣ ਵਾਲਾ।

ੴ

## ਦਸਾਂ ਪਾਤਸ਼ਾਹੀਆਂ ਦਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਬੰਦਨਾ

ਦਸਾ ਗੁਰਾ ਦਾ ਰੂਪ ਮਹਾਂਰਾਜ ਤੁਸੀ, ਪਹਿਲੇ ਆਪ ਨੂੰ ਸੀਸ ਝੁਕਾ ਦਿਆ ਮੈਂ।
ਫੇਰ ਲਿਖੂੰ ਮੈਂ ਅਗਲਾ ਹਾਲ ਬਾਬਾ, ਪੁਕਾਰ ਆਪਦੇ ਪਾਸ ਪੁਜਾ ਦਿਆਂ ਮੈਂ।
ਕਲਜੁਗ ਦੇ ਵਿਚ ਹੋ ਜ਼ਾਹਰ ਤੁਸੀ, ਚਰਨੀਂ ਆਪਦੀ ਸੀਸ ਝੁਕਾ ਦਿਆਂ ਮੈਂ।
ਸਦਾ ਤੁਸਾ ਹੀ ਜੀਵ ਦਾ ਭਲਾ ਕਰਨਾ, ਬਿਨੈ ਆਪ ਨੂੰ ਹੁਣ ਸੁਣਾ ਦਿਆਂ ਮੈ।

* ਬੀ ਟੀ ਉਹ ਜ਼ਾਲਮ ਅੰਗਰੇਜ਼ ਪੁਲਸੀਆ ਸੀ, ਜੋ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਪੁਰ ਅਮਨ ਸਿਖਾਂ ਤੇ ਬੇਤਹਾਸ਼ਾ ਡਾਂਗਾਂ ਚਲਾਉਂਦਾ ਸੀ।

ਕਢ ਲਓ ਚੁਰਾਸੀ ਦੇ ਗੇੜ ਵਿਚੋਂ, ਬਾਬਾ ਸਾਹਿਬ ਜੀ ਆਪ ਬਤਾ ਦਿਆਂ ਮੈਂ
ਮੇਰਾ ਨਾਮ ਦੇ ਨਾਲ ਪਰੇਮ ਨਿਭੇ, ਚਰਨੀ ਆਪ ਦੀ ਬਾਬਾ ਜੀ ਆ ਗਿਆ ਮੈ ।
ਏਹ ਮਾਇਆ ਜੰਜਾਲ ਨਾ ਪੋਹੇ ਬਾਬਾ, ਬਿਨੈ ਵਿਚ ਗ੍ਰੰਥ ਲਿਖਾ ਦਿਆ ਮੈ ।
ਨਾਲੇ ਕਰੇ ਗਰੰਥ ਏਹ ਆਪ ਪੂਰਾ, ਮੇਹਰ ਕਰੋ ਫਿਰ ਕਲਮ ਚਲਾ ਦਿਆਂ ਮੈ ।
ਦਇਆ ਕਰੋ ਜੇ ਮੈਂ ਗਰੀਬ ਉਤੇ, ਸੁਕਰ ਆਪ ਦਾ ਬਾਬਾ ਮਨਾ ਦਿਆਂ ਮੈਂ ।
ਦਇਆ ਧਾਰ ਕਰ ਬੇੜਾ ਜੀ ਲਾਓ ਬੰਨੇ, ਗਰੰਥ ਲਿਖਾਂ ਤੇ ਸਾਰਾ ਛਪਾ ਦਿਆਂ ਮੈ ।
ਗੌਰਮਿੰਟ ਜੋ ਅਤਿਆਚਾਰ ਕੀਤੇ, ਤਵਾਰੀਖ ਦੇ ਵਿਚ ਚੜ੍ਹਾ ਦਿਆਂ ਮੈਂ ।
ਬਲ ਬਖਸ ਦੇ ਬਾਬਾ ਜੀ ਸਾਹਿਬ ਮੇਰੇ, ਘਰ ਘਰ ਪਰਚਾਰ ਪੁਚਾ ਦਿਆਂ ਮੈਂ ।
ਤੂੰ ਹੀ ਨੀਚ ਨੂੰ ਊਚ ਹੈ ਕਰਨ ਵਾਲਾ, ਤਾਹੀਂ ਆਪਦੇ ਵਾਸਤੇ ਪਾ ਦਿਆ ਮੈਂ ।
ਜੁਲਮ ਹੋ ਜਾਏ ਜ਼ਾਹਰ ਸੰਸਾਰ ਸਾਰੇ, ਗੌਰਮਿੰਟ ਦੀ ਜੜ੍ਹ ਹਿਲਾ ਦਿਆ ਮੈਂ ।
ਸਮਝ ਜਾਣ ਜਿਵੇਂ ਸਾਰੇ ਵੀਰ ਮੇਰੇ, ਜਲਮ ਵੀਰਾਂ ਦੇ ਕੰਨੀਂ ਹਣ ਪਾ ਦਿਆ ਮੈਂ ।
ਖੂਨ ਢੰਗ ਦੇ ਨਾਲ ਏਹ ਖਿਚ ਰਹੇ ਨੇ, ਸਾਰੇ ਵੀਰਾਂ ਨੂੰ ਖੋਲ੍ਹ ਸੁਣਾ ਦਿਆ ਮੈਂ ।
ਹੁਕਮ ਕਰੋ ਹੁਣ ਸਿੰਘ ਵਸਾਖ ਤਾਈਂ, ਕਲਮ ਸਤਿਗੁਰੂ ਅਗੇ ਚਲਾ ਦਿਆ ਮੈ ।

¤ ¤ ¤

3.

# ਸੰਖੇਪ ਜੀਵਨ ਬ੍ਰਿਤਾਂਤ

ਮੋਹਰੇ* ਸਿੱਖ ਤੋਂ ਮੋਹਰ ਸਿੰਘ ਸਜਿਆ, ਅਮ੍ਰਿਤ ਗੁਰੂ ਦਸਮੇਸ ਛਕਾਇਆ ਜੈਸੇ।

ਮੋਹਰ ਸਿੰਘ ਫਿਰ ਗੁਰਾ ਦੀ ਸੇਵ ਕੀਤੀ, ਵਰ ਗੁਰੂ ਦਸਮੇਸ਼ ਤੋਂ ਪਾਇਆ ਜੈਸੇ।

ਮੇਹਰ ਕੀਤੀ ਮਹਾਰਾਜ ਦਿਆਲ ਹੋਏ, ਗੁਰੂ ਸਾਹਿਬ ਨੇ ਬਚਨ ਫੁਰਮਾਇਆ ਜੈਸੇ।

---

* ਦਾਸ ਦੇ ਪੜਦਾਦਾ ਜੀ ਜਿਨ੍ਹਾ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ।

ਬੰਸਾਵਲੀ



ਪੁਤਰ ਹੋਣਗੇ ਤੇਰੇ ਜੀ ਪੰਜ ਭਾਈ, ਮੋਹਰ ਸਿੰਘ ਨੂੰ ਗੁਰਾ ਵਡਿਆਇਆ ਜੈਸੇ।
ਤੇਰੀ ਕੁਲ 'ਚ ਭਗਤੀ ਤੇ ਸਿੱਖੀ ਰਹਿਸੀ, ਮੋਹਰ ਸਿੰਘ ਨੂੰ ਸਹਿਬਾਂ ਜਤਾਇਆ ਜੈਸੇ।
ਪੰਜ ਪੁਤਰ ਜੀ ਖਾਲਸਾ ਠੀਕ ਹੋਏ, ਗੁਰੂ ਸਾਹਿਬ ਨੂੰ ਸੱਤੇ ਸੀ ਭਾਇਆ ਜੈਸੇ।
ਸੋਭਾ ਸਿੰਘ ਜੀ ਪੈਹਲਾ ਵੀਚਾਰ ਭਾਈ, ਮਿਸਲ ਆਲੂਆਂ ਵਾਲੀ ਰਖਾਇਆ ਜੈਸੇ।
ਜੋਗਾ ਸਿੰਘ ਜੀ ਸਮਝ ਲਉ ਦੂਸਰੇ ਸੀ, ਫੂਲਾ ਸਿੰਘ ਨਿਹੰਗ ਨੇ ਭਾਇਆ ਜੈਸੇ।
ਤੇਰਾ ਸਿੰਘ ਜੀ ਜਤੀ ਸੀ ਸਤੀ ਭਾਰੇ, ਨਾਮ ਵਾਹਿਗੁਰੂ ਇਹਨਾ ਧਿਆਇਆ ਜੈਸੇ।
ਹਰੀ ਸਿੰਘ ਜਰਨੈਲ ਦੇ ਨਾਲ ਇਹਨਾਂ, ਖੰਡਾ ਵਿਚ ਜਮਰੌਦ ਦੇ ਵਾਹਿਆ ਜੈਸੇ।
ਮੇਘ ਸਿੰਘ ਤੇ ਬੋਘ ਜੀ ਸਿੰਘ ਸਮਝੋ, ਕਮਾਈ ਕੀਤੀ ਤੇ ਗ੍ਰਿਸਥ ਨਿਭਾਇਆ ਜੈਸੇ।
ਦੂਲਾ ਸਿੰਘ ਜੀ ਪੋਤਰਾ ਮੋਹਰ ਸਿੰਘ ਦਾ, ਜਮਰੌਦ ਤੋਪਾਂ ਦਾ ਕੰਮ ਚਲਾਇਆ ਜੈਸੇ
ਦੇਵਾ ਸਿੰਘ ਜੀ ਭਾਈ ਸੀ ਦੂਲਾ ਸਿੰਘ ਦਾ, ਸੰਧਾਵਾਲੀਆ ਨਾਲ ਰਖਾਇਆ ਜੈਸੇ।
ਧਰਮ ਮੂਰਤੀ ਆਲਾ ਜੀ ਸਿੰਘ ਭਾਈ, ਚਿਤ ਬੰਦਗੀ ਏਨ੍ਹਾ ਲਗਾਇਆ ਜੈਸੇ।
ਬਾਬਾ ਸਿੰਘ ਖੁਸਾਲ ਵੀਚਾਰ ਭਾਈ, ਸਾਨੂੰ ਬਾਣੀ ਦਾ ਭੇਤ ਬਤਾਇਆ ਜੈਸੇ।
ਜਨਮ ਦਾਸ ਦਾ ਵੀਰ ਜੀ ਜਿਵੇਂ ਹੋਇਆ, ਦਿਆਲ ਸਿੰਘ ਜੀ ਪਿਤਾ ਅਖਵਾਇਆ ਜੈਸੇ।
ਇੰਦ ਕੌਰ ਸੀ ਵੀਰ ਜੀ ਮਾਤ ਮੇਰੀ, ਮੈਨੂੰ ਪਾਲ ਕਰ ਲਾਡ ਲਡਾਇਆ ਜੈਸੇ।
ਪੰਜ ਬਰਸ ਦਾ ਜਦੋਂ ਸਾਂ ਮੈਂ ਹੋਇਆ, ਪਿਤਾ ਗੁਰਮੁਖੀ ਮੈਨੂੰ ਪੜ੍ਹਾਇਆ ਜੈਸੇ।
ਪੜ੍ਹੀ ਵਿਦਿਆ ਚੰਗੀ ਪ੍ਰੇਮ ਸੇ ਜੀ, ਥੋੜ੍ਹੇ ਸਾਲ ਫਿਰ ਮਾਲ ਚਰਾਇਆ ਜੈਸੇ।
ਯਾਰਾ ਨੰਬਰ ਰਸਾਲੇ ਦੇ ਵਿਚ ਭਾਈ, ਪਿਤਾ ਭਰਤੀ ਸੀ ਸਾਨੂੰ ਕਰਾਇਆ ਜੈਸੇ।
ਸਤ ਸਾਲ ਸੀ ਨੌਕਰੀ ਕੀਤੀ ਉਥੇ, ਅੰਨ ਜਲ ਓਛਾਲ ਕਰਾਇਆ ਜੈਸੇ।
ਹੰਕੋ ਟਾਪੂ ਸੀ ਚੀਨ ਦੇ ਵਿਚ ਸਿੰਘੋ, ਥੋੜ੍ਹਾ ਚਿਰ ਫਿਰ ਓਥੇ ਠਹਿਰਾਇਆ ਜੈਸੇ।

ਫੇਰ ਵਿਚ ਅਮਰੀਕਾ ਦੇ ਜਾ ਪਹੁੰਚਾ, ਰੱਬ ਸਾਰਾ ਸਬੱਬ ਬਣਾਇਆ ਜੈਸੇ।

ਜੁਆਲਾ ਸਿੰਘ ਤੇ ਸਿੰਘ ਸੰਤੋਖ ਭਾਈ, ਪਿਆਰੇ ਵੀਰਾ ਨੂੰ ਰੱਬ ਮਿਲਾਇਆ ਜੈਸੇ।

ਬੱਧੀ ਕੌਪਣੀ ਜਿਸ ਤਰ੍ਹਾਂ ਰਲ ਪੰਜਾਂ, ਸਟਾਕ[੧] ਟੌਣ ਮੇਂ ਝੰਡਾ ਝੁਲਾਇਆ ਜੈਸੇ।

ਸੱਦ ਹਿੰਦੂਆਂ ਮੋਮਨਾ ਸਾਰਿਆਂ ਨੂੰ, ਪੋਹ ਸੱਤਵੀ[੨] ਪੁਰਬ ਮਨਾਇਆ ਜੈਸੇ।

ਸਾਰੇ ਵੀਰਾ ਦਾ ਓਥੇ ਮਿਲਾਪ ਹੋਇਆ, ਅਖਬਾਰ ਅਸਾਂ ਸੀ ਜਾਰੀ ਕਰਾਇਆ ਜੈਸੇ।

ਕਰ ਅਸਾਂ ਸਲਾਹ ਫਿਰ ਸਾਰਿਆਂ ਨੇ, ਹਰਦਿਆਲ ਐਡੀਟਰ ਬਣਾਇਆ ਜੈਸੇ।

ਜੰਗ ਯੂਰਪ ਦਾ ਜਿਵੇਂ ਫਿਰ ਸੁਰੂ ਹੋਇਆ, ਕਾਮਾਗਾਟਾ[੩] ਜਹਾਜ਼ ਮੜ ਆਇਆ ਜੈਸੇ।

ਓਥੇ ਰਲ ਜਿਓਂ ਅਸਾ ਸਲਾਹ ਕੀਤੀ, ਚਲੋ ਦੇਸ ਗੁਰਮੱਤਾ ਪਕਾਇਆ ਜੈਸੇ।

ਦੇਸ ਪਹੁੰਚ ਗਏ ਜੱਥੇ ਜੀ ਬੰਨ੍ਹ ਕਰਕੇ, ਬੰਦ ਪੁਲਸ ਨੇ ਸਾਨੂੰ ਕਰਾਇਆ ਜੈਸੇ।

ਜਿਵੇਂ ਜਾਲਮਾ ਜਾਲ ਵਛਾਏ ਬੌਹਤੇ, ਕਈਆਂ ਵੀਰਾ ਨੂੰ ਫਾਂਸੀ ਲਟਕਾਇਆ ਜੈਸੇ।

ਕਈ ਬਿਨਾ ਕਸੂਰ ਦੇ ਗਏ ਮਾਰੇ, ਮਾਲ ਸਾਰਾ ਹੀ ਜਬਤ ਕਰਾਇਆ ਜੈਸੇ।

ਜਾਇਆਦਾਦਾਂ ਫਿਰ ਸਾਡੀਆਂ ਜਬਤ ਕਰਕੇ, ਅੰਡੇਮਾਨ ਦੇ ਵਿਚ ਪੁਚਾਇਆ ਜੈਸੇ।

---

[੧ ਸਟੌਕਟਨ (Stockton) - ਅਮਰੀਕਾ ਦੇ ਕੈਲੇਫਰੋਨੀਆ ਸੂਬੇ ਵਿਚ ਇੱਕ ਕਸਬਾ ਹੈ।

੨ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ।

੩ ਓਹਨੀਂ ਦਿਨੀਂ ਕੈਨੇਡਾ ਵਿਚ ਹਿੰਦੀਆ ਨੂੰ ਆਉਣ ਤੋਂ ਰੋਕਣ ਲਈ ਸਰਕਾਰ ਨੇ ਸਿਧੇ ਸਫ਼ਰ ਦੀ ਸ਼ਰਤ ਲਗਾ ਦਿਤੀ, ਕਿਉਂਦਿ ਹਿੰਦੁਸਤਾਨ ਤੋਂ ਕੋਈ ਵੀ ਜਹਾਜ਼ ਸਿਧਾ ਕੈਨੇਡਾ - ਅਮਰੀਕਾ ਨਹੀ ਜਾਦਾ ਸੀ। ਬਾਬਾ ਗੁਰਦਿਤ ਸਿੰਘ (ਸਰਹਾਲੀ, ਅੰਮ੍ਰਿਤਸਰ) ਨੇ "ਕੋਮਾਗਾਟਾ ਮਾਰੂ" (Komagata Maru) ਨਾਂ ਦਾ ਜਾਪਾਨੀ ਸਮੁੰਦਰੀ ਜਹਾਜ਼ ਠੇਕੇ ਤੇ ਲੈਕੇ ੩੭੪ ਹਿੰਦੀ ਮਸਾਫ਼ਰਾ ਨੂੰ ਸਿਧੇ ਕੈਨੇਡਾ ਲਿਜਾਣ ਦਾ ਓਦਮ ਕੀਤਾ। ਪਰ ਕੈਨੇਡਾ ਸਰਕਾਰ ਨੇ ਇਹਨਾ ਨੂੰ ਫੇਰ ਵੀ Vancouver ਘਾਟ ਤੇ ਉਤਰਣ ਨਹੀਂ ਦਿਤਾ। ਵਾਪਸੀ ਤੇ ਕੱਲਕੱਤੇ ਦੇ ਬੱਜ ਬੱਜ ਘਾਟ ਤੇ ੨੯ ਸਤੰਬਰ,੧੯੧੪ ਨੂੰ ਮਸਾਫ਼ਰਾ ਨੂੰ ਕੈਦ ਕਰਕੇ ਗਡੀ ਚੜ੍ਹਾਉਣ ਦੀ ਸਕੀਮ ਸੀ। ਮਸਾਫ਼ਰਾ ਦੇ ਇਨਕਾਰ ਕਰਣ ਤੇ ਗੋਲੀ ਚੱਲੀ – ੧੯ ਸ਼ਹੀਦ ਤੇ ਕਈ ਜ਼ਖਮੀ ਹੋਏ (ਫੋਟੋ ਪੰਨਾ ੧੧੫) – **ਸੰਪਾਦਕ** ]

ਅੱਠ* ਓਥੇ ਜਿਓਂ ਵੀਰ ਸ਼ਹੀਦ ਹੋਏ, ਕਹਿਰ ਸਾਡੇ ਤੇ ਓਥੇ ਵਰਤਾਇਆ ਜੈਸੇ।

ਭੁੱਖੇ ਰੱਖ ਕੇ ਸ਼ੇਰਾਂ ਨੂੰ ਘਾਇਲ ਕੀਤਾ, ਚਤਰ ਸਿੰਘ** ਨੂੰ ਪਿੰਜਰੇ ਪਾਇਆ ਜੈਸੇ।

ਖਾਤਰ ਮੁਲਖ ਦੀ ਵੀਰ ਕੁਰਬਾਨ ਹੋ ਗਏ, ਸਾਨੂੰ ਵਾਂਗ ਕਮਾਨ ਸੁਕਾਇਆ ਜੈਸੇ।

---

[*ਅੰਡੇਮਾਨ ਸ਼ਹੀਦ ਹੋਏ ਗ਼ਦਰੀ ਦੇਸ਼ ਭਗਤ

੧ ਸ਼ਹੀਦ ਭਾਨ ਸਿੰਘ, ਪਿੰਡ ਸੁਨੇਤ, ਜ਼ਿਲਾ ਲੁਧਿਆਣਾ (ਵੇਰਵਾ ਪੰਨਾ ੯੫ ਦੇ ਹੇਠਾ ਤੇ ਫੋਟੋ ਪੰਨਾ ੧੧੬)

੨ ਸ਼ਹੀਦ ਰੁਲੀਆ ਸਿੰਘ, ਪਿੰਡ ਸਰਾਭਾ, ਜ਼ਿਲਾ ਲੁਧਿਆਣਾ — ਜਨਮ ੧੮੭੯ ਸ਼ਹੀਦੀ ੯ ਸਤੰਬਰ, ੧੯੧੭। ਇਹ ਸ਼ਹੀਦ ਕਰਤਾਰ ਸਿੰਘ ਦੇ ਪਿੰਡ ਦੇ ਹੀ ਸਨ। ਇਨ੍ਹਾ ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਸੀ।

੩ ਸ਼ਹੀਦ ਰਾਮ ਰਖਾ, ਪਿੰਡ ਸਸੋਲੀ , ਜ਼ਿਲਾ ਹੋਸ਼ਿਆਰਪੁਰ – ਇਹ ਗਦਰ ਪਾਰਟੀ ਦੇ ਬਰਮਾ (ਮਾਡਲੇ) ਕੇਸ ਦੇ ਉਮਰ ਕੈਦੀ ਸਨ। ਇਹ ੧੯੧੭ ਵਿਚ ਜਦੋਂ ਅੰਡੇਮਾਨ ਲਿਆਂਦੇ ਗਏ, ਤਾ ਉਸ ਵੇਲੇ ਲਾਹੌਰ ਕੇਸ ਵਾਲੇ ਗ਼ਦਰੀਆ ਦੀ ਹੜਤਾਲ ਚਲ ਰਹੀ ਸੀ। ਇਨ੍ਹਾ ਦਾ ਜਨੇਊ ਜੇਲ੍ਹ ਵਾਲਿਆ ਨੇ ਜ਼ਬਰਦਸਤੀ ਲਾਹੁਣਾ ਚਾਹਿਆ, ਕਿਉਂਕਿ ਓਥੇ ਕਿਸੇ ਹਿੰਦੂ ਨੂੰ ਜਨੇਊ ਨਹੀਂ ਸੀ ਪਾਉਣ ਦੇਂਦੇ। ਇਹਨਾਂ ਭੁਖ ਹੜਤਾਲ ਕਰ ਦਿਤੀ। ਜ਼ਬਰਦਸਤੀ ਖ਼ੁਰਾਕ ਦੇਣ ਦੀ ਕੋਸ਼ਿਸ਼ ਕੀਤੀ ਗਈ। ਫੇਫੜਾ ਜ਼ਖਮੀ ਹੋ ਗਿਆ। ਮਹੀਨੇ ਦੇ ਅੰਦਰ ਹੀ ਸ਼ਹੀਦ ਹੋ ਗਏ (ਫੋਟੋ ਪੰਨਾ ੧੧੭)।

੪ ਸ਼ਹੀਦ ਰੋੜਾ ਸਿੰਘ, ਪਿੰਡ ਰੋੜੇ, ਜ਼ਿਲਾ ਮੋਗਾ — ਇਨ੍ਹਾ ਨੂੰ ਪਹਿਲੇ ਕੇਸ ਵਿਚ ਓਮਰ ਕੈਦ, ਕਾਲੇ ਪਾਣੀ ਤੇ ਜ਼ਾਇਦਾਦ ਜ਼ਬਤੀ ਦੀ ਸਜ਼ਾ ਹੋਈ ਸੀ। ਇਹ ਵੀ ਜੇਲ੍ਹੀ ਜ਼ੁਲਮ ਦਾ ਸ਼ਿਕਾਰ ਹੋਕੇ ਸ਼ਹੀਦ ਹੋਏ ।

੫ ਸ਼ਹੀਦ ਬੁਢਾ ਸਿੰਘ, ਪਿੰਡ ਫਿਲੋਕੇ, ਜ਼ਿਲਾ ਗੁਜਰਾਂਵਾਲਾ। ਇਨ੍ਹਾ ਨੂੰ ਬਰਮਾ (ਮਾਡਲੇ) ਗ਼ਦਰ ਸਾਜ਼ਸ਼ ਕੇਸ ਵਿਚ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਸੀ – ਇਹਨਾਂ ਨੇ ਵੀ ਜੇਲ੍ਹੀ ਜ਼ੁਲਮ ਦਾ ਟਾਕਰਾ ਕਰਦਿਆ ਸ਼ਹੀਦੀ ਪਾਈ (ਫੋਟੋ ਪੰਨਾ ੧੧੮)।

੬ ਸ਼ਹੀਦ ਨੰਦ ਸਿੰਘ, ਪਿੰਡ ਬੁਰਜ ਚੱਕ ਖੁਰਾਂਵਾਲਾ, ਜ਼ਿਲਾ ਲਾਇਲਪੁਰ – ਇਹ ੨੩ ਨੰਬਰ ਰਸਾਲੇ ਵਿਚ ਫ਼ੌਜੀ ਨੌਕਰੀ ਦੌਰਾਨ ਲਾਹੌਰ (ਮੀਆ ਮੀਰ ਛਾਉਣੀ) ਤਾਈਨਾਤ ਸਨ। ਗ਼ਦਰ ਲਹਿਰ ਨਾਲ ਜੁੜ ਗਏ। ਡਗਸ਼ਈ (Dagshai) ਕੋਰਟ ਮਾਰਸ਼ਲ ਕਰਕੇ ਪਹਿਲਾ ਫਾਸੀ ਤੇ ਫਿਰ ਘਟਾਕੇ ਉਮਰ ਕੈਦ ਕਾਲੇ ਪਾਣੀ, ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਇਹ ਵੀ ਜੇਲ੍ਹੀ ਤਸ਼ੱਦਦ ਸਹਾਰਦੇ ਹੋਏ ਸ਼ਹੀਦੀ ਪਾ ਗਏ।

੭ ਸ਼ਹੀਦ ਕਿਹਰ ਸਿੰਘ, ਪਿੰਡ ਮਰਹਾਨਾ ਜ਼ਿਲਾ ਅੰਮ੍ਰਿਤਸਰ – ਇਹ ਸਾਰੇ ਕੈਦੀਆ ਨਾਲੋਂ ਵਡੇਰੀ ਉਮਰ ਭਾਵ ੬੨ ਸਾਲਾ ਦੇ ਸਨ, ਜਿਸ ਉਮਰ ਤੇ ਅੰਡੇਮਾਨ ਭੇਜਣ ਦੀ ਕਾਨੂੰਨੀ ਮਨਾਹੀ ਸੀ। ਫਿਰ ਵੀ ਇਨ੍ਹਾ ਨੂੰ ਨਾ ਬਖ਼ਸ਼ਿਆ ਗਿਆ। ਅਖੀਰ ਨਤੀਜਾ ਉਹੀ ਹੋਇਆ ਸ਼ਹੀਦੀ (ਫੋਟੋ ਪੰਨਾ ੧੧੯)।

੮ ਸ਼ਹੀਦ ਨਥਾ ਸਿੰਘ, ਪਿੰਡ ਛੇਟੀਆ, ਜ਼ਿਲਾ ਅੰਮ੍ਰਿਤਸਰ – ਇਹ ਵੀ ਸ਼ਹੀਦ ਨੰਦ ਸਿੰਘ ਵਾਗ ੨੩ ਨੰਬਰ ਰਸਾਲੇ 'ਚ ਨੌਕਰੀ ਕਰਦੇ ਹੋਏ, ਗ਼ਦਰ ਲਹਿਰ ਵਿਚ ਹਿਸਾ ਲੈਣ ਕਰਕੇ ਅੰਡੇਮਾਨ ਭੇਜ ਦਿੱਤੇ ਗਏ ਤੇ ਸ਼ਹੀਦੀ ਪ੍ਰਾਪਤ ਕੀਤੀ। — ਸੰਪਾਦਕ]

[** ਵੇਰਵਾ ਪੰਨੇ ੮੬ ਤੋਂ ੯੪ ਤੇ ਹੈ। — ਸੰਪਾਦਕ]

ਭਾਰਤ ਸੁੱਤਾ ਸੀ ਲੰਮੀਆਂ ਤਾਣ ਕਰਕੇ, ਕੀਤੀ ਕੁਰਬਾਨੀ ਤੇ ਟੁੰਬ ਜਗਾਇਆ ਜੈਸੇ।
ਕੀਤੀ ਮਿਹਰ ਮਹਾਰਾਜ ਦਿਆਲ ਹੋਏ, ਖਿਆਲ ਮੁਲਖ ਦਾ ਸਾਡੇ 'ਚ ਆਇਆ ਜੈਸੇ।
ਅੰਡੇਮਾਨ ਫਿਰ ਵੀਰੇ ਕਮੇਟੀ ਆਈ, ਕਾਲਾ ਪਾਣੀ ਸੀ ਅਸਾਂ ਤੁੜਾਇਆ ਜੈਸੇ।
ਪੰਥ ਤਾਰ ਖੜਕਾ ਵਲੈਤ ਵੰਨੇ, ਸਾਨੂੰ ਰਿਹਾ ਕਰਾ ਮੰਗਾਇਆ ਜੈਸੇ।
ਪਹੁੰਚੇ ਪਿੰਡ ਅਸੀ ਜਦ ਆਣ ਕਰਕੇ, ਪੁਲਸ ਸਾਨੂੰ ਫਿਰ ਤੰਗ ਰਖਾਇਆ ਜੈਸੇ।
ਖੇਡ ਹੋਰ ਦੀ ਹੋਰ ਜੀ ਹੋਈ ਵੀਰ, ਗੌਰਮਿੰਟ ਫਿਰ ਜੁਲਮ ਕਮਾਇਆ ਜੈਸੇ।
ਜੁਆਲਾ ਸਿੰਘ[1] ਤੇ ਜ਼ਾਲਮਾ ਕੈਹਰ ਕੀਤਾ, ਸਿਖੀ ਸਿਦਕ ਸੀ ਸਿੰਘ ਨਿਭਾਇਆ ਜੈਸੇ।
ਪਰਮਾਨੰਦ[2] ਨੂੰ ਦੁਸਟਾ ਸੀ ਬੈਂਤ ਲਾਏ, ਮੁਖੋਂ ਸੀ ਨ ਭਗਤ ਫ਼ਰਮਾਇਆ ਜੈਸੇ।
ਬਾਗ ਜਲ੍ਹਿਆਂ ਵਾਲੇ ਮੇਂ ਕਹਿਰ ਹੋਇਆ, ਸਾਡੇ ਵੀਰਾ ਨੂੰ ਮਾਰ ਓਡਾਇਆ ਜੈਸੇ।
ਸਾਰਾ ਪੰਥ ਲਾਹੌਰ ਸੀ ਹੋਇਆ ਕੱਠਾ, ਸਾਰੇ ਪੰਥ ਨੇ ਸਾਨੂੰ ਬੁਲਾਇਆ ਜੈਸੇ।
ਸਿਖ ਲੀਗ ਮੇ ਸਾਨੂੰ ਖਲਿਆਰ ਕਰਕੇ, ਸਾਰੇ ਪੰਥ ਨੇ ਸਾਨੂੰ ਵਡਿਆਇਆ ਜੈਸੇ।
ਤਰਨ ਤਾਰਨ ਦੇ ਸਾਕੇ ਦੇ ਨਾਲ ਸਾਂ ਮੈਂ, ਦੋ ਵੀਰਾਂ ਨੂੰ ਹਥੀਂ ਜਲਾਇਆ ਜੈਸੇ।
ਬਲਵੰਤ ਸਿੰਘ ਸਰਦਾਰ ਸੀ ਕੁਲੇਵਾਲਾ, ਜ਼ਖਮ ਜ਼ਾਲਮਾਂ ਓਸਨੂੰ ਲਾਇਆ ਜੈਸੇ।

---

[੧ ਬਾਬਾ ਜਵਾਲਾ ਸਿੰਘ (ਠਠੀਆ, ਅੰਮ੍ਰਿਤਸਰ) - ਲਾਹੌਰ ਸੈਂਟਰਲ ਜੇਲ੍ਹ ਅੰਦਰ ਮਕਦਮੇ ਦੌਰਾਨ ਇਕ ਸਰਕਾਰੀ ਗਵਾਹ ਨੇ ਕਿਹਾ, "ਜਨਾਬ ਮੁਲਜ਼ਮਾ ਨੇ ਪਗਾ ਉਲਟੀਆ ਪੁਲਟੀਆ ਬਧੀਆ ਹੋਈਐ ਇਸ ਲਈ ਪਛਾਣ ਨਹੀਂ ਹੋ ਰਹੀ।" ਇਹ ਸੁਣ ਕੇ ਬਾਬਾ ਜਵਾਲਾ ਸਿੰਘ ਉਚੀ ਉਚੀ ਹੱਸਣ ਲਗ ਪਏ ਤੇ ਕਿਹਾ, "ਪਗਾ ਹੀ ਬਦਲੀਐਂ, ਚਿਹਰੇ ਤੇ ਨਹੀਂ ਬਦਲੇ।" ਸਰਕਾਰੀ ਵਕੀਲ ਨੇ ਗੁਸੇ ਵਿਚ ਕਝ ਘੱਟੀਆ ਸਬਦ ਕਹੇ, ਬਾਬਾ ਜੀ ਨੇ ਵੀ ਘੱਟ ਨਹੀਂ ਕੀਤੀ। ਜਜ ਨੇ ੨੦ ਬੈਂਤਾ ਦੀ ਸਜ਼ਾ ਸਨਾ ਦਿਤੀ (ਫੋਟੋ ਪੰਨਾ ੧੨੦)।

੨ ਪੰਡਤ ਪਰਮਾਨੰਦ ਝਾਂਸੀ ੧੮ ੧੯ ਸਾਲ ਦੇ ਨੌਜਵਾਨ, ਜਾਪਾਨ ਵਿਚ ਗਏ ਉਚੇਰੀ ਪੜ੍ਹਾਈ ਕਰਨ ਲਈ ਤੇ ਗ਼ਦਰ ਲਹਿਰ ਵਿਚ ਸਾਮਲ ਹੋ ਗਏ ਸਾਰਿਆ ਨਾਲ ਕਾਲੇ ਪਾਣੀ ਪਹੁੰਚੇ। ਬੇਰੀ ਜੇਲ੍ਹਰ ਨੇ ਗਲਤ ਲਫਜ਼ ਬੋਲੇ ਇਹਨਾ ਵੀ ਕਰਾਰਾ ਜਵਾਬ ਦਿਤਾ, ਜੇਲ੍ਹਰ ਨੇ ਗਾਲ੍ਹ ਕੱਢੀ ਇਹਨਾ ਜੋਰ ਨਾਲ ਓਹਦੇ ਮੋਟੇ ਢਿਡ ਤੇ ਲਤ ਜਾ ਮਾਰੀ, ਓਹ ਡਿਗ ਪਿਆ। ਪਿਛੋਂ ਇਹਨਾ ਤੇ ਅਕਹਿ ਤੇ ਅਸਹਿ ਜ਼ੁਲਮ ਕੀਤੇ ਗਏ (ਫੋਟੋ ਪੰਨਾ ੧੨੧) – **ਸੰਪਾਦਕ**]

ਖੁਦ ਵੇਖ ਨਨਕਾਣੇ ਦੇ ਵਿਚ ਵੀਰੋ, ਨੀਰ ਨੇਤਰੀਂ ਮੈਂ ਵਹਾਇਆ ਜੈਸੇ।

ਬਾਂਹ ਕਿਸੇ ਦੀ ਕਿਸੇ ਦੇ ਕੇਸ ਰੁਲਦੇ, ਕਹਿਰ ਪਾਪੀਆ ਵੀਰੋ ਵਰਤਾਇਆ ਜੈਸੇ।

ਲਛਮਣ ਸਿੰਘ ਨੂੰ ਸਾੜਿਆ ਬੰਨ੍ਹ ਕਰਕੇ, ਸਿੱਖੀ ਸਿਦਕ ਜੀ ਵੀਰ ਨਿਭਾਇਆ ਜੈਸੇ।

ਭਾਣਾ ਵਰਤਿਆ ਗੁਰੂ ਕੇ ਬਾਗ ਵਾਲਾ, ਜ਼ਾਲਮ ਬੀਟੀ ਨੇ ਜੁਲਮ ਕਮਾਇਆ ਜੈਸੇ।

ਮੈਨੂੰ ਆਵਂਦਾ ਓਦੋਂ ਬੁਖਾਰ ਸੀ ਜੀ, ਤ੍ਹਾਂਵੀਂ ਸਿੰਘਾਂ ਨੂੰ ਲੈ ਕਰ ਧਾਇਆ ਜੈਸੇ।

ਜਾ ਪਹੁੰਚਿਆ ਮੈਂ ਵੀ ਅਕਾਲ ਬੁੰਗੇ, ਬੀਮਾਰ ਮੈ ਕਮੇਟੀ ਅਟਕਾਇਆ ਜੈਸੇ।

ਫਤੇਹ ਹੋਇਆ ਜਿਓਂ ਮੋਰਚਾ ਬਾਗ ਵਾਲਾ, ਕਬਜ਼ਾ ਸਿੰਘਾਂ ਨੇ ਆਪ ਕਰਾਇਆ ਜੈਸੇ।

ਮਹੰਤ ਆਏ ਕਮੇਟੀ ਦੇ ਪਾਸ ਵੀਰੋ, ਤਹਿਤ ਖਾਲਸੇ ਸਾਰੇ ਬਠਾਇਆ ਜੈਸੇ।

ਬਿਸਨ ਸਿੰਘ ਭਤੀਆ ਜੋ ਦਾਸ ਦਾ ਏ, ਜਨਮ ਕਸਟ ਇਨ ਜਿਸ ਤਰ੍ਹਾਂ ਪਾਇਆ ਜੈਸੇ।

ਹਜ਼ਾਰਾ ਸਿੰਘ[1] ਤੇ ਬਿਸ਼ਨ ਜੀ ਸਿੰਘ ਦੂਜਾ,[2] ਨਾਲ ਏਨਾ ਗੁਰਾਂ ਮਿਲਾਇਆ ਜੈਸੇ।

ਜਨਮ ਕਸਟ ਮੈਂ ਲਿਖੂੰ ਸਵਾਰ ਕਰਕੇ, ਦੇਸ ਭਗਤ ਹੈ ਜਿਥੇ ਪਰਗਟਾਇਆ ਜੈਸੇ।

ਸਚ ਸਚ ਮੈਂ ਵੀਰੋਂ ਬਿਆਨ ਕਰਨਾ, ਗੌਰਮਿੰਟ ਨੇ ਜ਼ੁਲਮ ਕਮਾਇਆ ਜੈਸੇ।

ਸਿਦਕ ਰਖਿਆ ਜਿਨ੍ਹਾ ਹੈ ਜੁਲਮ ਅੰਦਰ, ਦਰਜਾ ਵੀਰਾ ਸ਼ਹੀਦੀ ਦਾ ਪਾਇਆ ਜੈਸੇ।

ਮਿੱਤਰ ਬਣ ਧਰੋਹ ਕਮਾਏ ਜਿਨ੍ਹਾਂ, ਮੁਖ ਉਨ੍ਹਾ ਨੇ ਕਾਲਾ ਕਰਾਇਆ ਜੈਸੇ।

ਸੰਨ ਉਨੀ ਸੌ ਚੌਦਾਂ ਤੋਂ ਹੁਣ ਤੇੜੀ, ਗੌਰਮਿੰਟ ਨੇ ਕਹਿਰ ਵਰਤਾਇਆ ਜੈਸੇ।

ਹਾਲ ਏਤਨਾ ਏਸਦੇ ਵਿਚ ਲਿਖਨਾ, ਪਿਛੇ ਲਿਖ ਮੈਂ ਥੋੜਾ ਬਤਾਇਆ ਜੈਸੇ।

ਲਿਖੂੰ ਸਚ ਮੈ ਵੀਰੋ ਨਿਤਾਰ ਕਰਕੇ, ਹੁਣ ਤੇੜੀ ਕਰਤਾਰ ਵਖਾਇਆ ਜੈਸੇ।

ਦੇਵੋ ਆਣ ਦੀਦਾਰ ਮਹਾਰਾਜ ਮੈਨੂੰ, ਪਿਛੇ ਭਗਤਾਂ ਨੂੰ ਪਾਰ ਲੰਘਾਇਆ ਜੈਸੇ।

---

1 ਦਦੇਹਰ ਪਿੰਡ ਦੇ ਸਨ (ਵੇਖੋ ਪੰਨਾ ੪੮ ਤੇ ਫੁਟਨੋਟ ਨੰ: ੩)।

2 ਇਹ ਵੀ ਦਦੇਹਰ ਪਿੰਡ ਦੇ ਹੀ ਸਨ। ਇਹ ਸਰਦਾਰ ਜਵਾਲਾ ਸਿੰਘ ਜੀ ਦੇ ਸਪੁਤਰ ਸਨ।

–ਸੰਪਾਦਕ]

ਸਿੰਘ ਦਾਸ ਵਸਾਖ ਤੇ ਮੇਹਰ ਕਰਨੀ, ਚਰਨੀ ਆਪਦੀ ਤੁਸਾਂ ਹੈ ਲਾਇਆ ਜੈਸੇ।

¤

## ਬੇਨਤੀ ਸਾਧ ਸੰਗਤ ਪਾਸ

ਸਾਧ ਸੰਗਤ ਜੀ ਦਾਸ ਅਰਜੋਈ ਕਰਦਾ, ਤਾਕਤ ਬਖਸ਼ ਤੂੰ ਕਲਮ ਚਲਾਵਣੇ ਦੀ।
ਗਪਤ ਕਰ ਤੂੰ ਦਇਆ ਹੁਣ ਦਾਸ ਉਤੇ, ਬਖਸ਼ ਸਤਿਆ ਜ਼ੁਲਮ ਲਿਖਾਵਣੇ ਦੀ।
ਸ਼ੇਅਰ ਫੁਰੇ ਹੁਣ ਹੜ੍ਹ ਦਰਿਆ ਵਾਂਗੂੰ, ਤਵਾਰੀਖ ਦੇ ਸੱਤੇ ਲਖਾਵਣੇ ਦੀ।
ਜਿਵੇਂ ਜ਼ਾਲਮਾਂ ਜ਼ੁਲਮ ਕਮਾਏ ਬੌਹਤੇ, ਬੁੱਧ ਬਖਸ ਹੁਣ ਜ਼ਾਹਰ ਕਰਾਵਣੇ ਦੀ।
ਸਿਦਕ ਰਖਿਆ ਗੁਰੂ ਪਿਆਰਿਆਂ ਨੇ, ਅਕਲ ਦੇ ਤੂੰ ਸਭ ਬਤਾਵਣੇ ਦੀ।
ਪਤਾ ਲਗੇ ਏਹ ਵਿਚ ਸੰਸਾਰ ਸਾਰੇ, ਸੁਰਤੀ ਬਖਸ ਹੁਣ ਸ਼ੇਅਰ ਬਨਾਵਣੇ ਦੀ।
ਲਾਜ ਰਖ ਤੂੰ ਲੋਕ ਹੈ ਸੰਤ* ਕਹਿੰਦੇ, ਕਲਾ ਬਖਸ਼ ਦੇ ਨਾਮ ਧਿਆਵਣੇ ਦੀ।
ਮੇਰੀ ਕਲਮ ਹੁਣ ਚਲੇ ਜੀ ਪੌਣ ਵਾਂਗੂੰ, ਜ਼ੁਲਮ ਲਿਖ ਕਰ ਸਾਰੇ ਸੁਨਾਵਣੇ ਦੀ।
ਸਿੰਘ ਦਾਸ ਵਸਾਖ ਤੇ ਮੇਹਰ ਕਰਨੀ, ਲਿਵ ਲਗੀ ਰਹੇ ਦਰਸ ਜੀ ਪਾਵਣੇ ਦੀ।

¤ ¤ ¤

[* ਬਾਬਾ ਜੀ ਨੂੰ ਅਮਰੀਕਾ ਵਿਚ ਹੁੰਦਿਆ ਵੀ ਸਾਰੇ ਸੰਤ ਜੀ ਹੀ ਕਹਿੰਦੇ ਸੀ। – ਸੰਪਾਦਕ]

## 4.

# ਪਿੰਡ ਦਾ ਇਤਿਹਾਸ

ਸਿਰਤਾਜ ਪਿਆਰਿਓ ਸਾਧ ਸੰਤੋ, ਨਗਰ ਆਪਦਾ ਦਿਆਂ ਬਤਾ ਪਹਿਲਾਂ।

ਅੰਮ੍ਰਿਤਸਰ ਹੈ ਜ਼ਿਲਾ ਵਿਚਾਰ ਭਾਈ, ਤਰਨ ਤਾਰਨ ਤਸੀਲ ਲਿਖਾ ਪਹਿਲਾ।

ਡਾਕਖਾਨਾ ਹੈ ਵਡੀ ਸਰਹਾਲੀ ਸੰਤੋ, ਸਾਰੇ ਵੀਰਾਂ ਨੂੰ ਦਿਆਂ ਸੁਣਾ ਪਹਿਲਾ।

ਚੜ੍ਹਦੇ ਪਟੀਓਂ ਤੀਨ ਹੈ ਕੋਸ ਭਾਈ, ਸਾਡੇ ਵਡਿਆਂ ਦੀਆ ਵਸਾ ਪਹਿਲਾ।

ਚਲ ਮਾਲਵੇ ਵਲੋਂ ਜੀ ਆਏ ਦੋਵੇਂ, ਚਾਚਾ ਲੈ ਭਤੀਆ ਗਣਾਂ ਪਹਿਲਾਂ।

ਨਾਮ ਚਾਚੇ ਦਾ ਸਮਝੋ ਦਦੇਹਰ ਸੀ ਜੀ, ਮੋੜ੍ਹਾ ਓਸਨੇ ਗਡਿਆ ਆ ਪਹਿਲਾ।

ਨਾਮ ਉਸਦੇ ਗਾਉਂ ਦਦੇਹਰ ਹੋਇਆ, ਵੱਸੇ ਦੋਵੇਂ ਸੀ ਖੁਸੀ ਮਨਾ ਪਹਿਲਾਂ।

ਚਾਚਾ ਪਿੰਡ ਸੀ ਕੋਈ ਵਿਹਾਰ ਕਰਦਾ, ਮਝੀਂ ਚਾਰੇ ਭਤੀਆ ਖੁਲ੍ਹਾ ਪਹਿਲਾ।

ਬਾਹਰ ਚਾਰਦੇ ਚਾਰਦੇ ਰਾਤ ਹੋਈ, ਜੰਗਲ ਬੌਹੁਤ ਸੀ ਬੇ ਬਹਾ ਪਹਿਲਾਂ।

ਮਝੀਂ ਬਹੁਤ ਪਿਆਸੀਆਂ ਹੋ ਗਈਆਂ, ਜਲ ਰਿਹਾ ਸੀ ਲਭ ਲਭਾ ਪਹਿਲਾਂ।

ਗਿਆ ਲਭਦਾ ਲਭਦਾ ਇਕ ਪਾਸੇ, ਹੋਈ ਓਸ ਕਰਤਾਰ ਰਜਾ ਪਹਿਲਾਂ।

ਇਕ ਡੇਰਾ ਤੇ ਢਾਬ ਫਿਰ ਨਜ਼ਰ ਆਈ, ਮਝੀਂ ਠੇਲ੍ਹੀਆ ਢਾਬ ਵਿਚ ਜਾ ਪਹਿਲਾਂ।

ਮੱਝੀਂ ਬੈਠੀਆਂ ਜਲ ਦੇ ਵਿਚ ਸੰਤੋ, ਆਪ ਗਿਆ ਫਿਰ ਡੇਰੇ ਵਲ ਧਾ ਪਹਿਲਾਂ।

ਜਾ ਵੇਖਿਆ ਜੋਗੀਆ ਬੈਠਿਆ ਨੂੰ, ਸੀਸ ਸੰਤਾਂ ਨੂੰ ਦੀਆ ਝੁਕਾ ਪਹਿਲਾਂ।

ਭੀ ਨਾਥ ਸੀ ਜੋਗੀ ਦਾ ਨਾਮ ਸੰਤੋ, ਗੋਰਖ ਨਾਥ ਦਾ ਚੇਲਾ ਸੁਣਾ ਪਹਿਲਾਂ।

ਡੇਰਾ ਪਾਕਰ ਕੰਢੇ ਢਾਬ ਦੇ ਜੀ, ਰਿਹਾ ਓਥੇ ਸੀ ਨਾਮ ਧਿਆ ਪਹਿਲਾ।

ਗੋਸਟ ਆਪਸ ਵਿਚ ਜੀ ਹੋਈ ਉਥੇ, ਕੀਤੀ ਜਦੋਂ ਸੀ ਪੁਛ ਪੁਛਾ ਪਹਿਲਾਂ।

ਜੋ ਮਝੀਆਂ ਚਾਰਦਾ ਗਿਆ ਸੀ ਜੀ, ਏਦ੍ਹਾਂ ਨਾਮ ਸਰਹਾਲੀ ਲਖਾ ਪਹਿਲਾਂ।

ਓੜਕ ਨਿਬੜੀ ਏਹ ਸੀ ਬਾਤ ਓਥੇ, ਦੋਹਾ ਲਈ ਸਲਾਹ ਪਕਾ ਪਹਿਲਾਂ।

ਨਾਥ ਆਖਿਆ ਮੇਰੇ ਤੂੰ ਕੋਲ ਆਜਾ, ਤੇਰਾ ਦੇਈਏ ਖਾਂ ਨਗਰ ਵਸਾ ਪਹਿਲਾਂ।

ਸਰਹਾਲੀ ਆਖਿਆ ਚਾਚੇ ਨੂੰ ਪੁਛ ਲਾਂ ਮੈਂ, ਦੋਵੇਂ ਲਈਏ ਸਲਾਹ ਬਣਾ ਪਹਿਲਾ।

ਫੇਰ ਆ ਜਾਊਂ ਤੇਰੇ ਮੈ ਕੋਲ ਸੰਤਾ, ਚਾਚਾ ਆਖੂ ਤੇ ਆਊਂਗਾ ਤਾ ਪਹਿਲਾਂ।

ਏਹ ਮਤਾ ਜੋਗੀਸਰਾ ਨਾਲ ਕਰਕੇ, ਮਝੀਂ ਮੋੜੀਆ ਫੇਰ ਪਿਛਾਂਹ ਪਹਿਲਾਂ।

ਘਰ ਆਣਕੇ ਚਾਚੇ ਨੂੰ ਪੁਛਦਾ ਜੀ, ਕਰ ਆਇਆ ਜੋ ਓਥੇ ਸਲਾਹ ਪਹਿਲਾਂ।

ਚਾਚੇ ਆਖਿਆ ਸੋਹਣੀ ਹੈ ਬਾਤ ਬਚਾ, ਤੇਰਾ ਦੇਈਏ ਖਾਂ ਨਗਰ ਬਨਾ ਪਹਿਲਾ।

ਦੋਹਾ ਕੀਤੀ ਸੀ ਏਹ ਸਲਾਹ ਸੰਤੋ, ਪਹੁੰਚੇ ਜੋਗੀਆਂ ਡੇਰੇ ਸੀ ਜਾ ਪਹਿਲਾਂ।

ਨਾਮ ਭਤੀਏ ਦੇ ਬਧੀ ਸਰਹਾਲੀ ਸਮਝੋ, ਚਾਚਾ ਘਰ ਨੂੰ ਗਿਆ ਸੀ ਆ ਪਹਿਲਾਂ।

ਚਾਚਾ ਰਿਹਾ ਦਦੇਹਰ ਸੀ ਜਾ ਕਰਕੇ, ਸਰਹਾਲੀ ਰਿਹਾ ਸਰਹਾਲੀ ਵਸਾ ਪਹਿਲਾਂ।

ਏਸੇ ਤਰ੍ਹਾਂ ਫੇਰ ਦੋਵੇਂ ਰਹੇ ਵਸਦੇ ਜੀ, ਪੂਜਾ ਜੋਗੀਆਂ ਦਿੰਦੇ ਚੜ੍ਹਾ ਪਹਿਲਾਂ।

ਚਾਲੀ ਪਿੰਡ ਫਿਰ ਵਸੇ ਸਰਹਾਲੀ 'ਚੋਂ ਜੀ, ਦਿੱਤੀ ਪੀੜ੍ਹੀ ਕਰਤਾਰ ਵਧਾ ਪਹਿਲਾ।

ਬਾਬਾ ਨੰਦ ਸਿੰਘ ਹੋਏ ਸਰਹਾਲੀ 'ਚੋਂ ਜੀ, ਰਹੇ ਜਿਹੜੇ ਸੀ ਨਾਮ ਧਿਆ ਪਹਿਲਾਂ।

ਸੰਤ ਰਾਮ ਸਿੰਘ ਏਨਾ ਸਪੂਤ ਹੋਇਆ, ਬੁੰਗਾ[1] ਗਏ ਜੋ ਸੰਤ ਬਣਾ ਪਹਿਲਾਂ।
ਨਗਰ ਵਿਚ ਸੀ ਡੇਰਾ ਬਣਾਇਆ ਚੰਗਾ, ਲੰਗਰ ਦੀਆ ਸੀ ਏਨ੍ਹਾ ਚਲਾ ਪਹਿਲਾ।
ਬਾਬਾ ਸਿੰਘ ਗੁਰਦਿਤ[2] ਜੀ ਹੋਏ ਏਥੋਂ, ਲਿਆ ਜਿਨ੍ਹਾਂ ਸੀ ਪੂਰ ਚੜ੍ਹਾ ਪਹਿਲਾਂ।
ਸਾਰੀ ਦੁਨੀਆ ਵਿਚ ਏਹ ਹੋਏ ਰੋਸ਼ਨ, ਜੱਸ ਏਨ੍ਹਾਂ ਦਾ ਰਿਹਾ ਹੈ ਛਾ ਪਹਿਲਾ।
ਨਹੰਗ ਸਿੰਘ[3] ਜਵੰਦ ਸਿੰਘ ਹੋਏ ਏਥੋਂ, ਨਹੰਗੀ ਗਏ ਜੋ ਬਾਣਾ ਸਜਾ ਪਹਿਲਾਂ।
ਜਗ੍ਹਾ ਓਨ੍ਹਾ ਦੀ ਓਨ੍ਹਾ ਦਾ ਪੁੱਤ ਸਮਝੋ, ਰਹਿਤ ਗੁਰੂ ਕੀ ਰਹੇ ਬਤਾ ਪਹਿਲਾ।
ਬਾਬਾ ਸਿੰਘ ਨੌਰੰਗ[4] ਜੀ ਸਮਝੋ ਏਥੋ, ਸੌਂਜੀ ਖੇਡਦੇ ਰਹੇ ਜੋ ਜਾ ਪਹਿਲਾ।
ਕੇਹਰ ਸਿੰਘ ਜੋ ਬਿਰਧ ਹੈ ਪਟੀਵਾਲੇ, ਏਨ੍ਹਾਂ ਵਿਚੋਂ ਮੈਂ ਦਿਆਂ ਗਣਾ ਪਹਿਲਾਂ।
ਤੇਜਾ ਸਿੰਘ[5] ਸਰਦਾਰ ਸਮੁੰਦਰੀ ਜੀ, ਸੋਭਾ ਰਹੇ ਜੋ ਪੰਥ ਮੇਂ ਪਾ ਪਹਿਲਾ।
ਰਹੇ ਸੇਵਾ ਕਮਾ ਹੁਣ ਮੁਲਕ ਦੀ ਜੀ, ਜੱਸ ਖਟਿਆ ਬੇ ਬਹਾ ਪਹਿਲਾ।
ਲਛਮਣ ਸਿੰਘ[6] ਤੇ ਮੇਹਰ ਸਿੰਘ ਜਾਣੋ, ਚੰਨਣ ਸਿੰਘ ਜੀ ਗਏ ਨੇ ਧਾ ਪਹਿਲਾ।
ਮੁਰਾਣੇ ਨਗਰੋ ਲੈ ਕਰ ਸਿੰਘਾ ਨੂੰ ਜੀ, ਵੜੇ ਜੇਲ੍ਹ ਮੇ ਬੀਸਾ ਸਿੰਘ ਜਾ ਪਹਿਲਾ।
ਅਜੇ ਜੇਲ੍ਹ ਮੇਂ ਹੋਲੀ ਏਹ ਖੇਡ ਰਹੇ ਨੇ, ਜੁਲਮ ਅਗੇ ਜੀ ਸਿਦਕ ਟਿਕਾ ਪਹਿਲਾਂ।

---

੧ ਤਰਨਤਾਰਨ ਵਿਖੇ ਬੁੰਗਾ ਬਣਾਇਆ ਇਹਨਾ ਕਸਟ ਸਹਿ ਕਰਕੇ।

੨ ਬਾਬਾ ਗੁਰਦਿਤ ਸਿੰਘ (ਸਰਹਾਲੀ) ਜ਼ਿਨ੍ਹਾ ਨੇ ੧੯੧੪ ਵਿਚ ਕੋਮਾਗਾਟਾ ਮਾਰੂ ਜਹਾਜ਼ ਤੇ ਹਿੰਦੋਸਮਾਨੀ ਮੁਸਾਫਰਾਂ ਦਾ ਪੂਰ ਕੈਨੇਡਾ ਲਿਜਾਣ ਦਾ ਓਦਮ ਕੀਤਾ ਸੀ।(**ਵੇਰਵਾ ਪੰਨਾ ੧੪, ਫੁਟਨੋਟ ਨੰ. ੩**)

੩ ਸੰਤ ਜਵੰਦ ਸਿੰਘ ਠਟੇ ਵਾਲੇ ਓਨਾ ਦੀ ਜਗ੍ਹਾ ਓਨ੍ਹਾ ਦੇ ਪੁਤਰ ਭਾਈ ਗੁਰਦਿੱਤ ਸਿੰਘ ਜੀ ਐਸ ਵਕਤ ਹਨ ਜੀ।

੪ ਬਾਬਾ ਨਰੰਗ ਸਿੰਘ ਜੀ ਭਾਈ ਕੇਹਰ ਸਿੰਘ ਦੇ ਸਕੇ ਚਾਚੇ ਰਾਏਕੇ ਬੁਰਜ ਵਾਲੇ ਵੀ ਸਰਹਾਲੀ 'ਚੋ ਸਨ। ਏਹ ਬਾਬਾ ਜੀ ਬੜੇ ਭਾਰੇ ਜਵਾਨ ਸੀ ਜੀ।

੫ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਵੀ ਰਾਏ ਬੁਰਜੋਂ ਹਨ ਜੀ ਜੋ ਐਸ ਵਕਤ ਸ਼ਿਰੋਮਣੀ ਪ੍ਰਬੰਧਕ ਕਮੇਟੀ ਮੇ ਸੇਵਾ ਸਚੇ ਦਿਲੋਂ ਕਰ ਰਹੇ ਹਨ।

੬ ਏਹ ਬਾਬਾ ਲਛਮਣ ਸਿੰਘ ਤੇ ਮਿਹਰ ਸਿੰਘ, ਭਾਈ ਬੀਸਾ ਸਿੰਘ, ਭਾਈ ਚੰਨਣ ਸਿੰਘ ਐਸ ਵਕਤ ਹੋਰਨਾ ਬਾਰ੍ਹਾ ਸਿੰਘਾ ਨੂੰ ਨਾਲ ਲੈ ਕਰ ਜੇਲ੍ਹ ਯਾਤਰਾ ਮੇਂ ਹਨ। ਮਰ੍ਹਾਣਾ ਵੀ ਸਰਹਾਲੀ ਵਿਚੋਂ ਹੈ।

ਏਹ ਦਾਸ ਦੇ ਸਮਝ ਲਉ ਖਾਨਦਾਨੋਂ, ਉਪਰ ਦੀਏ ਜੋ ਮੈਂ ਲਿਖਾ ਪਹਿਲਾਂ।
ਸੁਣੋ ਚਾਚੇ ਦੀ ਅੰਸ ਜਿਉ ਵਧੀ ਬਹੁਤੀ, ਓਵ੍ਹੀਂ ਦਿਉਂ ਮੈਂ ਅਗੇ ਬਤਾ ਪਹਿਲਾਂ।
ਸਿੰਘ ਦਾਸ ਵਸਾਖ ਤੇ ਮੇਹਰ ਕਰਨੀ, ਸਚੇ ਪਾਤਸ਼ਾਹ ਦੀਆ ਫ਼ਰਮਾ ਪਹਿਲਾ।

¤ ¤ ¤

# 5.

## ਦਦੇਹਰ ਚਾਚੇ ਦਾ ਬ੍ਰਿਤਾਂਤ

ਹਾਲ ਦਸਿਆ ਸਾਰਾ ਭਤੀਏ ਦਾ ਜੀ, ਦਿਆਂ ਚਾਚੇ ਦਾ ਹੁਣ ਬਤਾ ਸਮਝੋ।

ਰਿਹਾ ਚਾਚਾ ਦਦੇਹਰ ਮੇਂ ਵਸਦਾ ਜੀ, ਪੀੜ੍ਹੀ ਵਧੀ ਸੀ ਬਹੁਤ ਜੀ ਆ ਸਮਝੋ।

ਨਗਰ ਏਹਦੇ 'ਚੋਂ ਲਾਂਹਬ ਹੈ ਬਹੁਤ ਬੜੇ, ਵੱਡੇ ਵੱਡੇ ਜੀ ਦਿਆ ਗਣਾ ਸਮਝੋ।

ਸੇਰ ਸਿੰਘ ਸੀ ਸੂਰਮਾ ਏ੍ਹਦੇ ਵਿਚੋਂ, ਨਸੈਰਾ ਭੜਾਣਾ ਮੈ ਦਿਆਂ ਲਿਖਾ ਸਮਝੋ।

ਕਿਕਰ ਸਿੰਘ ਭਲਵਾਨ ਦੇ ਵੱਡੇ ਸੰਤੋ, ਗਏ ਏਥੋਂ ਸੀ ਦਿਆਂ ਸੁਣਾ ਸਮਝੋ।

ਸ਼ੇਰ ਸਿੰਘ ਸੀ ਵਕਤ ਰਣਜੀਤ ਸਿੰਘ ਦੇ, ਹੋਇਆ ਸੂਰਮਾ ਨਾਲੇ ਦਾਨਾ ਸਮਝੋ।

ਅਜ੍ਹੇ ਤਕ ਹਨ ਕਿਲ੍ਹੇ ਜੀ ਪਏ ਉਹਦੇ, ਜੇਹੜੇ ਸੂਰਮਾ ਗਿਆ ਬਣਾ ਸਮਝੋ।

ਕਿਕਰ ਸਿੰਘ ਨੂੰ ਜਾਣਦਾ ਮੁਲਖ ਸਾਰਾ, ਦੂਰ ਦੂਰ ਤੱਕ ਘੁਲਦਾ ਸੀ ਜਾ ਸਮਝੋ।

ਮੇਰੇ ਵੇਹੰਦਿਆਂ ਸਾਡੇ ਜੀ ਪਿੰਡ ਆਇਆ, ਸੀਸ ਦੀਆ ਮਸਾਣੀ ਨਿਵਾ ਸਮਝੋ।

ਮੁਖੋਂ ਬੋਲਿਆ ਧੰਨ ਹੈ ਏਹ ਮੜ੍ਹੀਆਂ, ਵਡੇ ਦੀਏ ਸੀ ਏਥੇ ਜਲਾ ਸਮਝੋ।

ਨੜਵੜ ਹੈ ਨਗਰ ਜੀ ਏਥੋਂ ਗਿਆ, ਅਟਾਰੀ ਪਾਸ ਹੈ ਵਸਿਆ ਜਾ ਸਮਝੋ।

---

੧ ਏਹ ਸੂਰਬੀਰ ਓਹ ਸੇਰ ਸਿੰਘ ਹਨ ਜਿਸਦੇ ਅਜੇ ਤਕ ਭੜਾਣੇ ਮੇਂ ਕਿਲ੍ਹੇ ਮੌਜੂਦ ਹਨ, ਜਿਸਤੋਂ ਡਰਦੇ ਧਿਆਨ ਸਿੰਘ ਵਜ਼ੀਰ ਨੇ ਏਨ੍ਹਾ ਨੂੰ ਜ਼ਹਿਰ ਦਿਵਾ ਕਰ ਮਰਵਾਇਆ ਸੀ।

ਬਾਬਾ ਵਸਾਵਾ ਸਿੰਘ* ਸੰਤ ਮਸਹੂਰ ਹੋਏ, ਉਥੇ ਜਨਮ ਸੀ ਉਹਨਾਂ ਲਿਆ ਆ ਸਮਝੋ।
ਬਲਵੰਤ ਸਿੰਘ ਵੀ ਬਾਬਾ ਜੀ ਹੋਏ ਉਥੇ, ਕਠੇ ਰਹੇ ਸੀ ਨਾਮ ਧਿਆ ਸਮਝੋ।
ਪਰਗਟ ਹੋਏ ਸੀ ਜਮੀਤ ਸਿੰਘ ਜੀ, ਮੰਨ ਰਹੇ ਕਰਤਾਰ ਰਜ਼ਾ ਸਮਝੋ।
ਸੰਗਤ ਸਿੰਘ ਜੀ ਬਾਬਾ ਵੀ ਨਾਲ ਇਹਨਾ, ਧਨਾ ਸਿੰਘ ਵੀ ਲਿਆ ਰਲਾ ਸਮਝੋ।
ਗੁਪਤ ਚੋਲੇ ਏਹ ਸੰਤ ਜੀ ਧਾਰ ਕਰਕੇ, ਗਏ ਆਪਣਾ ਆਪ ਛੁਪਾ ਸਮਝੋ।
ਚੋਲੇ ਏਹਨਾਂ ਦੇ ਪਿਛਲੇ ਬਹੁਤ ਉਚੇ, ਗਏ ਗੁਪਤ ਗਰਿਸਥ ਨਭਾ ਸਮਝੋ।
ਬਾਬਾ ਠਾਕਰ ਜੀ ਏਹਨਾਂ ਦੇ ਨਾਲ ਸੀ ਜੀ, ਕਠੇ ਰਹੇ ਸੀ ਨਾਲ ਇਹ ਭਾ ਸਮਝੋ।
ਬਾਬਾ ਠਾਕਰ ਜੀ ਮੁਖੀ ਸਨ ਸਾਰਿਆ ਦੇ, ਖੇਡ ਦੇਂਦੇ ਸੀ ਕਦੇ ਵਰਤਾ ਸਮਝੋ।
ਮੁਖੋਂ ਕਹਿਣ ਜੋ ਬਚਨ ਸੀ ਪੂਰੇ ਹੁੰਦੇ, ਜੋ ਦੇਣਾ ਜੀ ਮੁਖੋ ਫਰਮਾ ਸਮਝੋ।
ਅੱਡ ਅੱਡ ਹਨ ਬਣੇ ਅਸਥਾਨ ਉਥੇ, ਪਰੇਮੀ ਰਹੇ ਨੇ ਸੇਵਾ ਕਮਾ ਸਮਝੋ।
ਬਾਬਾ ਰੂੜ੍ਹ ਸਿੰਘ ਓਥੇ ਮਹੰਤ ਹੈ ਜੀ, ਬਿਸ਼ਨ ਸਿੰਘ ਨੂੰ ਨਾਲ ਰਲਾ ਸਮਝੋ।
ਸੰਗਤ ਆਂਵਦੀ ਪੋਠੋ ਜੀ ਹਾਰ ਸਾਰਾ, ਪਸ਼ੋਰ ਤੱਕ ਹੈ ਆਂਵਦੇ ਧਾ ਸਮਝੋ।
ਪੋਊ ਵਿੰਡ ਹੈ ਵੀਰ ਜੀ ਏਹਦੇ ਵਿਚੋਂ, ਨਾਰਲੀ ਨਾਰਲਾ ਦਿਆਂ ਗਣਾ ਸਮਝੋ।
ਨੋਧ ਸਿੰਘ ਪਠਾਣਕਾ ਏਹਦੇ ਵਿਚੋਂ, ਰਿਹਾ ਵਿਚ ਅਮਰੀਕਾ ਦੇ ਜਾ ਸਮਝੋ।
ਰੂੜ੍ਹੀ** ਵਾਲਿਓਂ ਸਿੰਘ ਸ਼ਹੀਦ ਹੋਏ, ਸਾਡੇ ਵਿਚੋਂ ਸੀ ਦਿਆਂ ਸੁਣਾ ਸਮਝੋ।

---

* ਏਹ ਸੰਤ ਮੰਡਲੀ ਮਹਾ ਪਰਨ ਮਹਾਤਮਾ ਰਣਜੀਤ ਸਿੰਘ ਮਹਾਰਾਜੇ ਦੇ ਵਕਤ ਹੋਏ ਹਨ ਜੀ। ਆਪਣੇ ਆਪ ਨੂੰ ਏਹ ਸੰਤ ਛਪਾ ਕਰ ਰਖ ਰਹੇ ਸਨ ਮਗਰ ਲਾਲ ਕਦ ਗੁੱਝੇ ਰਹਿੰਦੇ ਹਨ ਜੀ। ਪਰਗਟ ਹੋ ਜਾਦੇ ਹਨ। ਸਰਦਾਰ ਸ਼ਾਮ ਸਿੰਘ ਅਟਾਰੀ ਵਰਗੇ ਸੂਰਬੀਰ ਏਹਨਾ ਦੀ ਸੇਵਾ ਕਰਦੇ ਰਹੇ ਹਨ ਜੀ।

[** ਪਿੰਡ ਰੂੜੀਵਾਲਾ ਦੇ ਚਾਰ ਗ਼ਦਰੀ ਫੌਜੀਆ ਨੂੰ ੩ ਸਤੰਬਰ, ੧੯੧੫ ਨੂੰ ਅੰਬਾਲਾ ਜੇਲ੍ਹ ਵਿਚ ਫਾਂਸੀ ਦਿਤੀ ਗਈ ਸੀ :
- ਸਹੀਦ ਵਧਾਵਾ ਸਿੰਘ ਸਪੁਤਰ ਸ. ਸੁਰੈਣ ਸਿੰਘ।
- ਸਹੀਦ ਭਾਗ ਸਿੰਘ ਸਪੁਤਰ ਸ. ਬੂੜ ਚੰਦ।
ਸ਼ਹੀਦ ਮੇਤਾ ਸਿੰਘ ਸਪੁਤਰ ਸ: ਈਸ਼ਰ ਸਿੰਘ।
- ਸ਼ਹੀਦ ਤਾਰਾ ਸਿੰਘ ਸਪੁਤਰ ਸ: ਸਾਮ ਸਿੰਘ। –ਸੰਪਾਦਕ]

ਮੇਰੀ ਸਮਝ ਮੇਂ ਬਹੁਤ ਗਰੰਥ ਵੱਧਦਾ, ਲਿਖਾਂ ਅਗੇ ਨਾ ਮੁੜਾਂ ਪਿਛਾਹ ਸਮਝੋ।
ਏਸ ਵਿਚੋਂ ਹੈ ਖਾਨ ਜੀ ਦਾਨ ਸਾਡਾ, ਪਿਛੇ ਦੀਆ ਹੈ ਜੋ ਲਿਖਾ ਸਮਝੋ।

ਪਤੀ ਸੂਰੇ ਕੀ ਵਿਚ ਦਦੇਹਰ ਦੇ ਜੀ, ਵੱਡਾ ਸੂਰਾ ਸੀ ਓਸਦਾ ਨਾਂ ਸਮਝੋ।
ਭਾਈ ਸੂਰੇ ਦਾ ਦੂਆ ਰਮਧੀਰ ਸੀ ਜੀ, ਅੰਮ੍ਰਿਤ ਛਕਿਆ ਸੀ ਗੁਰਾਂ ਤੋਂ ਜਾ ਸਮਝੋ।
ਅੰਮ੍ਰਿਤ ਛੱਕ ਰਮਧੀਰ ਜੀ ਸਿੰਘ ਬਣਿਆ, ਅੰਮ੍ਰਿਤ ਦੀਆ ਦਸਮੇਸ਼ ਪਿਲਾ ਸਮਝੋ।
ਘਰ ਸੂਰੇ ਦੇ ਪੁਤਰ ਸੀ ਮੋਹਰਾ ਹੋਇਆ, ਜੋੜੀ ਲਈ ਸੀ ਦੁਹਾਂ ਬਣਾ ਸਮਝੋ।
ਚਾਚੇ ਰਲ ਭਤੀਜੇ ਜੀ ਸੇਵ ਕੀਤੀ, ਦੋਵੇ ਰਹੇ ਪ੍ਰੇਮ ਨਿਭਾ ਸਮਝੋ।
ਚਰਨੀ ਲਗੇ ਜੀ ਆਣ ਦਸਮੇਸ ਦੇ ਜੀ, ਸੇਵਾ ਪ੍ਰੇਮ ਸੇ ਰਹੇ ਕਮਾ ਸਮਝੋ।
ਕੀਤੀ ਮੇਹਰ ਮਹਾਰਾਜ ਦਿਆਲ ਹੋਏ, ਗੁਰੂ ਸਾਹਿਬ ਜੀ ਦੇਣ ਦੁਆ ਸਮਝੋ।
ਚਲ ਲਿਖ ਤੂ ਕਵੀ ਹੁਣ ਹਾਲ ਅਗਲਾ, ਲਈਆਂ ਸੰਗਤਾਂ ਗੁਰਾਂ ਮੰਗਾ ਸਮਝੋ।
ਸਾਡੇ ਵਡੇ ਸੀ ਮੰਨਦੇ ਜੋਗੀਆਂ ਨੂੰ, ਸੰਧੂ ਗੋਤ ਸੀ ਰਹੇ ਸਦਾ ਸਮਝੋ।
ਗੁਰੂ ਨਾਨਕ ਦਸਮੇਸ ਜੀ ਮੇਹਰ ਕੀਤੀ, ਸੰਧੂ ਜੋਗੀ ਤਾਂ ਦੀਏ ਭਜਾ* ਸਮਝੋ।
ਛਕਾ ਅੰਮ੍ਰਿਤ ਸੀ ਗੁਰਾ ਤਿਆਰ ਕੀਤੇ, ਗਾਡੀ ਰਸਤਾ ਸੀ ਦੀਆ ਬਤਾ ਸਮਝੋ।
ਸੇਵਾਦਾਰ ਵਸਾਖ ਨੂੰ ਬਖਸ਼ ਲੋ ਜੀ, ਦਿਤੇ ਭਗਤ ਜਿਉਂ ਪਾਰ ਲੰਘਾ ਸਮਝੋ।

¤ ¤ ¤

[* ਅੰਮ੍ਰਿਤ ਛੱਕ ਕੇ ਜ਼ਾਤ ਗੋਤ ਰਹਿਤ ਹੋ ਗਏ ਤੇ ਨਾਲੇ ਜੋਗੀਆ ਦੀ ਪੂਜਾ ਛੱਡ ਦਿਤੀ। – ਸੰਪਾਦਕ]

# 6.

# ਦਸ਼ਮੇਸ਼ ਗੁਰੂ ਜੀ ਦਾ ਪੰਥ ਸਾਜਣਾ ਤੇ ਦੋ ਬਜ਼ੁਰਗਾਂ ਦਾ ਅੰਮ੍ਰਿਤ ਪਾਨ ਕਰਨਾ

ਕੇਸਗੜ੍ਹ ਵਸਾਖੀ ਦਾ ਦਿਨ ਸੰਤੋ, ਸੋਹਣੀ ਸੰਗਤੇ ਬਣਤ ਬਣੌਣ ਗੁਰ ਜੀ।
ਲਖਾ ਸਿੰਘ ਸਨ ਸੰਗਤੇ ਹੋਏ ਕੱਠੇ, ਸੋਹਣਾ ਆਪ ਦੀਵਾਨ ਸਜੌਣ ਗੁਰ ਜੀ।
ਥੋੜ੍ਹਾ ਚਿਰ ਜੀ ਤੰਬੂ ਵਿਚ ਬੈਠ ਕਰਕੇ, ਫੇਰ ਆ ਕਰ ਦਰਸ ਦਿਖੌਣ ਗੁਰ ਜੀ।
ਚੰਦਰਮਾ ਹੈ ਜਿਸ ਤਰ੍ਹਾ ਤਾਰਿਆ ਮੇਂ, ਐਸੇ ਸਿਖਾਂ ਮੇਂ ਆਪ ਸੁਹੌਣ ਗੁਰ ਜੀ।
ਹੱਥਾ ਵਿਚ ਭਗੌਤੀ ਜੀ ਲੈ ਕਰਕੇ, ਜੋਸ਼ ਨਾਲ ਫਿਰ ਬਚਨ ਸੁਨੌਣ ਗੁਰ ਜੀ।
ਸਿਖੋ ਸੀਸ ਦੀ ਲੋੜ ਹੈ ਅਜ ਸਾਨੂੰ, ਭਗੌਤੀ ਹਥਾਂ ਮੇਂ ਨਾਲੇ ਲਹਿਰੌਣ ਗੁਰ ਜੀ।
ਸੰਗਤ ਸਾਰੀ ਹੀ ਨੀਂਵੀਆ ਪਾ ਬੈਠੀ, ਦੂਜੀ ਵੇਰ ਫਿਰ ਆਪ ਬਤੌਣ ਗੁਰ ਜੀ।
ਉਠੇ ਪੰਜ ਪਿਆਰੇ ਜੀ ਵਾਰੀ ਵਾਰੀ, ਅੰਮ੍ਰਿਤ ਪੰਜਾਂ ਨੂੰ ਆਪ ਪਿਲੌਣ ਗੁਰ ਜੀ।
ਪੰਝੀ ਫੇਰ ਸੀ ਉਠ ਤਿਆਰ ਹੋਏ, ਮੁਕਤੇ ਪਦਵੀ ਓਨ੍ਹਾਂ ਦੁਔਣ ਗੁਰ ਜੀ।
ਪਿਛੋਂ ਉਠ ਫਿਰ ਖੜੇ ਬੇਅੰਤ ਹਏ, ਅਪਰ ਅਪਾਰੀ ਹੋ ਆਪ ਵਡਿਔਣ ਗੁਰ ਜੀ।
ਵਡੇ ਦਾਸ ਦੇ ਏਹਨਾਂ ਦੇ ਵਿਚ ਦੋਵੇਂ, ਅੰਮ੍ਰਿਤ ਛੱਕ ਕਰ ਸੇਵਾ ਕਮੌਣ ਗੁਰ ਜੀ।
ਰਮਧੀਰ ਤੋਂ ਰਮਧੀਰ ਸਿੰਘ ਸਜਿਆ, ਸਿੰਘ ਨਾਲ ਪਰੇਮ ਸਜੌਣ ਗੁਰ ਜੀ।
ਮੋਹਰੇ ਸਿੱਖ ਤੋਂ ਬਣ ਗਿਆ ਮੋਹਰ ਸਿੰਘ ਜੀ, ਅੰਮ੍ਰਿਤ ਨਾਲ ਪ੍ਰੇਮ ਛਕੌਣ ਗੁਰ ਜੀ।

ਰਮਧੀਰ ਸਿੰਘ ਸੀ ਚਾਚਾ ਜੀ ਮੋਹਰ ਸਿੰਘ ਦਾ, ਕੋਲ ਦੁਹਾਂ ਨੂੰ ਸੱਤੇ ਰਖੌਣ ਗੁਰ ਜੀ।

ਪਰਸਾਦ ਤਿਆਰ ਸੀ ਯਾਰਾ ਸੌ ਦਾ ਜੀ, ਅਰਦਾਸਾ ਸੋਧ ਕਰ ਆਪ ਵਰਤੌਣ ਗੁਰ ਜੀ।

ਕੇਸਗੜ੍ਹ ਸੀ ਏਹ ਆਨੰਦ ਹੋਇਆ, ਬੁਜ਼ਦਿਲਾਂ ਨੂੰ ਸ਼ੇਰ ਬਨੌਣ ਗੁਰ ਜੀ।

ਜਥੇ ਪੰਜ ਬਣਾ ਪੰਜਾਂ ਪਿਆਰਿਆ ਦੇ, ਭੇਜੇ ਮੁਲਖ ਮੇ ਰੀਤੀ ਸਮਝੌਣ ਗੁਰ ਜੀ।

ਭਾਰਤ ਰੁੜ੍ਹਦੇ ਨੂੰ ਆਣ ਪ੍ਰੇਮ ਸੇ ਜੀ, ਬਾਹੋਂ ਪਕੜ ਕਰ ਆਪ ਅਟਕੌਣ ਗੁਰ ਜੀ।

ਚਿੜੀ ਜਿਨ੍ਹਾਂ ਤੋਂ ਕਦੇ ਵੀ ਮਰੀ ਨਾ ਸੀ, ਸ਼ੇਰ ਓਨ੍ਹਾ ਦੇ ਕੋਲੋਂ ਮਰਵੌਣ ਗੁਰ ਜੀ।

ਛੂਤ ਜਾਤਾ ਨੂੰ ਪਾਧੇ ਦੁਰਕਾਰਦੇ ਸੀ, ਭੁਜਾ ਪਕੜ ਕਰ ਛਾਤੀ ਸੇ ਲੌਣ ਗੁਰ ਜੀ।

ਵਿਦਿਆ ਦਿਤੀ ਪੜ੍ਹਾ ਪਰੇਮ ਸੇ ਜੀ, ਯੁਧ ਕਰਨ ਦੇ ਢੰਗ ਸਿਖੌਣ ਗੁਰ ਜੀ।

ਦੀਏ ਅਖੀਂ ਵਖਾ ਨੀਚੋਂ ਉਚ ਕਰਕੇ, ਦੁਨੀਆਂ ਵਿਚ ਸਚਿਆਈ ਵਰਤੌਣ ਗੁਰ ਜੀ।

ਸਫ਼ਾ ਚੰਗੀ ਉਠਾਈ ਪਾਖੰਡ ਵਾਲੀ, ਜੜ੍ਹ ਜ਼ੁਲਮ ਦੀ ਸੋਹਣੀ ਹਿਲੌਣ ਗੁਰ ਜੀ।

ਗੋਊ ਗਰੀਬ ਦੀ ਰਛਿਆ ਖੂਬ ਕੀਤੀ, ਜ਼ਾਲਮ, ਮਾਰ ਕਰ ਢ੍ਹਾਵਾ ਦਬੌਣ ਗੁਰ ਜੀ।

ਮੇਰੀ ਲੱਖ ਡੰਡੌਤ ਹੈ ਸਤਿਗੁਰਾ ਨੂੰ, ਦਇਆ ਕਰਨ ਤੇ ਦਰਸ ਦਿਖੌਣ ਗੁਰ ਜੀ।

ਗੁਰੂ ਸਾਹਿਬ ਜੀ ਦੇਣ ਦੀਦਾਰ ਛੇਤੀ, ਉਡੀਕ ਰਿਹਾ ਹਾਂ ਕਦੇ ਫਿਰ ਔਣ ਗੁਰ ਜੀ।

ਜ਼ੁਲਮ ਹੱਦੋ ਟੱਪਾ ਦੀਆ ਜਾਲਮਾ ਨੇ, ਮਜ਼ਾ ਜ਼ਾਲਮਾ ਆਣ ਚਖੌਣ ਗੁਰ ਜੀ।

ਸੁਣ ਲੈਣ ਜੇ ਕੂਕ ਵਸਾਖ ਦੀ ਜੀ, ਮੇਹਰ ਕਰਨ ਤੇ ਫੇਰੀਆਂ ਪੌਣ ਗੁਰ ਜੀ।

ਧ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਖੇਪ ਸਿੱਖਿਆ ਤੇ ਦਾਸ ਦੇ ਦੋ ਬਜ਼ੁਰਗਾਂ ਦੇ ਸੰਖੇਪ ਹਾਲਾਤ

ਸਿੰਘ ਕਰ ਤਿਆਰ ਦਸ਼ਮੇਸ ਗੁਰ ਜੀ, ਲਾ ਦੀਵਾਨ ਓਹ ਸਦਾ ਸਮਝਾਂਵਦੇ ਰਹੇ।
ਗੁਰਾ ਗੀਦੀਉਂ ਸ਼ੇਰ ਬਣਾਏ ਸੂਰੇ, ਬੁਜ਼ਦਿਲਾਂ ਨੂੰ ਟੁੰਬ ਜਗਾਵਦੇ ਰਹੇ।
ਗਊ ਗਰੀਬ ਦੀ ਪੈਹਲਾਂ ਸੰਭਾਲ ਕਰਕੇ, ਮਾਰ ਜ਼ਾਲਮਾਂ ਫੇਰ ਦਬਾਂਵਦੇ ਰਹੇ।
ਸਾਧ ਸੰਤ ਦੀ ਰਛਿਆ ਕਰ ਕੇ ਤੇ, ਪਿਛੋਂ ਪਾਪੀਆ ਮਜ਼ਾ ਚਖਾਂਵਦੇ ਰਹੇ।
ਨਾਲੇ ਸਿਖਿਆ ਦੇ ਕਰ ਸੰਗਤਾ ਨੂੰ, ਭੈ ਮਰਨ ਦਾ ਦੂਰ ਭਜਾਂਵਦੇ ਰਹੇ।
ਜਾਲ ਤੋੜ ਕਰ ਵੈਹਮ ਪਾਖੰਡ ਵਾਲਾ, ਰਸਤਾ ਸਚਾ ਸੀ ਸਦਾ ਬਤਾਵਦੇ ਰਹੇ।
ਸੇਵਾਦਾਰ ਦੇ ਵੱਡੇ ਸਨ ਨਾਲ ਦੋਵੇਂ, ਸੋਹਣੀ ਗੁਰਾਂ ਦੀ ਸੇਵ ਕਮਾਵਦੇ ਰਹੇ।
ਝਟ ਪਟ ਹੀ ਹੁਕਮ ਮਨਜੂਰ ਕਰਨਾ, ਸਚੇ ਸਤਿਗੁਰ ਜੋ ਫ਼ਰਮਾਂਵਦੇ ਰਹੇ।
ਸੈਨਤ ਸਮਝ ਕਰ ਸਚੇ ਜੀ ਪਾਤਸ਼ਾਹ ਦੀ, ਝੱਟ ਓਧਰੇ ਭੱਜਕੇ ਜਾਂਵਦੇ ਰਹੇ।
ਚਾਚਾ ਸਿੰਘ ਰਮਧੀਰ ਪਛਾਣ ਲਵੋ, ਸਦਾ ਗੁਰਾਂ ਦਾ ਹੁਕਮ ਸੀ ਚਾਂਵ੍ਹਦੇ ਰਹੇ।
ਮੋਹਰ ਸਿੰਘ ਸੀ ਸੱਕਾ ਭਤੀਆ ਇਸਦਾ, ਜੋੜੀ ਚਾਚੇ ਦੇ ਨਾਲ ਬਣਾਂਵਦੇ ਰਹੇ।
ਗੁਰੂ ਸਾਹਿਬ ਦੇ ਨਾਲ ਏਹ ਸੰਗਤੇ ਜੀ, ਖੰਡਾ ਵਾਹਕੇ ਹਥ ਦਖਾਂਵਦੇ ਰਹੇ।
ਗਲਤੀ ਕੀਤੀ ਹੈ ਤਵਾ ਜੀ ਰੀਖ ਵਾਲੇ, ਹਾਲ ਸਾਰਾ ਜੇ ਨਹੀਂ ਲਖਾਂਵਦੇ ਰਹੇ।
ਸੈਦ ਜ਼ੁਲਮ ਜਦ ਕੀਤੇ ਸੀ ਜ਼ਾਲਮਾ ਜੋ, ਤਵਾਰੀਖਾਂ 'ਜੋ ਸਾੜ ਸਟਾਵਦੇ ਰਹੇ।
ਸਚ ਲਿਖੂੰ ਮੈ ਸੰਗਤੇ ਹਾਲ ਪਿਛਲਾ, ਬਿਰਧ ਬਾਬੇ ਜੋ ਮੈਨੂੰ ਬਤਾਵਦੇ ਰਹੇ।
ਚਾਚਾ ਰਹੇ ਭਤੀਆ ਸੀ ਸੇਵ ਕਰਦੇ, ਸਚੇ ਸਤਿਗੁਰੂ ਜਿਧਰ ਭਜਾਂਵਦੇ ਰਹੇ।
ਸੇਵਾਦਾਰ ਵਸਾਖ ਤੇ ਦਇਆ ਕਰਨੀ, ਪੂਰਬ ਜਨਮ ਜੋ ਪਾਪ ਕਮਾਂਵਦੇ ਰਹੇ।

ਖ

## ਬਾਬੇ ਮੋਹਰ ਸਿੰਘ ਦੇ ਚਾਚੇ
## ਰਮਧੀਰ ਸਿੰਘ ਦੀ ਸੇਵਾ ਤੇ ਉਸਦਾ ਵਰਨਣ

ਮੋਹਰ ਸਿੰਘ ਦਾ ਚਾਚਾ ਰਮਧੀਰ ਸਿੰਘ ਜੀ, ਸੇਵਾ ਗੁਰਾ ਦੀ ਓਸ ਕਮਾਈ ਸੋਹਣੀ।
ਜਿਨਾ ਚਿਰ ਸੀ ਰਹੇ ਦਸਮੇਸ਼ ਪਿਤਾ, ਨਾਲ ਓਨ੍ਹਾਂ ਭਗੌਤੀ ਖੜਕਾਈ ਸੋਹਣੀ।
ਪਿਛੋਂ ਰਲ ਕਰ ਬੰਦੇ ਜੀ ਨਾਲ ਸੰਤੋ, ਰੱਖ ਸੂਰਮੇ ਚੰਗੀ ਵਖਾਈ ਸੋਹਣੀ।
ਬੰਦਾ ਜਦੋਂ ਸੀ ਗੰਦਾ ਜੀ ਹੋਏ ਗਿਆ, ਬੁਢੇ ਦਲ ਨਾਲ ਉਹਦੀ ਰਹਿ ਆਈ ਸੋਹਣੀ।
ਕਿਲ੍ਹਾ ਮਾਰਿਆ ਜਾ ਬੁੜੈਲ ਦਾ ਜੀ, ਬੁਢੇ ਦਲ ਨੇ ਕੀਤੀ ਸੁਧਾਈ ਸੋਹਣੀ।
ਬੁਢੇ ਦਲ ਦੇ ਨਾਲ ਰਮਧੀਰ ਸਿੰਘ ਸੀ, ਬੁੜੈਲ ਕੀਤੀ ਸੀ ਜਾ ਚੜ੍ਹਾਈ ਸੋਹਣੀ।
ਬੁਢੇ ਦਲ ਜਾਂ ਵੇਖੇ ਸੀ ਹੱਥ ਉਹਦੇ, ਵ੍ਹਾਵਾ ਆਖ ਕਰ ਕੀਤੀ ਵਡਿਆਈ ਸੋਹਣੀ।
ਬਢੇ ਕਹਿਣ ਤੂੰ ਰਹੇ ਖਾਂ ਏਸ ਜਗ੍ਹਾ, ਏਥੇ ਆਣ ਤੂੰ ਧੂੜ ਧੁਮਾਈ ਸੋਹਣੀ।
ਬੁਢੇ ਦਲ ਦਾ ਬਚਨ ਜੀ ਮੰਨ ਕਰਕੇ, ਸਭਨਾ ਰੱਲ ਅਰਦਾਸ ਸੁਧਾਈ ਸੋਹਣੀ।
ਬੁਢਾ ਦਲ ਫਿਰ ਮੁੜ ਪਿਛਾ ਆਇਆ, ਓਸ ਆਪਣੀ ਅੰਸ ਮੰਗਾਈ ਸੋਹਣੀ।
ਸਾਰੀ ਆਪਣੀ ਅੰਸ ਮੰਗਵਾ ਕਰਕੇ, ਜਿਮੀਂਦਾਰੀ ਦੀ ਕਾਰ ਚਲਾਈ ਸੋਹਣੀ।
ਅੰਸ ਉਸਦੀ ਵਸਦੀ ਓਸ ਜਗ੍ਹਾ, ਜਿਵੇਂ ਉਸ ਮਹਾਰਾਜ ਨੂੰ ਭਾਈ ਸੋਹਣੀ।
ਇਹ ਮੈਂ ਲਿਖਿਆ ਹੈ ਸਚ ਵੀਚਾਰ ਸੰਤੋ, ਬਿਰਧ ਸਾਡੇ ਇਕ ਸਾਨੂੰ ਬਤਾਈ ਸੋਹਣੀ।
ਨਾਮ ਉਨ੍ਹਾ ਦਾ ਈਸਰ ਸੀ ਸਿੰਘ ਸੰਤੋ, ਸਾਖੀ ਉਸਨੇ ਮੈਨੂੰ ਸੁਣਾਈ ਸੋਹਣੀ।
ਮੇਰੇ ਬਾਬੇ ਦਾ ਪੁਤਰ ਭਰਾ ਸਮਝੋ, ਨੱਬੇ ਸਾਲ ਹੈ ਉਮਰ ਸੁਹਾਈ ਸੋਹਣੀ।
ਜੇ ਕੋ ਪੁਛਣਾ ਚਾਵ੍ਹੇ ਤਾ ਪੁਛ ਸਕਦੈ, ਝੂਠ ਏਸਦੇ ਵਿਚ ਨਾ ਰਾਈ ਸੋਹਣੀ।
ਕਥਾ ਪੂਰੀ ਏਹ ਹੋਈ ਰਮਧੀਰ ਸਿੰਘ ਦੀ, ਦਿਨ ਦੁਪਹਿਰ ਦੇ ਵਕਤ ਲਖਾਈ ਸੋਹਣੀ।
ਸੇਵਾਦਾਰ ਵਸਾਖ ਤੇ ਦਇਆ ਕਰਨੀ, ਗਊ ਨਾਮੇ ਦੀ ਜਿਵੇਂ ਜਿਵਾਈ ਸੋਹਣੀ।

ਸ਼ ਸ਼ ਸ਼

# 7.

## ਬਾਬੇ ਮੋਹਰ ਸਿੰਘ (ਪੜਦਾਦੇ) ਨੂੰ ਦਸ਼ਮੇਸ਼ ਜੀ ਤੋਂ ਵਰ ਮਿਲਣਾ ਤੇ ਉਹਨਾਂ ਦੀ ਕੁਲ ਦਾ ਵਰਣਨ

ਰਮਧੀਰ ਸਿੰਘ ਦਾ ਭਤੀਆ ਜੋ ਮੋਹਰ ਸਿੰਘ ਸੀ, ਗੁਰੂ ਸਾਹਿਬ ਦੀ ਸੇਵਾ ਕਮਾਂਵਣੇ ਨੂੰ।
ਅੱਠੇ ਪਹਿਰ ਹੀ ਨਾਲ ਪਰੇਮ ਦੇ ਜੀ, ਦਿਲ ਲੋਚੇ ਸੋ ਦਰਸ ਜੀ ਪਾਵਣੇ ਨੂੰ।
ਗੁਰੂ ਸਾਹਿਬ ਦੇ ਪਾਸ ਰਹੇ ਭੀੜ ਲਗੀ, ਮੌਕਾ ਮਿਲੇ ਨਾ ਅਰਜ਼ ਸੁਨਾਵਣੇ ਨੂੰ।
ਘਟ ਘਟ ਦੀ ਜਾਨਣੇਹਾਰ ਗੁਰ ਜੀ, ਬੁਲੌਣ ਕਦੇ ਨਾ ਦਿਲ ਪਰਖਾਵਣੇ ਨੂੰ।
ਮੋਹਰ ਸਿੰਘ ਜੀ ਰਹਿਣ ਫਿਰ ਸੇਵ ਕਰਦੇ, ਰਾਤ ਆਂਵਦੀ ਪਛੋ ਫਿਰ ਤਾਵਨੇ ਨੂੰ।
ਮੋਹਰ ਸਿੰਘ ਦਾ ਦਾਸ ਪੜੋਤਰਾ ਜੀ, ਤੱਕ ਰਿਹਾ ਜੋ ਦਾਅ ਲਗਾਵਣੇ ਨੂੰ।

ਇਕ ਦਿਨ ਨੇਤ ਕਰਤਾਰ ਜੋ ਹੋਈ ਸੰਤੋ, ਸੇਵਾ ਮੋਹਰ ਸਿੰਘ ਰਿਹਾ ਕਮਾ ਸੀ ਜੀ।
ਅਚਨਚੇਤ ਹੀਂ ਗੁਰੂ ਜੀ ਆਏ ਨੇੜੇ, ਮੋਹਰ ਸਿੰਘ ਨੂੰ ਲਿਆ ਬੁਲਾ ਸੀ ਜੀ।
ਦਸ ਕਾਕਿਆ ਕਿਆ ਹੈ ਨਾਮ ਤੇਰਾ, ਮੁਖੋਂ ਸਤਿਗੁਰੂ ਕਿਹਾ ਫ਼ਰਮਾ ਸੀ ਜੀ।
ਕਿੰਨੇ ਭਾਈ ਤੇ ਕਿਤਨੇ ਹੈ ਬਾਲ ਤੇਰੇ ਗੁਰੂ ਸਾਹਿਬ ਨੇ ਕਿਹਾ ਵਡਿਆ ਸੀ ਜੀ।
ਮੋਹਰ ਸਿੰਘ ਨੇ ਨਾਲ ਪਰੇਮ ਦੇ ਜੀ, ਗੁਰੂ ਸਾਹਿਬ ਨੂੰ ਦੀਆ ਬਤਾ ਸੀ ਜੀ।
ਭਾਈ ਕੋਈ ਨਾ ਮੇਰਾ ਹੈ ਸਤਿਗੁਰ ਜੀ, ਹੋਇਆ ਅਜੇ ਨਾ ਮੇਰਾ ਵਿਆਹ ਸੀ ਜੀ।

ਕਈ ਪੀੜ੍ਹੀਆਂ ਕੱਲੇ ਹੀ ਕੱਲੇ ਔਂਦੇ, ਐਸੀ ਹੋਈ ਕਰਤਾਰ ਰਜ਼ਾ ਸੀ ਜੀ।
ਕਈ ਪੀੜ੍ਹੀਆਂ ਪਿਛੋਂ ਜੀ ਆਣ ਕਰਕੇ, ਮੇਰੇ ਬਾਪ ਦਾ ਹੋਇਆ ਭਰਾ ਸੀ ਜੀ।
ਸੋ ਵੀ ਰਹੇ ਹਾਂ ਸੇਵਾ ਕਮਾ ਤੁਸਾ, ਦੀਏ ਆਪ ਨੇ ਸਿੰਘ ਸਜਾ ਸੀ ਜੀ।
ਚਾਚਾ ਸਿੰਘ ਰਮਧੀਰ ਹੈ ਦਾਸ ਦਾ ਜੀ, ਅੰਮ੍ਰਿਤ ਆਪ ਨੇ ਦੀਆ ਪਿਲਾ ਸੀ ਜੀ।
ਐਸਾ ਸੁਣ ਕਰ ਸਤਿਗੁਰ ਹੱਸ ਪਏ ਜੀ, ਚਿਹਰਾ ਹੱਸ ਮੁਖਾ ਲਿਆ ਬਣਾ ਸੀ ਜੀ।
ਪੁਤਰ ਹੋਣਗੇ ਤੇਰੇ ਪੰਜ ਮੋਹਰ ਸਿੰਘ ਜੀ, ਸਚੇ ਸਤਿਗੁਰ ਦੀਆਂ ਫਰਮਾ ਸੀ ਜੀ।
ਵਿਆਹਿਆ ਜਾਏਂਗਾ ਘਰ ਤੂੰ ਭਲੇ ਭਾਈ, ਮੋਹਰ ਸਿੰਘ ਨੂੰ ਦੀਆ ਵਡਿਆ ਸੀ ਜੀ।
ਗੁਰੂ ਸਾਹਿਬ ਦੇ ਬਚਨ ਜੀ ਸੁਣ ਕਰਕੇ, ਸੀਸ ਮੋਹਰ ਸਿੰਘ ਦੀਆ ਨਿਵਾ ਸੀ ਜੀ।
ਤੇਰੀ ਕੁਲ ਮੇਂ ਸਿਖੀ ਤੇ ਭਗਤੀ ਰਹਿਸੀ, ਗੁਰੂ ਦਸ਼ਮੇਸ਼ ਜੀ ਦੀਆ ਬਤਾ ਸੀ ਜੀ।
ਸਤਿਗਰ ਦੇ ਪਿਆਰ ਸੀ ਤੁਰ ਗਏ, ਮੋਹਰ ਸਿੰਘ ਜੀ ਰਹੇ ਉਥਾਂ ਸੀ ਜੀ।
ਬਖਸ਼ੀ ਖੁਸੀ ਜੋ ਗੁਰਾਂ ਨੇ ਆਣ ਕਰਕੇ, ਸ਼ੁਕਰ ਰਿਹਾ ਫਿਰਿ ਉਹ ਮਨਾ ਸੀ ਜੀ।
ਕਰੀਂ ਮੇਹਰ ਮਹਾਰਾਜ ਵਸਾਖ ਉਪਰ, ਜਿਵੇਂ ਦੀਏ ਸੀ ਵਰ ਸੁਣਾ ਸੀ ਜੀ।

## ਕਥਾ ਬਾਬੇ ਮੋਹਰ ਸਿੰਘ ਜੀ ਦੀ -
## ਨਾਲੇ ਉਨ੍ਹਾਂ ਦੀ ਕੁਲ ਦਾ ਵਰਣਨ

ਮੋਹਰ ਸਿੰਘ ਜੀ ਪਾ ਕੇ ਵਰ ਸੋਹਣਾ, ਸੱਚੇ ਸਾਹਿਬਾਂ ਦੀ ਸੇਵਾ ਕਮਾਉਣ ਲਗੇ।
ਜੋ ਵੀ ਬਚਨ ਫ਼ੁਰਮਾਨ ਸਤਿਗੁਰ ਜੀ, ਓਹੀ ਮੰਨ ਕਰ ਉਧਰੇ ਜਾਣ ਲਗੇ।

ਬਾਣ ਛੁਟੇ ਸੀ ਪੂਰੇ ਜੋ ਸਤਗੁਰ ਦੇ, ਜ਼ਾਹਰ ਹੋਕਰ ਸੰਤੋ ਦਖਾਣ ਲਗੇ।
ਪੰਜ ਪੁਤਰ ਫਿਰ ਸੰਗਤੇ ਠੀਕ ਹੋਏ, ਪੈਦਾ ਹੋਕਰ ਖੰਡਾ ਖੜਕਾਣ ਲਗੇ।
ਜੇਠਾ ਪੁਤ ਸੀ ਸੰਗਤੇ ਸੋਭਾ ਸਿੰਘ ਜੀ, ਜਸਾ ਸਿੰਘ ਜੀ ਨਾਲ ਰਖਾਣ ਲਗੇ।
ਮਿਸਲ ਆਲੂਆ ਵਾਲੀ ਦੇ ਨਾਲ ਸੰਤੋ, ਸੋਭਾ ਸਿੰਘ ਜੀ ਸਾਥ ਨਿਭਾਣ ਲਗੇ।
ਕਈ ਸਾਲਾ ਤਕ ਪਾਪੀਆਂ ਜ਼ਾਲਮਾ ਨੂੰ, ਖੰਡਾ ਵਾਹ ਕਰ ਖੂਬ ਦਬਾਨ ਲਗੇ।
ਜਿਧਰ ਜਾਂਵਦੇ ਸੂਰਮੇ ਧਾਈ ਕਰਕੇ, ਜੈਕਾਰੇ ਛੱਡ ਫਿਰ ਫਤਹਿ ਬੁਲਾਨ ਲਗੇ।
ਜੋਰ ਵਧਦਾ ਜਾਂਵਦਾ ਖਾਲਸੇ ਦਾ, ਪੈਰ ਵੈਰੀ ਸਨ ਸੰਤੋ ਖਿਸਕਾਨ ਲਗੇ।
ਸੇਵਾਦਾਰ ਵਸਾਖ ਦੀ ਬੇਨਤੀ ਜੀ, ਏਸੇ ਤਰ੍ਹਾਂ ਜੀ ਤਾਕਤ ਵਧਾਨ ਲਗੇ।

ਖ

## ਦੂਸਰੇ ਪੁੱਤਰ ਬਾਬਾ ਜੋਗਾ ਸਿੰਘ ਜੀ ਦੇ ਹਾਲਾਤ

ਪੁਤਰ ਦੂਸਰਾ ਸਮਝ ਲਓ ਜੋਗਾ ਸਿੰਘ ਜੀ, ਫੂਲਾ ਸਿੰਘ ਨਿਹੰਗ ਰਖਾ ਲਿਆ ਸੀ।
ਤਾਕਤਵਰ ਤੇ ਕਦ ਸੀ ਬਹੁਤ ਵੱਡਾ, ਖੰਡਾ ਪਕੜ ਕਰ ਨਾਲ ਫਿਰ ਆ ਗਿਆ ਸੀ।
ਬਹੁਤ ਚਿਰ ਏਹ ਜੀਂਵਦਾ ਰਿਹਾ ਪਿਛੋਂ, ਫੂਲਾ ਸਿੰਘ ਸ਼ਹੀਦੀ ਜਦ ਪਾ ਗਿਆ ਸੀ।
ਬਹੁਤ ਸਜਣਾ ਏਹਨਾਂ ਦਾ ਦਰਸ ਕੀਤੈ, ਖੰਡਾ ਵਾਹ ਕਰ ਚੰਗਾ ਵੱਖਾ ਗਿਆ ਸੀ।
ਰਾਜ ਨਿਬੜ ਚੁਕਾ ਜਦੋਂ ਖ਼ਾਲਸੇ ਦਾ, ਇਹ ਘਰ ਨੂੰ ਸੰਗਤੇ ਆ ਗਿਆ ਸੀ।
ਸਿੰਘ ਦਾਸ ਵਸਾਖ ਪੁਕਾਰ ਕੈਂਹਦਾ, ਬਾਕੀ ਘਰ ਏਹ ਉਮਰ ਬਿਤਾ ਗਿਆ ਸੀ।

ਖ

## ਤੀਸਰੇ ਬਾਬੇ ਤੇਗਾ ਸਿੰਘ ਜੀ

ਤੇਗਾ ਸਿੰਘ ਜੀ ਸੀ ਜਤੀ ਤੇ ਸਤੀ ਭਾਰੇ, ਏਹਨਾਂ ਆਪਣਾ ਵਿਆਹ ਕਰਾਇਆ ਨਾ।
ਬਾਲ ਉਮਰ ਤੋਂ ਨਾਮ ਧਿਆਂਵਦੇ ਰਹੇ, ਵਿਚ ਕੂੜ ਦੇ ਚਿਤ ਫਸਾਇਆ ਨਾ।
ਭਰਤੀ ਵਿਚ ਲਾਹੌਰ ਦੇ ਹੋਏ ਜਾਕੇ, ਹਰੀ ਸਿੰਘ ਦਾ ਸਾਥ ਤੁੜਾਇਆ ਨਾ।
ਮੋਹ ਤੋੜ ਕਰ ਘਰ ਜੀ ਬਾਰ ਵਾਲੇ, ਜਿਓਂ ਗਿਆ ਫਿਰ ਘਰ ਨੂੰ ਆਇਆ ਨਾ।
ਹਰੀ ਸਿੰਘ ਜਰਨੈਲ ਦੇ ਨਾਲ ਸੰਤੋ, ਅਗੇ ਵਧਦਾ ਪਿਛਾਂ ਮੁੜ ਆਇਆ ਨਾ।
ਹਰ ਇਕ ਸੀ ਜੰਗ ਦੇ ਵਿਚ ਸਾਮਲ, ਕਿਸੇ ਜੰਗ ਤੋਂ ਜੀ ਚੁਰਾਇਆ ਨਾ।
ਭਾਣਾ ਵਰਤਿਆ ਓਸ ਕਰਤਾਰ ਦਾ ਜੀ, ਰਹਿਣਾ ਸਚੇ ਮਹਾਰਾਜ ਨੂੰ ਭਾਇਆ ਨਾ।
ਵਿਚ ਆਣ ਲਾਹੌਰ ਦੇ ਫੁਟ ਪੈ ਗਈ, ਕੌਮ ਘਾਤੀਆਂ ਸੂਰਾ ਸੁਖਾਇਆ ਨਾ।
ਜੰਗ ਓਧਰ ਜੰਮਰੌਦ ਦਾ ਸਰੂ ਸੀ ਜੀ, ਪਤਾ ਭੇਜਿਆ ਅਗੇ ਪੁਚਾਇਆ ਨਾ।
ਹਰੀ ਸਿੰਘ ਜਰਨੈਲ ਜੋ ਖਬਰ ਭੇਜੇ, ਕੌਮ ਘਾਤੀਆਂ ਭੇਤ ਬਤਾਇਆ ਨਾ।
ਗੱਲ ਆਪਦੇ ਪਾਸ ਲੁਕਾ ਛੱਡਣ, ਹਰੀ ਸਿੰਘ ਦਾ ਰਹਿਣਾ ਉਨ ਭਾਇਆ ਨਾ।
ਮਦੱਦ ਵਿਚ ਜਮਰੌਦ ਨਾ ਪਹੁੰਚ ਸਕੀ, ਸੂਰਾ ਓੜਕ ਪਿਛਾਂ ਪਰਤਾਇਆ ਨਾ।
ਜਾਲਮ ਮਾਰਦੇ ਮਾਰਦੇ ਹੁਟ ਗਏ, ਗੋਲੀ ਆਪਦਾ ਵਾਰ ਗਵਾਇਆ ਨਾ।
ਕਾਰੀ ਜਖਮ ਲਗਾ ਹਰੀ ਸਿੰਘ ਤਾਈਂ, ਅਗਾ ਉਲਟਿਆ ਪਿਛਾਂ ਭੁਆਇਆ ਨਾ।
ਕਈ ਸੂਰਮੇ ਆਣ ਮੈਦਾਨ ਡਿਗੇ, ਜੋਸ਼ ਮਜ਼ਬ੍ਹੀ ਕਿਸੇ ਭੁਲਾਇਆ ਨਾ।
ਖਟਾ ਖੱਟ ਸੀ ਸਾਰ ਤੇ ਸਾਰ ਖੜਕੇ, ਫ਼ਰਕ ਸੂਰਮੇ ਕਿਸੇ ਰਖਾਇਆ ਨਾ।
ਗੋਲੀ ਵਰਸਦੀ ਆਣ ਜਿਉ ਮੇਘ ਵਰਸੇ, ਤੋਪਾ ਵਾਲਿਆਂ ਗੋਲਾ ਓਕਾਇਆ ਨਾ।

ਏਸ ਵਿਚ ਲੜਾਈ ਦੇ ਕੰਮ ਆਇਆ, ਫੇਰ ਸੂਰਮੇ ਦਰਸ ਦਿਖਾਇਆ ਨਾ।
ਸੇਵਾਦਾਰ ਵਸਾਖ ਬਿਆਣਦਾ ਜੀ, ਸੂਰਾ ਸੋਇਆ ਫਿਰ ਕਿਸੇ ਜਗਾਇਆ ਨਾ।

¤

## ਤਥਾ

ਹਰੀ ਸਿੰਘ ਜਰਨੈਲ ਜਦ ਘਾਇਲ ਹੋਇਆ, ਸੂਰਾ ਤੰਬੂ ਦੇ ਵਿਚ ਲੁਕਾਇਆ ਸੀ।
ਕਿਹਾ ਸੂਰਮੇ ਭੇਤ ਨਾ ਦਿਓ ਮੇਰਾ, ਢੰਗ ਨੀਤੀ ਦਾ ਸੂਰੇ ਅਪਣਾਇਆ ਸੀ।
ਜਿਨਾ ਚਿਰ ਲਾਹੌਰੋਂ ਨਾ ਮਦਦ ਆਵੇ, ਮਹਾਂ ਸਿੰਘ ਨੂੰ ਆਖ ਸੁਣਾਇਆ ਸੀ।
ਓਨਾ ਚਿਰ ਨਾ ਮਰਨਾ ਹੈ ਜਾਹਰ ਕਰਨਾ, ਏਹ ਸੂਰੇ ਨੇ ਬਚਨ ਫ਼ਰਮਾਇਆ ਸੀ।
ਜਦ ਗਿਆ ਮਹਾਂਰਾਜ ਸੀ ਆਪ ਚੜ੍ਹਕੇ, ਓਸ ਵਕਤ ਫਿਰ ਜ਼ਾਹਰ ਕਰਾਇਆ ਸੀ।
ਚਿਖਾ ਛਪੜੀ ਕੰਢੇ ਬਣਵਾ ਸੰਤੋ, ਉਤੇ ਸੂਰਮਾ ਉਹਦੇ ਟਿਕਾਇਆ ਸੀ।
ਚਾਰ ਸੂਰਮੇ ਨਾਲ ਸੀ ਹੋਰ ਪਾਏ, ਲਾਂਬੂ ਪੰਜਾਂ ਨੂੰ ਕੱਠਾ ਫਿਰ ਲਾਇਆ ਸੀ।
ਏਹਨਾਂ ਨਾਲ ਸੀ ਪੰਜਵਾਂ ਤੇਗਾ ਸਿੰਘ ਜੀ, ਖੰਡਾ ਸੂਰਮੇ ਓਥੇ ਚੰਗਾ ਵਾਹਿਆ ਸੀ।
ਵਿਚ ਜੰਗਾ ਦੇ ਹੱਥ ਵਖਾਏ ਚੰਗੇ, ਫਟ ਲੜਦਿਆਂ ਓਥੇ ਜੀ ਖਾਇਆ ਸੀ।
ਜਿਵੇਂ ਗਿਆ ਸੀ ਨਾਲ ਜੀ ਹਰੀ ਸਿੰਘ ਦੇ, ਸਾਥ ਸੋਹਣਾ ਨਿਭਾ ਵਖਾਇਆ ਸੀ।
ਕਠੇ ਸੂਰੇ ਗਏ ਗੁਰ ਪੁਰੀ ਅੰਦਰ, ਸਾਥ ਨਾਲ ਪਰੇਮ ਨਿਭਾਇਆ ਸੀ।
ਸੇਵਾਦਾਰ ਵਸਾਖ ਲਿਖਾਂਵਦਾ ਜੀ, ਬਿਰਧ ਸਿੰਘ ਤੋਂ ਜੈਸੇ ਸੁਣ ਪਾਇਆ ਸੀ।

¤

## ਬਾਬਾ ਮੇਘ ਸਿੰਘ ਤੇ ਬੋਘ ਸਿੰਘ ਜੀ

ਮੇਘ ਸਿੰਘ ਤੇ ਸੰਗਤੇ ਬੋਘ ਸਿੰਘ ਜੀ, ਕਮਾਈ ਧਰਮ ਗਰਿਸਥ ਨਿਭਾਇਆ ਸੋਹਣਾ।
ਤਿਨ ਬਾਹਰ ਤੇ ਦੋਵੇਂ ਏਹ ਰਹੇ ਘਰੇ, ਜ਼ਿਮੀਦਾਰੀ ਦਾ ਕੰਮ ਚਲਾਇਆ ਸੋਹਣਾ।
ਪੰਜੇ ਪੁੱਤਰ ਗਿਣਾਏ ਏਹ ਮੋਹਰ ਸਿੰਘ ਦੇ, ਬਚਨ ਗੁਰਾਂ ਦਾ ਪੂਰਾ ਹੋ ਆਇਆ ਸੋਹਣਾ।
ਸੇਵਾਦਾਰ ਵਸਾਖ ਦੀ ਬੇਨਤੀ ਜੀ, ਗੁਰੂ ਦਸਮੇਸ ਸੀ ਬਚਨ ਫ਼ਰਮਾਇਆ ਸੋਹਣਾ।

ਮ

## ਬਾਬੇ ਸੋਭਾ ਸਿੰਘ ਦੇ ਪੁਤਰ ਤੇ ਬਾਬੇ ਮੋਹਰ ਸਿੰਘ ਦੇ ਪੋਤਰੇ

ਤਿੰਨ ਪੁਤਰ ਹੋਏ ਘਰ ਸੋਭਾ ਸਿੰਘ ਦੇ, ਦੂਲਾ ਸਿੰਘ ਤੇ ਦੇਵਾ ਸਿੰਘ ਮਾਨੀਏ ਜੀ।
ਜੁਆਲਾ ਸਿੰਘ ਜੀ ਸਮਝ ਲਓ ਤੀਸਰੇ ਸੀ, ਹੋਏ ਤਿੰਨ ਭਰਾਂ ਏਹ ਠਾਨੀਏ ਜੀ।
ਦੂਲਾ ਸਿੰਘ ਜੀ ਨਾਲ ਰਹੇ ਹਰੀ ਸਿੰਘ ਦੇ, ਜੰਗ ਵਿਚ ਜੰਮਰੌਦ ਪਰ ਮਾਨੀਏ ਜੀ।
ਕੰਮ ਤੋਪਾਂ ਦਾ ਇਹਨਾਂ ਚਲਾਇਆ ਸੰਤੋ, ਗਲੂ ਵਾਲੀਆਂ ਤੋਪਾ ਪਛਾਣੀਏ ਜੀ।
ਚਾਚਾ ਏਹਨਾਂ ਦਾ ਉਥੇ ਸ਼ਹੀਦ ਹੋਇਆ, ਤੇਗਾ ਸਿੰਘ ਜੀ ਸੰਤੋ ਆਪ ਜਾਣੀਏ ਜੀ।
ਦੂਲਾ ਸਿੰਘ* ਜੀ ਬਚ ਰਹੇ ਓਸ ਜੰਗੋ, ਦਇਆ ਓਸ ਕਰਤਾਰ ਦੀ ਮਾਨੀਏ ਜੀ।
ਹਥੀਂ ਚਿਖਾ ਬਣਾਈ ਸੀ ਏਹਨਾ ਸੰਤੋ, ਦੂਲਾ ਸਿੰਘ ਵਹਾਰ ਚਲਾਇਆ ਸਮਝੋ।
ਭਾਣਾ ਵਿਚ ਜਮਰੌਦ ਜੋ ਵਰਤਿਆ ਸੀ, ਹੱਥੀਂ ਆਪਣੀ ਸੂਰਾ ਜਲਾਇਆ ਸਮਝੋ।
ਚਾਰ ਸੂਰਮੇ ਨਾਲ ਪਾ ਹਰੀ ਸਿੰਘ ਦੇ, ਦੂਲਾ ਸਿੰਘ ਹੀ ਲਾਂਬੂ ਸੀ ਲਾਇਆ ਸਮਝੋ।
ਤੇਗਾ ਸਿੰਘ ਨੂੰ ਨਾਲ ਹੀ ਹਰੀ ਸਿੰਘ ਦੇ, ਹੱਥੀਂ ਆਪਣੀ ਨਾਲ ਤੁਰਾਇਆ ਸਮਝੋ।

* ਇਹ ਬਾਬੇ ਦੂਲਾ ਸਿੰਘ ਜੀ ਦਾ ਸਰੀਰ ਭਾਰਾ ਤੇ ਸੋਹਣਾ ਕਦ ਸੀ, ਰਹਿਤਵਾਨ ਸੀ ਏਕ ਸੌ ਯਾਰਾ ਬਰਸ ਦੇ ਹੋ ਕਰ ਪੂਰੇ ਹੋਏ ਸੀ ਜੀ। ਏਹਨਾਂ ਦੇ ਜੇਠੇ ਪੁਤਰ ਬਜ਼ੁਰਗ ਈਸਰ ਸਿੰਘ ਜੋ ਐਸ ਵਕਤ ਮੌਜੂਦ ਹਨ, ਜਿਨ੍ਹਾਂ ਦਾਸ ਨੂੰ ਸਭ ਪਿਛਲਾ ਪੱਤਾ ਦਸਿਆ ਹੈ, ਨੱਬੇ ਸਾਲ ਉਮਰ ਹੈ ਏਹਨਾਂ ਦੀ।

ਮਹਾਬਲੀ ਫਿਰ ਸੋ ਗਿਆ ਖਾਲਸੇ ਦਾ, ਸੁੱਤਾ ਐਸਾ ਫਿਰ ਮੁੜ ਨਾ ਆਇਆ ਸਮਝੋ।
ਖੁਦਗਰਜ਼ ਲਾਹੌਰ ਵਿਚ ਰਲ ਬੈਠੇ, ਰਾਜ ਭੰਗ ਦੇ ਭਾ ਰੁੜ੍ਹਾਇਆ ਸਮਝੋ।
ਖੁਦਗਰਜ਼ ਬਰਾਹਮਣ ਤੇ ਡੋਗਰੇ ਜੀ, ਮਤਾ ਪਾਪੀਆ ਭੈੜਾ ਪਕਾਇਆ ਸਮਝੋ।
ਖ਼ਬਰ ਸੂਰਮਾ ਲਾਹੌਰ ਜੋ ਭੇਜਦਾ ਸੀ, ਏਹ ਪਾਪੀਆ ਭੇਤ ਛੁਪਾਇਆ ਸਮਝੋ।
ਹਰੀ ਸਿੰਘ ਨੂੰ ਵੇਖ ਸੁਖਾਂਵਦੇ ਨਾ, ਮਰਵਾ ਸੂਰਮਾ ਏਹਨਾ ਮਕਾਇਆ ਸਮਝੋ।
ਕਈ ਆਫ਼ਤਾਂ ਆਈਆ ਦੂਲਾ ਸਿੰਘ ਤੇ, ਸੱਚੇ ਓਸ ਕਰਤਾਰ ਬਚਾਇਆ ਸਮਝੋ।
ਰਾਜ ਹੋ ਗਿਆ ਖਤਮ ਜਦ ਖਾਲਸੇ ਦਾ, ਦੂਲਾ ਸਿੰਘ ਸੀ ਘਰ ਫਿਰ ਆਇਆ ਸਮਝੋ।
ਬੌਹਤ ਚਿਰ ਏਹ ਬਾਬਾ ਰਿਹਾ ਜੀਂਦਾ, ਦਰਸ ਏਹਨਾਂ ਦਾ ਦਾਸ ਨੇ ਪਾਇਆ ਸਮਝੋ।
ਰਾਜ ਖਾਲਸੇ ਦਾ ਵੀਰੋ ਹੈ ਜਿਵੇਂ ਰੁੜ੍ਹਿਆ, ਏਸੇ ਬਾਬੇ ਨੇ ਮੈਨੂੰ ਸੁਣਾਇਆ ਸਮਝੋ।
ਜੰਗ ਵਿਚ ਜਮਰੌਦ ਦੇ ਕਿਵੇਂ ਹੋਇਆ, ਹਾਲ ਸਾਰਾ ਮੈਨੂੰ ਬਤਾਇਆ ਸਮਝੋ।
ਕੀਤੀ ਨੌਕਰੀ ਏਨ੍ਹਾ ਅੰਗਰੇਜ ਦੀ ਨਾ, ਘਰ ਰਹਿ ਕਰ ਝੱਟ ਲੰਘਾਇਆ ਸਮਝੋ।
ਸੋਹਣੇ ਏਨ੍ਹਾ ਦੇ ਖਿਆਲ ਆਜ਼ਾਦ ਸੀ ਜੀ, ਨਹੀਂ ਗੋਰਿਆਂ ਸੀਸ ਨਿਵਾਇਆ ਸਮਝੋ।
ਪੰਜ ਪੁੱਤਰ ਤੇ ਅਗੋ ਫਿਰ ਪੋਤਰੇ ਨੇ, ਪਰਵਾਰ ਹੱਛਾ ਕਰਤਾਰ ਵਧਾਇਆ ਸਮਝੋ।
ਉਮਰ ਸੋ ਤੋਂ ਯਾਰਾ ਸੀ ਸਾਲ ਉਪਰ, ਫੇਰ ਹੁਕਮ ਮਹਾਰਾਜ ਦਾ ਆਇਆ ਸਮਝੋ।
ਗਏ ਫੇਰ ਪਰਲੋਕ ਸਧਾਰ ਸੰਤੋ, ਜੈਸਾ ਓਸ ਕਰਤਾਰ ਨੂੰ ਭਾਇਆ ਸਮਝੋ।
ਦੇਵਾ ਸਿੰਘ ਜੀ ਏਨ੍ਹਾ ਦੇ ਭਾਈ ਛੋਟੇ, ਸੰਧਾਵਾਲੀਆ ਨਾਲ ਰਖਾਇਆ ਸਮਝੋ।
ਦੋ ਸਾਲ ਸੀ ਓਨ੍ਹਾਂ ਦੇ ਨਾਲ ਕਟੇ, ਖੇਡ ਵਿਚਲ ਗਈ ਘਰ ਨੂੰ ਆਇਆ ਸਮਝੋ।
ਦੇਵਾ ਸਿੰਘ ਦਾ ਪੁਤਰ ਸੀ ਕੇਸਰ ਸਿੰਘ ਜੀ, ਕੇਸਰ ਸਿੰਘ ਦਾ ਘਰ ਸੁਹਾਇਆ ਸਮਝੋ।
ਕੇਸਰ ਸਿੰਘ ਦੇ ਘਰ ਸਪੂਤ ਹੋਇਆ, ਨਿਹਾਲ ਕੌਰ ਦੀ ਕੁਖੋਂ ਸੀ ਜਾਇਆ ਸਮਝੋ।
ਨਾਮ ਏਸਦਾ ਬਿਸ਼ਨ* ਸਿੰਘ ਸਮਝੋ, ਨਿਹਾਲ ਕੌਰ ਨੇ ਲਾਡ ਲਡਾਇਆ ਸਮਝੋ।
ਬਲਵੰਤ ਸਿੰਘ ਤੇ ਅੱਛਰ ਸਿੰਘ ਦੂਜਾ, ਭਾਗੋ ਭੈਣ ਦਾ ਨਾਮ ਧਰਾਇਆ ਸਮਝੋ।

[* ਬਿਸ਼ਨ ਸਿੰਘ ਭਲਵਾਨ - ਪੂਰਾ ਵੇਰਵਾ ਪੰਨੇ ੯੭,੯੮ ਤੇ - ਸੰਪਾਦਕ]

ਚਾਰੇ ਏਹ ਨੇ ਭੈਣ ਭਰਾ ਵੀਰੋ, ਜੈਸਾ ਹੋਇਆ ਤੈਸਾ ਬਤਾਇਆ ਸਮਝੋ।
ਬਿਸ਼ਨ ਸਿੰਘ ਨੇ ਜੋ ਕੰਮ ਹੈ ਨੇਕ ਕੀਤੇ, ਤਵਾਰੀਖ਼ ਵਿਚ ਦਰਜ ਕਰਾਇਆ ਸਮਝੋ।
ਕਾਮਾਗਾਟਾਮਾਰੂ ਦਾ ਏਹ ਜਰਨੈਲ ਸੀ ਜੀ, ਸਿਦਕ ਕਸ਼ਟ ਦੇ ਵਿਚ ਰਖਾਇਆ ਸਮਝੋ।
ਰਿਹਾ ਹ ਕਰ ਅੰਡੇਮਾਨਾ ਵਿਚੋਂ, ਸਾਡੇ ਨਾਲ ਹੀ ਪਿੰਡ ਹੈ ਆਇਆ ਸਮਝੋ।
ਅਜੇ ਤੀਕ ਹੈ ਜਾਇਆ ਜੀ ਦਾਤ ਜਬਤੀ, ਜੁਲਮ ਪੁਲਸ ਬਹੁਤ ਕਮਾਇਆ ਸਮਝੋ।
ਸੇਵਾਦਾਰ ਵਸਾਖ ਦੇ ਨਾਲ ਸੰਤੋ, ਨਜ਼ਰਬੰਦ ਹੈ ਪਿੰਡ ਕਰਾਇਆ ਸਮਝੋ।

¤

## ਕਥਾ ਬਾਬੇ ਜੋਗਾ ਸਿੰਘ ਦੀ

ਰਾਜ ਹੋ ਗਿਆ ਖਤਮ ਜਦ ਖਾਲਸੇ ਦਾ, ਜੋਗਾ ਸਿੰਘ ਜੀ ਘਰ ਫਿਰ ਆ ਗਿਆ ਸੀ।
ਸਾਥ ਏਹਨਾ ਦਾ ਨਾਲ ਸੀ ਫੂਲਾ ਸਿੰਘ ਦੇ, ਖੰਡਾ ਨਾਲ ਨਿਹੰਗ ਏਹ ਵਾਹ ਗਿਆ ਸੀ।
ਭਾਰਾ ਕੱਦ ਤੇ ਵੱਡਾ ਏਹ ਸੂਰਮਾ ਸੀ, ਸੰਤੋ ਚੰਗੇ ਏਹ ਹੱਥ ਵਖਾ ਗਿਆ ਸੀ।
ਬਿਰਧ ਕਈ ਬਤਾਂਵਦੇ ਹਾਲ ਏਹਦਾ, ਖੰਡਾ ਸੂਰਮਾ ਸੋਹਣਾ ਖੜਕਾ ਗਿਆ ਸੀ।
ਚਾਰ ਪੁੱਤਰ ਤੇ ਪੋਤਰੇ ਹੋਏ ਅਗੇ, ਘਰ ਆ ਕਰ ਗਰਿਸਥ ਨਿਭਾ ਗਿਆ ਸੀ।
ਉਮਰ ਰਾਜ ਦੇ ਬਾਦ ਜੋ ਰਹੀ ਸੰਤੋ, ਘਰ ਰਹਿ ਕਰ ਸਾਰੀ ਬਿਤਾ ਗਿਆ ਸੀ।
ਜਦ ਹੁਕਮ ਅਕਾਲ ਦਾ ਹੋਇਆ ਵੀਰੋ, ਭੰਨ ਠੀਕਰਾ ਭੌਰ ਫਿਰ ਧਾ ਗਿਆ ਸੀ।
ਕਥਾ ਲਿਖੀ ਹੈ ਦਾਸ ਵਸਾਖ ਉਵੇਂ, ਦੂਲਾ ਸਿੰਘ* ਜੋ ਬਾਬਾ ਸੁਣਾ ਗਿਆ ਸੀ।

¤ ¤ ¤

* ਪਿਛਲੇ ਸਭ ਹਾਲਾਤ ਦਾਸ ਨੂੰ ਬਾਬਾ ਦੂਲਾ ਸਿੰਘ ਜੀ ਦਸਦੇ ਰਹੇ ਸੀ, ਕਿਉਂਕਿ ਇਹ ਜੰਮਰੌਦ ਲੜਾਈ ਮੇਂ ਸ਼ਾਮਲ ਸਨ। ਸਾਰਾ ਖਾਲਸੇ ਦਾ ਰਾਜ ਅੱਖੀਂ ਡਿੱਠਾ ਸੀ, ਜੋ ਦਾਸ ਨੂੰ ਭੁਲ ਜਾਂਦਾ ਰਿਹਾ ਹੈ ਉਹ ਏਹਨਾ ਦੇ ਪੁੱਤਰ ਬਿਰਧ ਈਸਰ ਸਿੰਘ ਦਸਦੇ ਸਨ ਜੀ।

# 8.

## ਕਥਾ ਮੇਘ ਸਿੰਘ ਬਾਬੇ ਜੀ ਦੀ ਅੰਸ ਦੀ

ਮੇਘ ਸਿੰਘ* ਜੀ ਘਰ ਸੀ ਰਹੇ ਸਿੰਘੋ, ਅੰਸ ਏਨਾ ਦੀ ਦਿਆ ਲਿਖਾ ਸੰਤੋ ।

ਪੁਤਰ ਏਨਾਂ ਦੇ ਸੰਗਤੇ ਪੰਜ ਹੋਏ, ਵਖੋ ਵਖ ਮੈਂ ਦਿਆਂ ਗਿਣਾਂ ਸੰਤੋ ।

ਜੇਠਾ ਪੁੱਤਰ ਸੀ ਏਨ੍ਹਾਂ ਦਾ ਆਲਾ ਸਿੰਘ ਜੀ, ਧਰਮ ਮੂਰਤੀ ਦਿਆਂ ਬਤਾ ਸੰਤੋ ।

ਕੀਤੀ ਬੰਦਗੀ ਏਨ੍ਹਾ ਪ੍ਰੇਮ ਸੇ ਜੀ, ਜਨਮ ਸਫਲ ਸੀ ਲਿਆ ਕਰਾ ਸੰਤੋ ।

ਕੀਤੀ ਨੌਕਰੀ ਰਸਾਲੇ ਯਾਰਵੇ ਮੇਂ, ਲਿਆ ਵਾਹਿਗੁਰੂ ਨਾਮ ਧਿਆ ਸੰਤੋ ।

ਚਾਲੀ ਸਾਲ ਦੀ ਉਮਰ ਸੀ ਜਦੋਂ ਹੋਈ, ਛੁਟੀ ਘਰ ਸੀ ਗਏ ਏਹ ਆ ਸੰਤੋ ।

ਘਰ ਆਣ ਕਰ ਥੋੜੇ ਜੀ ਦਿਨ ਰਹੇ, ਫੇਰ ਦੀਆ ਤਿਆਰਾ ਵਜਾ ਸੰਤੋ ।

ਘਰ ਸਾਰਾ ਪਰਵਾਰ ਸੀ ਛੱਡ ਕਰਕੇ, ਘਰੋਂ ਬਾਹਰ ਨੂੰ ਗਏ ਸੀ ਧਾ ਸੰਤੋ ।

ਬਾਬੇ ਸਿੰਘ ਖੁਸਾਲ ਨੂੰ ਨਾਲ ਲੈ ਕੇ, ਤਰਨ ਤਾਰਨ ਦੇ ਤੁਰੇ ਸੀ ਰਾਹ ਸੰਤੋ ।

ਬੈਠ ਗਏ ਫਿਰ ਪਿੰਡੋਂ ਸੀ ਦੂਰ ਜਾ ਕੇ, ਸਮਝੋ ਸਕੇ ਏਹ ਦੋਵੇਂ ਭਰਾ ਸੰਤੋ ।

ਆਲਾ ਸਿੰਘ ਜੀ ਬੋਲਦੇ ਓਸ ਜਗ੍ਹਾ, ਦਿਆਂ ਵੀਰੋ ਮੈਂ ਸੱਚ ਸੁਣਾ ਸੰਤੋ ।

ਘਰ ਮੈਂ ਨਹੀਂ ਮੁੜਕੇ ਆਵਣਾ ਜੀ, ਓਨੀ ਉਸ ਕਰਤਾਰ ਰਜਾ ਸੰਤੋ ।

[* ਇਹ ਸੰਤ ਬਾਬਾ ਵਸਾਖਾ ਸਿੰਘ ਜੀ ਦੇ ਦਾਦਾ ਜੀ ਸਨ – ਸੰਪਾਦਕ]

ਛੇ ਮਾਹ ਨੂੰ ਮੈਂ ਹੈ ਪੂਰੇ ਹੋਣਾ, ਹੁਕਮ ਗਿਆ ਮਹਾਰਾਜ ਦਾ ਆ ਸੰਤੋ ।
ਤੁਸਾ ਫਿਕਰ ਨਾ ਕਰਨਾ ਹੈ ਵੀਰ ਮੇਰੇ, ਤਦੇ ਰਿਹਾ ਮੈਂ ਸਚ ਬਤਾ ਸੰਤੋ ।
ਘਰੀਂ ਤੁਸਾ ਦੀ ਹੋਣਗੇ ਲਾਲ ਸੋਹਣੇ, ਦੀਆ ਮੁਖੋ ਸੀ ਓਨ੍ਹਾ ਫ਼ਰਮਾ ਸੰਤੋ ।

¤

## ਕਥਾ ਬਾਬੇ ਆਲਾ ਸਿੰਘ ਜੀ ਦੀ

ਬਚਨ ਸੁਣ ਕੇ ਸੋਹਣੇ ਏਹ ਵੀਰ ਦੇ ਜੀ, ਛੋਟੇ ਦੀਆ ਸੀ ਸੀਸ ਨਿਵਾ ਸੰਤੋ ।
ਦੋਵੇ ਮਿਲੇ ਫਿਰ ਜਫੀਆ ਪਾ ਕਰਕੇ, ਭਾਣਾ ਮੰਨਿਆ ਸ਼ੁਕਰ ਮਨਾ ਸੰਤੋ ।
ਖੁਸ਼ਾਲ ਸਿੰਘ ਜੀ ਮੁੜ ਸੀ ਘਰ ਆਏ, ਆਲਾ ਸਿੰਘ ਜੀ ਤੁਰੇ ਅਗਾਂਹ ਸੰਤੋ ।
ਨੁਸਹਿਰੇ ਛੌਣੀ ਸੀ ਨੰਬਰ ਯਾਰਵ੍ਹਾਂ ਜੀ, ਆਲਾ ਸਿੰਘ ਜੀ ਪਹੁੰਚੇ ਸੀ ਜਾ ਸੰਤੋ ।
ਛੇ ਮਾਹ ਜਦ ਸੰਗਤੇ ਹੋਏ ਪੂਰੇ, ਕੱਠੀ ਸੰਗਤ ਫਿਰ ਲਈ ਕਰਾ ਸੰਤੋ ।
ਪੋਚਾ ਦੇ ਕਰ ਸਾਰੀ ਵਿਚ ਕੋਠੜੀ ਦੇ, ਜਲ ਕੇਸਾਂ ਮੇਂ ਲਿਆ ਵਹਾ ਸੰਤੋ ।
ਨਵਾ ਪਾ ਪੁਸ਼ਾਕਾ ਫਿਰ ਬੈਠ ਗਏ, ਸੰਗਤ ਸਾਰੀ ਸੀ ਗਈ ਫਿਰ ਆ ਸੰਤੋ ।
ਕੀਰਤਨ ਸਾਰੀ ਹੀ ਰਾਤ ਸੀ ਰਿਹਾ ਹੁੰਦਾ, ਕਦੇ ਬਚਨ ਸੀ ਦਿੰਦੇ ਫ਼ਰਮਾ ਸੰਤੋ ।
ਪਰਤਾਪ ਨਾਮ ਤੇ ਬਾਣੀ ਦਾ ਬਹੁਤ ਸੰਤੋ, ਕਦੇ ਦਿੰਦੇ ਮੁਖੋ ਸੁਣਾ ਸੰਤੋ ।
ਅੰਮ੍ਰਿਤ ਵੇਲਾ ਜਾ ਸੰਗਤੇ ਹੋਏ ਗਿਆ, ਮੁਖੋਂ ਦਿਤੀ ਸੀ ਫਤ੍ਹੇ ਬੁਲਾ ਸੰਤੋ ।
ਸਾਡਾ ਸੰਗਤੇ ਹੁਣ ਤਿਆਰਾ ਹੈ ਜੀ, ਸਮਾਧੀ ਲਈ ਸੀ ਸੰਗਤੇ ਲਾ ਸੰਤੋ ।
ਸੱਪ ਕੁੰਜ ਨੂੰ ਜਿਵੇ ਤਿਆਗਦਾ ਹੈ, ਤਿਵੇ ਗਈ ਸੀ ਭੌਰ ਉਡਾ ਸੰਤੋ ।

ਵੱਜਾ ਚੋਕੜਾ ਦੇਹੀ ਨੂੰ ਛੱਡ ਤੁਰਗੇ, ਗੁਰ ਪੁਰੀ ਮੇਂ ਵਸੇ ਸੀ ਜਾ ਸੰਤੋ ।
ਸੰਤ ਲੈ ਗਏ ਦੇਹੀ* ਨੂੰ ਚੁੱਕ ਕਰਕੇ, ਓਥੇ ਦਿੱਤੀ ਸੀ ਦੇਹੀ ਜਲਾ ਸੰਤੋ ।
ਨਮਸਕਾਰ ਪਿਆਰੇ ਮਹਾਤਮਾ ਨੂੰ, ਸੋਹਣਾ ਗਏ ਜੋ ਨਾਮ ਧਿਆ ਸੰਤੋ ।
ਸੇਵਾਦਾਰ ਵਸਾਖ ਤੇ ਮਿਹਰ ਕਰਨੀ, ਰਿਹਾ ਮੈਂ ਜੋ ਵਾਸਤੇ ਪਾ ਸੰਤੋ ।

¤

## ਕਥਾ ਬਾਬੇ ਨਿਹਾਲ ਸਿੰਘ ਜੀ ਦੀ

ਛਟੇ ਇਹਨਾਂ ਤੋਂ ਸਮਝੋ ਨਿਹਾਲ ਸਿੰਘ ਜੀ, ਓਨ੍ਹਾਂ ਨੌਕਰੀ ਫ਼ੌਜ ਕਰਾਈ ਨਾ ਸੀ ।
ਘਰ ਰਹੇ ਸਨ ਕਾਰ ਵਿਹਾਰ ਕਰਦੇ, ਅੰਸ਼ ਉਨ੍ਹਾ ਦੇ ਘਰ ਹੇ ਆਈ ਨਾ ਸੀ ।
ਦਿਲ ਉਨ੍ਹਾਂ ਦਾ ਬੜਾ ਬਲਵਾਨ ਸੀ ਜੀ, ਸੋਹਣਾ ਸਾਫ਼ ਤੇ ਕਰਦੇ ਚਤਰਾਈ ਨਾ ਸੀ ।
ਦੇਹੀ ਉਨ੍ਹਾ ਦੀ ਬੜੀ ਮਜਬੂਤ ਸੀ ਜੀ, ਧੌਣ ਕਿਸੇ ਦੇ ਅਗੇ ਨਿਵਾਈ ਨਾ ਸੀ ।
ਨੱਬੇ ਸਾਲ ਦੀ ਉਮਰ ਸੀ ਭੋਗ ਕਰਕੇ, ਗਏ ਪਰਲੋਕ ਤੇ ਖਟੀ ਬੁਰਿਆਈ ਨਾ ਸੀ ।

¤

* ਮੇ ਸੰਤ ਬਾਬੇ ਫ਼ਲਾ ਸਿੰਘ ਦੀ ਸਮਾਧ ਰਹਿੰਦੇ ਸਨ ਨਸ਼ਿਹਿਰੇ, ਓਹਨਾ ਉਥੇ ਦੇਹ ਜਲਾ ਕਰ ਸਮਾਧੀ ਬਣਾਈ ਸੀ ਬਾਬਾ ਜੀ ਦੀ। ਏਹਨਾ ਬਾਬੇ ਜੀ ਹੁਰਾਂ ਦਾ ਇਕ ਪੁੱਤਰ ਹੈ ਭਾਈ ਵਧਾਵਾ ਸਿੰਘ ਜੀ, ਏਕ ਲੜਕੀ ਹੈ ਪਰੇਮ ਕੌਰ, ਤਿੰਨ ਪੋਤਰੇ ਤੇ ਇਕ ਪੋਤਰੀ ਹੈ। ਜਦ ਬਾਬੇ ਪੂਰੇ ਹੋਏ ਸੰਗਤ ਇਕੱਤਰ ਕਰਕੇ ਸੰਗਤ ਕੀਰਤਨ ਕਰਦੀ ਸੀ ਤੇ ਬਾਬਾ ਜੀ ਸਮਾਧੀ ਵਿਚ ਲੀਨ ਰਹਿੰਦੇ ਸਨ ਕਦੇ ਕਦੇ ਮੁਖੋ ਬੋਲਦੇ ਸਨ। ਸੰਗਤੇ, ਗੁਰਬਾਣੀ ਤੇ ਨਾਮ ਦਾ ਵੱਡਾ ਪਰਤਾਪ ਹੈ।

## ਕਥਾ ਬਾਬੇ ਮਾਲਾ ਸਿੰਘ ਜੀ ਦੀ

ਮਾਲਾ ਸਿੰਘ ਜੀ ਸਮਝ ਲੌ ਤੀਸਰੇ ਸੀ, ਕੀਤੀ ਨੌਕਰੀ ਨਾਲ ਪਿਆਰ ਸੀ ਜੀ।
ਅਠੱਤੀ ਨੰਬਰ ਰਸਾਲੇ ਵਿਚ ਰਹਿਕੇ, ਕਰਦੇ ਉਥੇ ਹੀ ਰਹੇ ਵਿਹਾਰ ਸੀ ਜੀ।
ਪਿਨਸਨ ਆ ਕੇ ਚਿਰ ਜੀ ਰਹੇ ਥੋੜ੍ਹਾ, ਨੇਤ ਹੋਈ ਫਿਰ ਓਸ ਕਰਤਾਰ ਸੀ ਜੀ।
ਪੁਤਰ ਇਹਨਾ ਦੇ ਘਰ ਹੈ ਇਕ ਸੰਤੋ, ਹਰਨਾਮ ਸਿੰਘ ਜੀ ਲਾਡ ਲਡਾਰ ਸੀ ਜੀ।
ਗਏ ਆਪ ਪਰਲੋਕ ਸਧਾਰ ਸੰਤੋ, ਮੁਖੋਂ ਵਾਹਿਗੁਰੂ ਨਾਮ ਚਿਤਾਰ ਸੀ ਜੀ।

¤

## ਕਥਾ ਬਾਬੇ ਖੁਸ਼ਹਾਲ ਸਿੰਘ ਜੀ ਦੀ

ਚੌਥੇ ਸਮਝੋ ਬਾਬਾ ਖੁਸਹਾਲ ਸਿੰਘ ਜੀ,* ਮਹਿਮਾ ਇਹਨਾਂ ਦੀ ਅਪਰ ਅਪਾਰ ਵਾਹਵਾ।
ਕੀਤੀ ਨੌਕਰੀ ਅਠੱਤੀ ਨੰਬਰ ਮੇ ਜੀ, ਦਫ਼ੇਦਾਰੀ ਦੀ ਕੀਤੀ ਸੀ ਕਾਰ ਵਾਹਵਾ।
ਨੌਕਰੀ ਕਰਦਿਆ ਮਿਲੇ ਜੀ ਸੰਤ ਪੂਰੇ, ਸੰਗਤ ਸਿੰਘ ਜੀ ਹੋਣ ਸੀ ਹਾਰ ਵਾਹਵਾ।
ਨਗਰ ਨੜਵੜੋ ਗਏ ਇਹ ਸੰਤ ਸਮਝੋ, ਮਿਲੇ ਉਥੇ ਹੀ ਕਰ ਪਿਆਰ ਵਾਹਵਾ।
ਸਤਿ ਸੰਗ ਫਿਰ ਸੰਤਾ ਦੇ ਨਾਲ ਹੋਇਆ, ਕੀਤੀ ਜੁਗਤ ਸੀ ਆਪ ਕਰਤਾਰ ਵਾਹਵਾ।
ਅੰਗਰੇਜ਼ ਚਾਹੁੰਦੇ ਸਰਦਾਰ ਬਣਾ ਦਈਏ, ਉਧਰ ਹੋ ਗਿਆ ਹੋਰ ਵਿਹਾਰ ਵਾਹਵਾ।
ਛੱਡ ਦਿੱਤਾ ਜੰਜਾਲ ਜੀ ਨੌਕਰੀ ਦਾ, ਲਿਆ ਵਾਹਿਗੁਰੂ ਨਾਮ ਚਿਤਾਰ ਵਾਹਵਾ।

* ਇਹ ਬਾਬਾ ਖੁਸਾਲ ਸਿੰਘ ਜੀ ਦਾ ਗੋਰਾ ਰੰਗ, ਬੜੇ ਭਾਰੇ ਸੋਹਣੇ ਜਵਾਨ ਹਨ ਜੀ। ਰਸਾਲੇ ਦੇ ਕਮਾਨ ਅਫਸਰ ਦਾ ਇਰਾਦਾ ਸੀ ਅਸੀਂ ਇਹਨਾ ਨੂੰ ਦਫ਼ਦਾਰੋਂ ਉਪਰ ਤਰੱਕੀ ਦੇ ਕੇ 'ਸਰਦਾਰ' ਬਨਾਵਾਂਗੇ. ਇਕ ਦਮ ਸਿਪਾਹੀਉ ਦਫ਼ਦਾਰ ਬਣਾ ਦਿੱਤੇ ਗਏ ਸਨ, ਮਗਰ ਬਾਬਾ ਜੀ ਸੱਚੇ ਸਾਹਿਬ ਦੀ ਨੌਕਰੀ ਵਿਚ ਲੀਨ ਹੋ ਗਏ ਤੋ ਇਧਰ ਦਾ ਖਿਆਲ ਕੋਈ ਨਾ ਸੀ।

ਚਰਨੀ ਲਗ ਗਏ ਸੱਚੇ ਪਰਮਾਤਮਾ ਦੀ, ਚਿਤ ਏਧਰੋਂ ਹੋਇਆ ਉਦਾਰ ਵਾਹਵਾ।
ਛੱਡ ਨੌਕਰੀ ਆਵਨਾ ਪਿੰਡ ਚਾਹੁੰਦੇ, ਲਗਾ ਨਾਮ ਦੇ ਨਾਲ ਪਿਆਰ ਵਾਹਵਾ।
ਨਾਵਾਂ ਕੱਟਦੇ ਨਾ ਅੰਗਰੇਜ਼ ਸੰਤੋ, ਦੇਈਏ ਅਸੀਂ ਬਨਾ ਸਰਦਾਰ ਵਾਹਵਾ।
ਬੈਠ ਰਹੇ ਫਿਰ ਸੰਤਾਂ ਦੇ ਪਾਸ ਸਮਝੋ, ਇਕ ਸਾਲ ਸੀ ਦੀਆ ਗੁਜ਼ਾਰ ਵਾਹਵਾ।
ਅੰਗਰੇਜ਼ ਸਮਝਿਆ ਰਹਿੰਦੇ ਇਹ ਮੂਲ ਨਾਹੀਂ, ਕਰ ਦੀਆ ਹਿਸਾਬ ਤਿਆਰ ਵਾਹਵਾ।
ਪਿਨਸਨ ਲਈ ਫਿਰ ਸੱਤ ਰੁਪੈ ਸੰਤੋ, ਗਿਣ ਦੀਆ ਰੁਪਇਆ ਸੀ ਡਾਰ ਵਾਹਵਾ।
ਸੰਤਾ ਸਣੇ ਜੀ ਸੰਗਤ ਨਾਲ ਹੋ ਕੇ, ਗਏ ਪਿੰਡ ਨੂੰ ਤੋਰ ਸੀ ਤਾਰ ਵਾਹਵਾ।
ਚਾਲੀ ਸਾਲ ਹੈ ਪਿਨਸਨ ਆਇਆਂ ਹੋਏ, ਪਚਾਸੀ ਸਾਲ ਹੈ ਉਮਰ ਵਿਚਾਰ ਵਾਹਵਾ।
ਕੀਤੀ ਬੰਦਗੀ ਇਹਨਾਂ ਨੇ ਬਹੁਤ ਸੰਤੋ, ਚੋਲਾ ਗੁਪਤ ਗ੍ਰਿਸਥ ਦਾ ਧਾਰ ਵਾਹਵਾ।
ਦਇਆ ਦਾਸ ਤੇ ਇਹਨਾਂ ਦੀ ਹੋਈ ਸਮਝੋ, ਮਿਹਰ ਕਰਦੇ ਨੇ ਕਰ ਪਿਆਰ ਵਾਹਵਾ।
ਪੁਤਰ ਇਹਨਾ ਦੇ ਵਡੇ ਨੇ ਚੰਦਾ ਸਿੰਘ ਜੀ, ਪਿਨਸਨ ਆਏ ਨੇ ਦਫ਼ੇਦਾਰ ਵਾਹਵਾ।
ਗੰਡਾ ਸਿੰਘ ਜੀ ਛੋਟੇ ਸੀ ਇਹਨਾਂ ਤੋਂ ਜੀ, ਗੁਜ਼ਰ ਗਏ ਰਜ਼ਾ ਕਰਤਾਰ ਵਾਹਵਾ।
ਇਕ ਪੁਤਰੀ ਲਓ ਵੀਚਾਰ ਸੰਤੋ, ਇਕ ਪੋਤਰਾ ਹੈ ਹੋਸ਼ਿਆਰ ਵਾਹਵਾ।
ਬਿਰਧ ਦੇਹ ਹੁਣ ਹੋਈ ਹੈ ਬਹੁਤ ਵੀਰੋ, ਸਿਮਰ ਰਹੇ ਨੇ ਸਿਰਜਨੇਹਾਰ ਵਾਹਵਾ।
ਭਾਰਾ ਕੱਦ ਤੇ ਬਲੀ ਇਹ ਬਹੁਤ ਨੇ ਜੀ, ਸੋਹਣੀ ਚਿਹਰੇ ਦੀ ਹੈ ਮੁਨਾਰ ਵਾਹਵਾ।
ਤੇਜ ਝੱਲਿਆ ਜਾਂਵਦਾ ਨਾਹੀਂ ਸੰਤੋ, ਨੇਤਰ ਲੈਣ ਜਦ ਉਹ ਤਾਹ ਉਘਾੜ ਵਾਹਵਾ।
ਦਇਆ ਕਰਨ ਜੇ ਦਾਸ ਵਸਾਖ ਉਤੇ, ਬੇੜਾ ਹੋ ਜਾਏ ਦਾਸ ਦਾ ਪਾਰ ਵਾਹਵਾ।

ਖ਼

## ਕਥਾ ਸਾਡੇ ਪਿਤਾ ਦਿਆਲ ਸਿੰਘ ਜੀ ਦੀ

ਛੋਟੇ ਸਭ ਤੋਂ ਸਮਝੋ ਦਿਆਲ ਸਿੰਘ ਜੀ, ਪਿਤਾ ਮੇਰੇ ਮੈਂ ਦਿਆਂ ਲਿਖਾ ਸਮਝੋ।

ਸਰੀਰ ਪਤਲਾ ਸੋਹਣਾ ਸੀ ਕੱਦ ਲੰਮਾ, ਕੀਤੀ ਨੌਕਰੀ ਕਿਤੇ ਨਾ ਜਾ ਸਮਝੋ।

ਘਰ ਰਹੇ ਸੀ ਕਾਰ ਵਿਹਾਰ ਕਰਦੇ, ਜ਼ਿੰਮੀਂਦਾਰੇ ਦਾ ਕੰਮ ਚਲਾ ਸਮਝੋ।

ਤਿੰਨ ਬਾਹਰ ਤੇ ਦੋ ਸੀ ਘਰ ਸੰਤੋ, ਪਰੇਮ ਗਏ ਨੇ ਸੋਹਣਾ ਨਿਭਾ ਸਮਝੋ।

ਅਡੋ ਅੱਡ ਸਨ ਘਰ ਜੋ ਵੇਖਣੇ ਮੈਂ, ਸੋਹਣਾ ਕੰਮ ਹੈ ਗਏ ਚਲਾ ਸਮਝੋ।

ਇਕ ਦੂਜੇ ਦੇ ਨਾਲ ਪਿਆਰ ਸੋਹਣਾ, ਦੁਖ ਲੈਂਦੇ ਸੀ ਰੱਲ ਵੰਡਾ ਸਮਝੋ।

ਨਗਰ ਲਾਗੇ ਦੇ ਜਾਣਦੇ ਸਭ ਸੰਤੋ, ਗਏ ਨੇਕ ਕਮਾਈ ਕਮਾ ਸਮਝੋ।

ਸੋਹਣਾ ਪ੍ਰੇਮ ਕਮਾਈ ਗਏ ਕਰ ਚੰਗੀ, ਸਭ ਜਾਣਦੇ ਹੈ ਭਰਾ ਸਮਝੋ।

¤

## ਬਾਬੇ ਮੋਹਰ ਸਿੰਘ ਦੇ ਪੁਤਰ ਬੋਘ ਸਿੰਘ ਦੀ ਕਥਾ

ਮੋਹਰ ਸਿੰਘ ਦਾ ਪੁਤਰ ਏ ਬੋਘ ਸਿੰਘ ਜੀ, ਛੋਟੇ ਸਭ ਤੋਂ ਲਉ ਵੀਚਾਰ ਭਾਈ।

ਕੀਤੀ ਨੌਕਰੀ ਕਿਤੇ ਨਾ ਜਾ ਕਰਕੇ, ਘਰ ਵਾਹੀ ਦੀ ਕੀਤੀ ਸੀ ਕਾਰ ਭਾਈ।

ਪੁਤਰ ਏਹਨਾਂ ਦੇ ਘਰ ਸੀ ਤਿੰਨ ਹੋਏ, ਕੀਤੀ ਮੇਹਰ ਸੀ ਉਸ ਕਰਤਾਰ ਭਾਈ।

ਹੋਏ ਪੋਤਰੇ ਅਗੇ ਪੜੋਤਰੇ ਜੀ, ਵਧਾਈ ਕੁਲ ਹੈ ਸਿਰਜਨੋਹਾਰ ਭਾਈ।

ਵੱਸ ਰਹੇ ਹੈ ਸਾਰੇ ਦਦੇਹਰ ਸਮਝੋ, ਲਿਖੇ ਪਿਛੇ ਜੋ ਲਉ ਚਿਤਾਰ ਭਾਈ।

ਲਿਖੂੰ ਜਨਮ ਮੈਂ ਆਪਣਾ ਹੁਣ ਸੰਤੋ, ਏਹ ਛੱਡ ਮੈਂ ਸਾਰੇ ਵਿਹਾਰ ਭਾਈ।

ਖਾਨਦਾਨ ਹੈ ਸਾਰਾ ਲਿਖਾ ਦੀਆ, ਪਿਛੋਂ ਪੜ੍ਹ ਲਿਉ ਨਾਲ ਪਿਆਰ ਭਾਈ।

ਸੇਵਾਦਾਰ ਵਸਾਖ ਦੀ ਬੇਨਤੀ ਜੀ, ਬੋਲੋ ਵਾਹਿਗੁਰੂ ਨਾਮ ਪੁਕਾਰ ਭਾਈ।

¤ ¤ ¤

# 9.

## ਮੈਂ ਗਰੀਬ ਦਾ ਜਨਮ ਅਤੇ ਬਾਲ ਅਵਸਥਾ

ਸੰਨ ਉਨੀ ਸੌ ਚੌਤੀ ਬਿਕਰਮੀ ਸੀ, ਚੜ੍ਹ ਮਾਹ ਵਸਾਖ ਜਦ ਆਇਆ ਸੰਤੋ।

ਅੱਧਾ ਗਿਆ ਵਸਾਖ ਜਦ ਬੀਤ ਸਿੰਘੋ, ਹੁਕਮ ਓਸ ਕਰਤਾਰ ਪਠਾਇਆ ਸੰਤੋ।

ਦਿਨ ਢਲ ਕਰ ਪਿਛਲਾ ਪਹਿਰ ਹੋਇਆ, ਸੇਵਾਦਾਰ ਫਿਰ ਜਨਮ ਸੀ ਪਾਇਆ ਸੰਤੋ।

ਇੰਦ ਕੌਰ ਦੀ ਕੁਖੋਂ ਮੈਂ ਹੋ ਪੈਦਾ, ਦਿਆਲ ਸਿੰਘ ਜੀ ਪਿਤਾ ਅਖਵਾਇਆ ਸੰਤੋ।

ਬਾਬੇ ਸਾਹਿਬ ਨੇ ਗੁਰਾਂ ਦਾ ਵਾਕ ਲੈ ਕੇ, ਵਸਾਖਾ ਸਿੰਘ ਫਿਰ ਨਾਮ ਰਖਾਇਆ ਸੰਤੋ।

ਪੰਜ ਬਰਸ ਦਾ ਜਦੋਂ ਸਾਂ ਮੈਂ ਹੋਇਆ, ਪਿਤਾ ਗੁਰਮੁਖੀ ਪੜ੍ਹਨੇ ਸੀ ਪਾਇਆ ਸੰਤੋ[੧]।

ਪੜ੍ਹੀ ਵਿਦਿਆ ਸੋਹਣੀ ਪ੍ਰੇਮ ਸੇ ਜੀ, ਖਿਆਲ ਮੇਰਾ ਕਰਤਾਰ ਉਲਟਾਇਆ ਸੰਤੋ।

ਹੋ ਗਿਆ ਸੀ ਮੈਨੂੰ ਵਿਰਾਗ ਡਾਢਾ, ਭੇਰ ਪੜ੍ਹ ਆਨੰਦ ਦਾ ਪਾਇਆ ਸੰਤੋ।

ਨੌ[੨] ਦੁਆਰੇ ਹੈ ਪਰਗਟ ਜੀ ਕੀਏ ਸੋਹਣੇ, ਦਸਵਾ ਗੁਪਤ ਮਹਾਰਾਜ ਰਖਾਇਆ ਸੰਤੋ।

---

੧ ਨਗਰ ਦੇ ਗੁਰਦਵਾਰੇ ਈਸਰ ਦਾਸ ਸੰਤ ਸਨ ਜਿਨ੍ਹਾ ਦੇ ਪਾਸ ਸਾਡੇ ਪਿਤਾ ਜੀ ਗੁਰਮੁਖੀ ਵਿਦਿਆ ਪੜ੍ਹਨੇ ਪਾਇਆ। ਮਗਰ ਸੰਤਾ ਨਾਲੋ ਜੋ ਉਨ੍ਹਾ ਦੇ ਘਰੋਂ ਮਾਈ ਨਿਹਾਲੀ ਸੀ ਬਹਤ ਵਿਦਵਾਨ ਸੀ ਉਸ ਚਗਾ ਪੜ੍ਹੇਣਾ, ਤੇ ਘਰ ਆਏ ਨੂੰ ਬਾਬੇ ਖਸਾਲ ਸਿੰਘ ਜੀ ਨੇ ਸਾਨੂੰ ਗੋਦ ਮੇਂ ਬਿਠਾ ਕਰ ਨਾਲੇ ਸੰਥਾ ਪੜ੍ਹਾਇਆ ਕਰਨੀ ਨਾਲੇ ਸਭ ਸਿਖਿਆ ਦੇਣੀ ਨਾਲੇ ਜਿਸ ਦਿਨ ਤੋਂ ਮੈਂ ਆਨੰਦ ਸਾਹਿਬ ਦੀ ਤੁਕ ਦੇ ਦਸਵੇ ਦੁਆਰ ਬਾਬਤ ਪਛਿਆ ਤਾ ਨਾਲੇ ਹਮੇਸ਼ਾ ਵਾਹਿਗਰੂ ਸ਼ਬਦ ਜਾਪੁ ਤੇ ਦਸਵੇ ਦੁਆਰ ਅਥਵਾ ਸਾਰੇ ਰੰਮ ਰਿਹਾ ਅਕਾਲ ਪਰਖ ਦਸਣਾ ਜੈਸਾ ਗੁਰਬਾਣੀ ਅਨੁਸਾਰ ਦਸਵਾ ਦੁਆਰ ਪੂੰਜੀ ਸੰਤਨ ਹਥ ਰਾਖੀ ਕੁੰਜੀਂ। ਏਹ ਬਾਬਾ ਖੁਸਾਲ ਸਿੰਘ ਜੀ ਉਹੀ ਹਨ ਜਿਨ੍ਹਾ ਦਾ ਪਿੱਛੇ ਸਭ ਖਿਰਤਾਂਤ ਲਿਖ ਦੀਆ। ਏਹਨਾਂ ਦੀ ਦਇਆ ਸੇ ਵਿਦਿਆ ਹਾਸਲ ਹੋਈ ਏਹਨਾ ਦੀ ਦਇਆ ਨਾਲ ਨਾਮ ਤੇ ਸਿੱਖੀ, ਏਹਨਾ ਦੇ ਸਾਥ ਹੀ ਪੰਜਾ ਘਰਾ ਦਾ ਮਾਲ ਚਾਰਿਆ। ਏਹ ਬਾਬਾ ਸਾਹਿਬ ਜੀ ਨਾਮ ਦੇ ਪੁੰਜ ਹਨ। ਮਹਾਪੁਰਸ਼ ਔਸ ਵਕਤ ਪੱਚਾਸੀ ਸਾਲ ਦੀ ਉਮਰ ਹੈ ਜੀ।

੨ ਦ ਨੇਤਰ ਦੋ ਕਨ ਦੋ ਸੁਰ ਲਿੰਗ ਦੇ ਘੁਦਾ ਦਸਵਾ ਗੁਪਤ, 'ਨੌ ਦੁਆਰੇ ਪਰਗਟ ਕੀਏ ਦਸਵਾ ਗੁਪਤ ਰਖਾਇਆ। ਗੁਰੁ ਦੁਆਰੇ ਲਾਏ ਭਾਵਨੀ ਇਕਨਾ ਦਸਵਾ ਦੁਆਰ ਦਖਾਇਆ' (ਆਨੰਦ)।

ਦਸਵੇਂ ਦੁਆਰ ਦਾ ਮੈਨੂੰ ਵੈਰਾਗ ਲਗਾ, ਪਛੋਤਾ ਮੈਂ ਸਿਰ ਹਲਾਇਆ ਸੰਤੋ ।
ਜਿੰਨਾ ਚਿਰ ਨਾ ਮੈਨੂੰ ਏਹ ਵਸਤ ਲਭੇ, ਮੈਂ ਤਾਂ ਐਵੇ ਹੈ ਜਨਮ ਗਵਾਇਆ ਸੰਤੋ ।
ਸਾਰੀ ਸੋਚ ਵੀਚਾਰ ਮੈਂ ਕਰ ਸਿੰਘੋ, ਬਿਰਧ ਬਾਬੇ ਦੇ ਵਲ ਮੈਂ ਧਾਇਆ ਸੰਤੋ ।
ਚਰਨੀ ਡਿੱਗਾ ਮੈਂ ਉਥੇ ਬੇਹੋਸ਼ ਹੋਕਰ, ਜਾ ਬਾਬੇ ਨੂੰ ਸੀਸ ਨਿਵਾਇਆ ਸੰਤੋ ।
ਪੁਸਤਕ ਖੋਲ੍ਹ ਕਰ ਅਗੇ ਮੈਂ ਰਖ ਦਿਤੀ, ਬਾਬੇ ਸਾਹਿਬ ਨੂੰ ਪੜ੍ਹ ਸੁਣਾਇਆ ਸੰਤੋ ।
ਬਾਬਾ ਸਾਹਿਬ ਜੀ ਦਿਉ ਦਿਖਾਲ ਮੈਨੂੰ, ਦਸਵਾਂ ਗੁਰਾਂ ਦੁਆਰ ਲਖਾਇਆ ਸੰਤੋ ।
ਬਾਬੇ ਸਾਹਿਬ ਨੇ ਬਚਨ ਏਹ ਸੁਣ ਮੇਰੇ, ਮੈਨੂੰ ਗੋਦ ਦੇ ਵਿਚ ਬਿਠਾਇਆ ਸੰਤੋ ।
ਗੁਰੂ ਤੇਰਾ ਹੈ ਗੁਰੂ ਗ੍ਰੰਥ ਬੱਚਾ, ਨਾਲੇ ਮੱਥੇ ਤੇ ਹਥ ਫਿਰਾਇਆ ਸੰਤੋ ।
ਜਪ ਵਾਹਿਗੁਰੂ ਨਾਲ ਪ੍ਰੇਮ ਬੱਚਾ, ਦਸਵੇਂ ਦੁਆਰ ਦਾ ਰਸਤਾ ਬਤਾਇਆ ਸੰਤੋ ।
ਗੁਰਬਾਣੀ ਦਾ ਆਸ਼ਾ ਬਿਠਾਲ ਕੋਲੇ, ਸਾਨੂੰ ਨਾਲ ਪ੍ਰੇਮ ਸਮਝਾਇਆ ਸੰਤੋ ।
ਫੁਰਨਾ ਦੂਈ ਦਾ ਅੰਦਰੋਂ ਬਾਹਰ ਕੀਤਾ, ਰੰਮ ਰਿਹਾ ਬ੍ਰਹਮ ਦਿਖਾਇਆ ਸਮਝੋ ।

¤ ¤ ¤

# 10.

## ਮਾਲ ਚਾਰਨਾ ਤੇ ਨਾਮ ਜਪਣਾ –
## ਰਸਾਲੇ ਮੇਂ ਭਰਤੀ ਹੋਣਾ, ਤੇ ਚੀਨ ਤੋਂ ਅਮਰੀਕਾ ਪਹੁੰਚਣਾ

ਬਾਬੇ ਦਸਿਆ ਦਿਲ ਨੂੰ ਸ਼ਾਂਤ ਆਈ, ਪ੍ਰੇਮ ਸਹਿਤ ਫਿਰ ਨਾਮ ਧਿਆਇਆ ਸੰਤੋ।
ਥੋੜ੍ਹੇ ਸਾਲ ਫਿਰ ਸੰਗਤੇ ਘਰ ਰਹਿ ਕੇ, ਮਾਲ ਬਾਬੇ ਦੇ ਨਾਲ ਚਰਾਇਆ ਸੰਤੋ।
ਹੋਇਆ ਨਾਮ ਦੇ ਨਾਲ ਪ੍ਰੇਮ ਗੂੜ੍ਹਾ, ਸਾਥ ਬਾਬੇ ਦੇ ਨਾਲ ਨਿਭਾਇਆ ਸੰਤੋ।
ਨੰਬਰ ਯਾਰ੍ਹਵੇਂ ਵਿਚ ਰਸਾਲੇ ਸਿੰਘੋ, ਮੈਨੂੰ ਭਰਤੀ ਸੀ ਪਿਤਾ ਕਰਾਇਆ ਸੰਤੋ।
ਓਸ ਜਗ੍ਹਾ ਮੈਂ ਸਤ ਜੀ ਸਾਲ ਰਿਹਾ, ਕੌੜਾ ਬਚਨ ਨਾ ਕਦੇ ਅਲ੍ਹਾਇਆ ਸੰਤੋ।
ਹਰ ਇਕ ਦੇ ਨਾਲ ਪ੍ਰੇਮ ਸੀ ਜੀ, ਧਰੋਹ ਕਦੇ ਨਾ ਮੈਂ ਕਮਾਇਆ ਸੰਤੋ।
ਹੁਕਮ ਮੰਨ ਕਰ ਸਤ ਜੀ ਬਚਨ ਕਹਿਣਾ, ਕਦੇ ਹੁਕਮ ਨਾ ਮੈਂ ਪਰਤਾਇਆ ਸੰਤੋ।
ਮੇਰੇ ਨਾਲ ਪ੍ਰੇਮ ਸੀ ਕਰਨ ਸਾਰੇ, ਜੈਸਾ ਓਸ ਕਰਤਾਰ ਨੂੰ ਭਾਇਆ ਸੰਤੋ।
ਹਰ ਵਕਤ ਸਮਾਧੀ ਜੀ ਲਗੀ ਰਹੇ, ਅਨਹਦ ਵਾਜਾ ਕਰਤਾਰ ਵਜਾਇਆ ਸੰਤੋ।
ਸੀਤਲਤਾਈ ਫਿਰ ਸੰਗਤ ਰਹੇ ਸਦਾ, ਨਿਜਰ ਧਾਰ ਦਾ ਰਸ ਸੀ ਆਇਆ ਸੰਤੋ।
ਸੁਖ ਮਿਲੇ ਨਾ ਰਾਜ ਦੇ ਭੋਗਿਆਂ ਜੋ, ਇਨਿਨ ਸਖ ਕਰਤਾਰ ਭੋਗਾਇਆ ਸੰਤੋ।
ਮਸਤ ਲਗੇ ਫਿਰ ਰਹਿਣ ਹਮੇਸ਼ ਵੀਰੋ, ਪਹਿਰਾ ਸਾਡਾ ਫਿਰ ਕੁਲ ਹਟਾਇਆ ਸੰਤੋ।
ਗੁਰੂ ਸਾਹਿਬ ਦੀ ਸੇਵਾ ਫਿਰ ਦਿਤੀ ਵੀਰਾ, ਗ੍ਰੰਥੀ ਸਾਨੂੰ ਓਥੇ ਬਣਾਇਆ ਸੰਤੋ।
ਗੁਰੂ ਸਾਹਿਬ ਦੀ ਸੇਵਾ ਇਕ ਸਾਲ ਕੀਤੀ, ਅੰਨ ਜਲ ਓਛਾਲ ਕਰਾਇਆ ਸੰਤੋ।

ਨਾਵਾਂ ਲਿਆ ਕਟਾ ਫਿਰ ਦਾਸ ਨੇ ਜੀ, ਮੁਲਖ ਚੀਨ* ਨੂੰ ਮੈਂ ਫਿਰ ਧਾਇਆ ਸੰਤੋ।
ਹੰਕੋ ਟਾਪੂ ਮੇ ਰਹੇ ਸਾ ਚਿਰ ਥੋੜ੍ਹਾ, ਉਥੇ ਰਹਿ ਕਰ ਨਾਮ ਧਿਆਇਆ ਸੰਤੋ।
ਉਸ ਟਾਪੂ ਮੇਂ ਈਰਖਾ ਬਹੁਤ ਸੀ ਜੀ, ਸਚੇ ਸਤਿਗੁਰੂ ਸਾਨੂੰ ਬਚਾਇਆ ਸੰਤੋ।
ਧੜੇ ਬੰਦੀਆ ਵਿਚ ਨਾ ਅਸੀਂ ਆਏ, ਅੱਡ ਰਹਿ ਕਰ ਝੱਟ ਲੰਘਾਇਆ ਸੰਤੋ।
ਓਥੋਂ ਚਲੇ ਫਿਰ ਅਸੀ ਅਮਰੀਕਾ ਨੂੰ ਜੀ, ਜਿਵੇਂ ਉਸ ਕਰਤਾਰ ਨੂੰ ਭਾਇਆ ਸੰਤੋ।
ਜਾ ਪਹੁੰਚੇ ਫਿਰ ਅਮਰੀਕਾ ਮੇਂ ਜੀ, ਜਾ ਓਥੇ ਫਿਰ ਕੰਮ ਚਲਾਇਆ ਸੰਤੋ।
ਜੁਆਲਾ ਸਿੰਘ[1] ਤੇ ਮਿਲੇ ਸੰਤੋਖ ਸਿੰਘ[2] ਜੀ, ਪਿਆਰੇ ਵੀਰਾ ਨੂੰ ਰੱਬ ਮਿਲਾਇਆ ਸੰਤੋ।
ਹਜ਼ਾਰਾ ਸਿੰਘ[3] ਤੇ ਨੌਦ ਸਿੰਘ[4] ਨਾਲ ਸੀ ਜੀ, ਰੱਬ ਸਾਰਾ ਸਬੱਬ ਬਣਾਇਆ ਸੰਤੋ।

---

* ਅਸੀਂ ਨਾਵਾ ਕਟਾ ਕਰ ਘਰ ਛੇ ਮਹੀਨੇ ਠਹਿਰ ਕਰ ਚੀਨ ਨੂੰ ਤਰੇ। ਕਲਕੱਤੇ ਸੇ ਜਹਾਜ਼ ਚੜ੍ਹ ਕਰ ਛੇ ਰੋਜ ਮੇਂ ਪੰਲਾਗ ਟਾਪੂ ਮੇਂ ਗਏ, ਦੋ ਦਿਨ ਉਥੇ ਠਹਿਰ ਕੇ ਸਤ ਰੋਜ਼ ਮੇਂ ਹੰਕਾਨ ਪਹੁੰਚੇ। ਓਥੇ ਤਿੰਨ ਦਿਨ ਮੇ ਚੰਗਾਈ ਗਏ। ਉਥੇ ਤਿੰਨ ਦਿਨ ਮੇਂ ਹੰਕੋਂ ਮੇਂ ਗਏ। ਓਸ ਜਗ੍ਹਾ ਧੜੇਬੰਦੀ ਈਰਖਾ ਬਹੁਤ ਸੀ। ਮਗਰ ਸਾਨੂੰ ਕਰਤਾਰ ਨਾਮ ਬਖਸਦੇ ਰਹੇ ਅਲਹਿਦਾ ਰਹੇ ਤੇ ਕਿਸੇ ਦਾ ਬੁਰਾ ਨਾ ਕੀਤਾ ਜੀ।

੧ ਬਾਬਾ ਜਵਾਲਾ ਸਿੰਘ, ਪਿੰਡ ਠਠੀਆ, ਜ਼ਿਲਾ ਅੰਮ੍ਰਿਤਸਰ। ਬਾਬਾ ਵਸਾਖਾ ਸਿੰਘ ਜੀ ਦੇ ਸਭ ਤੋਂ ਨੇੜਲੇ ਸੰਗੀ, ਉਮਰ ਕੈਦ ਕਾਲਾ ਪਾਣੀ, ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ਪੰਜਾਬ 'ਚ ਕਿਸਾਨ ਸਭਾ ਦਾ ਮੁਢ ਬੰਨ੍ਹਿਆ ਤੇ ਇਸੇ ਸੰਬੰਧ ਵਿਚ ਬੰਗਾਲ ਵੱਲੇ ਕਾਨਫਰੰਸ ਤੇ ਜਾਂਦਿਆ ਰਸਤੇ 'ਚ ਬਸ ਹਾਦਸੇ ਨਾਲ ਘਾਇਲ ਹੋਏ ਤੇ ੯ ਮਈ, ੧੯੩੮ ਨੂੰ ਸਦੀਵੀ ਵਿਛੋੜਾ ਦੇ ਗਏ (ਫੋਟੋ ਪੰਨਾ ੧੨੦)।

੨ ਭਾਈ ਸੰਤੋਖ ਸਿੰਘ ਪਿੰਡ ਧਰਦੇਓ, ਜ਼ਿਲਾ ਅੰਮ੍ਰਿਤਸਰ (ਜਨਮ ਸਿੰਗਾਪੁਰ ੧੮੯੩ ਸੁਰਗਵਾਸ ੧੯-੨-੧੯੨੭)। ਇਹਨਾ ਦੇ ਪਿਤਾ ਜੀ ਸਿੰਗਾਪੁਰ ਨੌਕਰੀ ਕਰਦੇ ਸਨ। ਉਥੇ ਹੀ ਇਹ ਜਨਮੇ ਤੇ ਓਚੀ ਵਿਦਿਆ ਹਾਸਲ ਕੀਤੀ। ੧੯੧੨ ਵਿਚ ਉਚੇਰੀ ਵਿਦਿਆ ਲਈ ਅਮਰੀਕਾ ਪਹੁੰਚੇ ਗਦਰ ਪਾਰਟੀ 'ਚ ਸ਼ਾਮਲ ਹੋਏ, ਤੇ ਲਾਲਾ ਹਰਦਿਆਲ ਦੇ ਮਾਰਚ ੧੯੧੪ ਵਿਚ ਅਮਰੀਕਾ ਤੇ ਚਲੇ ਜਾਣ ਤੇ ਗ਼ਦਰ ਪਾਰਟੀ ਦੇ ਜਨਰਲ ਸਕਤਰ ਬਣੇ। ਅਮਰੀਕਾ ਵਿਚ ਪ੍ਰਸਿਧ ਸਾਨਫਰਾਂਸਿਸਕੋ ਸਾਜ਼ਸ ਕੇਸ ਵਿਚ ੩੦-੪-੧੯੧੮ ਨੂੰ ੨੨ ਮਹੀਨੇ ਕੈਦ ਸੁਣਾਈ ਗਈ। ੧੯੨੨ ਵਿਚ ਮਾਸਕੋ ਪਹੁੰਚੇ ਤੇ ਕੁਝ ਚਿਰ ਪਿਛੋਂ ਭਾਰਤ ਆਏ। "ਕਿਰਤੀ" ਅਖਬਾਰ ਕਢਿਆ ਤੇ ਕਿਰਤੀ ਕਿਸਾਨ ਪਾਰਟੀ ਬਨਾਈ। ਸਿਰਤੋੜ ਕੰਮ ਕਰਦੇ ਹੋਏ ਟੀ ਬੀ ਦਾ ਸਿਕਾਰ ਹੋਕੇ ੧੯ ੨ ੧੯੨੭ ਨੂੰ ਸਦੀਵੀ ਵਿਛੋੜਾ ਦੇ ਗਏ।

੩ ਬਾਬਾ ਹਜ਼ਾਰਾ ਸਿੰਘ, ਪਿੰਡ ਦਦੇਹਰ, ਅੰਮ੍ਰਿਤਸਰ। ਇਹਨਾ ਨੇ ਵੀ ਬਾਬਾ ਵਿਸਾਖਾ ਸਿੰਘ ਨਾਲ ਜੀਵਨ ਭਰ ਸਾਥ ਨਿਭਾਇਆ। ਦਾਸ ਨੇ ਇਹਨਾ ਦੇ ਖੁਲ੍ਹੇ ਦਰਸ਼ਨ ਕੀਤੇ ਹਨ, ਤੇ ਇਹਨਾ ਨੇ ਹੀ ਇਸ ਆਤਮ ਕਥਾ ਦਾ ਪਹਿਲੀ ਵਾਰ ਜ਼ਿਕਰ ਕੀਤਾ ਸੀ। ਬਾਬਾ ਜੀ ਨੇ ਵੀ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਕੱਟੀ, ਜਾਇਦਾਦ ਵੀ ਜ਼ਬਤ ਹੋਈ ਸੀ (ਫੋਟੋ ਪੰਨਾ ੧੨੨)।

੪ ਭਾਈ ਨੌਧ ਸਿੰਘ, ਪਿੰਡ ਪਠਾਣਕੇ, ਜ਼ਿਲ੍ਹਾ ਲਾਹੌਰ। - **ਸੰਪਾਦਕ**

ਸਾਡਾ ਪੰਜਾਂ ਦਾ ਹੋਇਆ ਪ੍ਰੇਮ ਗੂੜ੍ਹਾ, ਓੜਕ ਤਕ ਫਿਰ ਸਾਥ ਨਿਭਾਇਆ ਸੰਤੋ।
ਸੇਵਕ ਸਿੰਘ ਵਸਾਖ ਬਿਆਣਦਾ ਜੀ, ਕੰਮ ਪੰਜਾਂ ਫਿਰ ਸ਼ੁਰੂ ਕਰਾਇਆ ਸੰਤੋ।

ਖ਼

## ਅਸਾਂ ਪੰਜਾਂ ਨੇ ਅਮਰੀਕਾ[੧] 'ਚ ਕੰਮ ਸ਼ੁਰੂ ਕੀਤਾ

ਸੰਨ ਉਨੀ ਸੌ ਦਸ ਅਖੀਰ ਸੀ ਜੀ, ਕਲਾਫ਼ੋਰਨੀ ਦੇ ਵਿਚਕਾਰ ਭਾਈ।
ਸਟਾਕਟੌਣ ਤੋਂ ਥੋੜ੍ਹੀ ਹੀ ਦੂਰ ਸੀ ਜੀ, ਹੁਲਟ ਟੇਸ਼ਣ ਨਾਮ ਪਕਾਰ ਭਾਈ।
ਟੇਸ਼ਣ ਹੁਲਟ ਦੇ ਲਾਗ ਹੈ ਕੀਟੋ ਵੀਰੋ, ਮਿਡ ਰਿਵੇ ਦੇ ਹੈ ਉਰਾਰ ਭਾਈ।
ਵੀਹ ਨੰਬਰ ਤਾ ਉਸਦੇ ਕੋਲ ਸੀ ਜੀ, ਰਹਿੰਦੇ ਅਸੀ ਸਾ ਕਰਦੇ ਵਿਹਾਰ ਭਾਈ।
ਗੁਰਦੁਆਰਾ[੨] ਨਾ ਉਧਰ ਸੀ ਕੋਈ ਸੰਤੋ, ਅਸਾਂ ਦਿਲ ਮੇਂ ਕੀਤੀ ਵੀਚਾਰ ਭਾਈ।
ਦੋਹਾ ਗੁਰਾਂ ਦੀਆਂ ਦੋ ਮੰਗਵਾ ਕਰਕੇ, ਸੁਬ੍ਹਾ ਕਰਦੇ ਸਾਂ ਰੋਜ ਦੀਦਾਰ ਭਾਈ।
ਪਹਿਲਾ ਦਾਸ ਤੇ ਦੂਜੇ ਜੁਆਲਾ ਸਿੰਘ ਜੀ, ਸੰਤੋਖ ਸਿੰਘ ਸੀ ਹੋਣਹਾਰ ਭਾਈ।
ਹਜ਼ਾਰਾ ਸਿੰਘ ਤੇ ਪੰਜਵੇਂ ਨੌਦ ਸਿੰਘ ਜੀ, ਹੋਈ ਕੌਂਪਣੀ ਖੂਬ ਤਯਾਰ ਭਾਈ।
ਰੋਜ਼ ਕਾਰ ਵਿਹਾਰ ਸਾ ਕਰੀ ਜਾਦੇ, ਨਾਲੇ ਸਿਮਰਦੇ ਸਿਰਜਨੇਹਾਰ ਭਾਈ।
ਨੇਤ ਹੋਈ ਕਰਤਾਰ ਦੀ ਐਸੀ ਵੀਰੋ, ਕਰਦੇ ਬਾਹਰ ਸਾ ਕਾਰ ਵਿਹਾਰ ਭਾਈ।
ਜੁਆਲਾ ਸਿੰਘ ਤੇ ਦੂਏ ਸੰਤੋਖ ਸਿੰਘ ਜੀ, ਦੋਵੇਂ ਰਹੇ ਦਲੀਲ ਨੂੰ ਧਾਰ ਭਾਈ।

[੧ ਉਥੇ ਇਹਨਾ ਦੀ ਖੇਤੀ ਹਜਾਰਾਂ ਏਕੜਾ ਦੀ ਸੀ, ਇਹ ਉਧਰ (Potato kings) "ਆਲੂਆ ਦੇ ਬਾਦਸ਼ਾਹ" ਕਰਕੇ ਪ੍ਰਸਿਧ ਹੋਏ ਸਨ।
੨ ਅਮਰੀਕਾ ਵਿਚ ਇਹ ਪਹਿਲਾ ਗੁਰਦੁਆਰਾ ਬਣਿਆ ਸੀ। –ਸੰਪਾਦਕ]

ਅਸਾਂ ਗੁਰਾਂ ਦਾ ਆਣ ਦੀਦਾਰ ਕੀਤਾ, ਰਹਿਰਾਸ ਦਾ ਕੀਤਾ ਓਚਾਰ ਭਾਈ।

ਸਾਮ ਪਈ ਸੀ ਛਾ ਹਨੇਰ ਰਿਹਾ, ਬੈਠ ਰਹੇ ਨਿਗਾਹ ਸਾਂ ਮਾਰ ਭਾਈ।

ਸਾਨੂੰ ਆਖਦੇ ਗੁਰਾਂ ਤੋਂ ਪੁਛੋਂ ਤੁਸੀਂ, ਦਿਲੋਂ ਮੁਲਕ ਦਾ ਚੌਂਹਦੇ ਸੁਧਾਰ ਭਾਈ।

ਅਸਾਂ ਸੰਗਤੇ ਗਰਾਂ ਦਾ ਵਾਕ ਲਿਆ, ਸਤਿਗੁਰ ਦਿੰਦੇ ਨੇ ਤਾਪ ਉਤਾਰ[1] ਭਾਈ।

ਅਸਾਂ ਆਖਿਆ ਗੁਰਾਂ ਨਿਹਾਲ ਕੀਤੈ, ਦੋਵੇਂ ਹੋ ਗਏ ਤਿਆਰ ਬਰ ਤਿਆਰ ਭਾਈ।

ਦਿਨ ਚੜ੍ਹਿਆ ਤਾਂ ਸਾਨੂੰ ਫਿਰ ਕਹਿਣ ਦੋਵੇ, ਤੁਸੀਂ ਮਿਲੋ ਖਾਂ ਨਾਲ ਪਿਆਰ ਭਾਈ।

ਅਸਾਂ ਆਖਿਆ ਗੁਰਾ ਤੋਂ ਪੁਛ ਲਈਏ, ਹੈ ਗੁਰਾਂ ਦਾ ਇਖਤਿਆਰ ਭਾਈ।

ਸੁਰਤ ਜਦ ਦੀ ਸੰਭਲੀ ਦਾਸ ਨੇ ਹੈ, ਮੈਂ ਤਾਂ ਗਰਾਂ ਦਾ ਤਾਬਿਆਦਾਰ ਭਾਈ।

ਸੁਬਾਹ ਹੋਈ ਤਾਂ ਗੁਰਾਂ ਤੋਂ ਪੁਛਿਆ ਸੀ, ਸਤਿਗੁਰ ਬੋਲਦੇ ਨੇ ਬਾਰੰਬਾਰ ਭਾਈ।

---

੧ ਜਿਸ ਵਕਤ ਭਾਈ ਜੁਆਲਾ ਸਿੰਘ ਜੀ ਤੇ ਸ੍ਰੀਮਾਨ ਭਾਈ ਸੰਤੋਖ ਸਿੰਘ ਜੀ ਨੇ ਬਾਹਰ ਕਾਰ ਵਿਹਾਰ ਕਰਦਿਆ ਦਲੀਲ ਧਾਰੀ ਫਿਰ ਜਦ ਸਾਮ ਨੂੰ ਕੰਮ ਦੀ ਛੱਟੀ ਹੋਈ ਤਕੋਂ ਵੀਰ ਅਲਹਿਦਾ ਜਾ ਬੈਠੇ ਹਨ। ਆਪਸ ਵਿਚ ਗੌਂਦ ਗੁੰਦੀ ਕਿ ਡੇਰੇ ਜਾ ਕਰ ਭਾਈ ਵਸਾਖਾ ਸਿੰਘ ਨੂੰ ਆਖੀਏ ਗੁਰੂ ਸਾਹਿਬਾਨ ਦਾ ਵਾਕ ਲੈਂਣ। ਜੇਕਰ ਵਾਕ ਦਆਰਾ ਸਤਿਗਰ ਦਇਆ ਕਰਨ ਤਾਂ ਅੱਜ ਤੋਂ ਆਪਣੀ ਜ਼ਿੰਦਗੀ ਭਾਰਤ ਵਰਸ਼ ਦੀ ਹੋ ਚੁੱਕੀ। ਏਹ ਸਲਾਹ ਕਰਕੇ ਡੇਰੇ ਨੂੰ ਗਏ। ਰਹਿਰਾਸ ਦਾ ਪਾਠ ਕਰਕੇ ਸਾਰੇ ਸਿੰਘ ਉਡੀਕ ਰਹੇ ਸਾ, ਹਨ੍ਹੇਰਾ ਹੋ ਗਿਆ ਹੈ, ਅਜੇ ਤਕ ਵੀਰ ਦੋਵੇਂ ਆਏ ਨਹੀਂ ਹਨ, ਤਦੇ ਖ਼ਵਰ ਵਰਦੀ ਪਈ ਪੁਵਾੜੀ ਜੋੜਿਆਂ ਮੇਂ ਖੜੋ ਕਰ ਬਿਨੈ ਕਰਦੇ ਹਨ। ਸਾਨੂੰ ਕਹਿ ਰਹੇ ਹਨ ਤੁਸੀਂ ਗੁਰੂ ਸਾਹਿਬਾਂ ਦਾ ਵਾਕ ਲਵੋ ਜੀ। ਅਸਾ ਨਮਸਕਾਰ ਕਰ ਪੁਛਿਆ ਆਪਦਾ ਆਸ਼ਾ ਕੀ ਹੈ? ਤਦ ਵੀਰਾ ਨੇ ਸਾਨੂੰ ਕਿਹਾ ਜੋ ਓਪਰ ਲਿਖਾ ਹੈ ਤਦ ਮੈਂ ਕਿਹਾ ਧੰਨ ਸਿਖੀ ਤੇ ਵਾਕ ਲਿਆ ਤੇ ਏਹ ਹੁਕਮ ਆਇਆ।

**ਸੋਰਠਿ ਮ: ੫**

ਠਾਢਿ ਪਾਈ ਕਰਤਾਰੇ ॥ ਤਾਪ ਛੋਡਿ ਗਇਆ ਪਰਵਾਰੇ। ਗੁਰਿ ਪੂਰੇ ਹੈ ਰਾਖੀ ॥ ਸਰਣਿ ਸਚੇ ਕੀ ਤਾਕੀ ॥ ਪਰਮੇਸਰੁ ਆਪਿ ਹੋਆ ਰਖਵਾਲਾ ॥ ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨ ਹੋਆ ਸਦਾ ਸੁਖਾਲਾ ॥ ਰਹਾਉ। ਹਰਿ ਹਰਿ ਨਾਮੁ ਦੀਓ ਦਾਰੂ ॥ ਤਿਨਿ ਸਗਲਾ ਰੋਗੁ ਬਿਦਾਰੂ ॥ ਆਪਣੀ ਕਿਰਪਾ ਧਾਰੀ ॥ ਤਿਨਿ ਸਗਲੀ ਬਾਤ ਸਵਾਰੀ ॥ ਪ੍ਰਭਿ ਅਪਨਾ ਬਿਰਦ ਸਮਾਰਿਆ ॥ ਹਮਰਾ ਗੁਣ ਅਵਗੁਣ ਨ ਬੀਚਾਰਿਆ ॥ ਗੁਰ ਕਾ ਸਬਦੁ ਭਇਓ ਸਾਖੀ ॥ ਤਿਨਿ ਸਗਲੀ ਲਾਜ ਰਾਖੀ ॥ ਬੋਲਾਇਆ ਬੋਲੀ ਤੇਰਾ ॥ ਤੂੰ ਸਾਹਿਬ ਗੁਣੀ ਗਹੇਰਾ ॥ ਜਪ ਨਾਨਕ ਨਾਮ ਸੱਚ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥

'ਚਤਰ[੧] ਦਿਸਾ ਕੀਤਾ ਬਲ ਆਪਣਾ ਜੀ, ਸਤ ਬੋਲਦੇ ਮੁਖੋ ਓਚਾਰ ਭਾਈ।
ਮੈ ਹੋ ਅਧੀਨ ਡੰਡੌਤ ਕੀਤੀ, ਬਾਰੰਬਾਰ ਕਰਦਾ ਨਮਸਕਾਰ ਭਾਈ।
ਜਦ ਮੈ ਫਿਰ ਸੰਗਤੇ ਰੱਲ ਗਿਆ, ਸ਼ੁਕਰ ਵੀਰਾਂ ਮਨਾਇਆ ਹਜ਼ਾਰ ਭਾਈ।
ਨੌਦ ਸਿੰਘ ਤੇ ਦੂਜੇ ਹਜ਼ਾਰਾ ਸਿੰਘ ਜੀ, ਤਿਆਰ ਹੋ ਗਏ ਨਾਲ ਪਿਆਰ ਭਾਈ।
ਸਾਡਾ ਦੀਆ ਅਰਦਾਸਾ ਸੋਧ ਉਨ੍ਹਾਂ, ਖੁਸ਼ੀ ਨਾਲ ਫਿਰ ਛੱਡੇ ਜੈਕਾਰ ਭਾਈ।
ਪੰਜਾਂ ਰੱਲ ਫਿਰ ਕੰਮ ਸੀ ਸ਼ੁਰੂ ਕੀਤਾ, ਹੋਈ ਕੌਂਪਣੀ ਖੂਬ ਤਿਆਰ ਭਾਈ।
ਆਏ ਗਏ ਭਰਾਵਾਂ ਦੀ ਸੇਵਾ ਕਰਦੇ, ਲੰਗਰ ਚਲ ਰਿਹਾ ਅੱਠੇ ਸੀ ਪਹਿਰ ਭਾਈ।
ਜੁਆਲਾ ਸਿੰਘ[੨] ਪਰਧਾਨ ਬਣਾ ਦਿੱਤਾ, ਵਾਈਸ ਸਿੰਘ ਵਸਾਖ ਅਧਿਕਾਰ ਭਾਈ।
ਦਿਤਾ ਸਕੱਤਰ ਬਣਾ ਸੰਤੋਖ ਸਿੰਘ ਨੂੰ, ਅੰਗਰੇਜ਼ੀ ਪੜ੍ਹਿਆ ਤੇ ਬਹੁਤ ਹੋਸਿਆਰ ਭਾਈ।
ਹਜ਼ਾਰਾ ਸਿੰਘ[੩] ਨੂੰ ਗ੍ਰਗ੍ਰਾ ਦੀ ਸੇਵਾ ਦਿਤੀ, ਸੁਬਾਹ ਉਠ ਕੇ ਕਰਨ ਓਪਕਾਰ ਭਾਈ।

---

੧ ਭਾਈ ਸਾਹਿਬ ਹੁਰਾ ਨੇ ਕਿਹਾ ਵਾਕ ਲਵੋ। ਜਦ ਵਾਕ ਲਿਆ ਤਾ ਗੁਰੂ ਗ੍ਰੰਥ ਸਾਹਿਬ ਨੇ ਵਾਕ ਦੁਆਰਾ ਆਨੰਦ ਕੀਤਾ ਹੈ। ਵੀਰ ਜੀ ਆਪ ਤਿਆਰ ਹੋ ਜਾਓ ਤਦ ਦੋਵੇਂ ਵੀਰ ਤਿਆਰ ਹੋ ਗਏ। ਅਰਦਾਸਾ ਸੋਧ ਦੀਆ। ਰਾਤ ਉਮੀਦ ਨਹੀਂ ਵੀਰ ਸੋਏ ਹੋਣ, ਦਿਨ ਚੜ੍ਹਿਆ ਸਾਨੂੰ ਕਹਿਣ ਤੁਸੀਂ ਵੀ ਨਾਲ ਮਿਲ ਜਾਓ, ਤਦ ਮੈਂ ਕਿਹਾ ਗੁਰੂ ਸਾਹਿਬ ਨੂੰ ਪੁਛ ਲਈਏ। ਵਾਕ ਦੁਆਰਾ ਜੋ ਹੁਕਮ ਹੋਵੇਗਾ ਤਾ ਦਾਸ ਹਾਜ਼ਰ ਹੋ ਜਾਵੇਗਾ ਜੀ। ਸਾਰੇ ਦਿਨ ਮੇਂ ਜੋ ਫੈਸਲਾ ਹੋਇਆ ਉਤੇ ਲਿਖਾ ਹੈ। ਸਵੇਰ ਹੋਈ ਤਾ ਵਾਕ ਲਿਆ ਤਾ ਏਹ ਵਾਕ ਆਇਆ।

**ਧਨਾਸਰੀ ਮ : ੫**

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰ ਧਾਰਿਓ ॥ ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖ ਬਿਦਾਰਿਓ। ਹਰਿ ਜਨ ਰਾਖੇ ਗੁਰ ਗੋਬਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥ ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥ ਨਾਨਕ ਦਾਸ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥

੨ ਪਰਧਾਨ ਪਹਿਲਾ ਭਾਈ ਜੁਆਲਾ ਸਿੰਘ ਜੀ ਜ਼ਿਲਾ ਅੰਮ੍ਰਿਤਸਰ ਨਗਰ ਠਠੀਆ। ਦੂਜੇ ਪਰਧਾਨ ਭਾਈ ਵਸਾਖਾ ਸਿੰਘ ਜੀ ਜ਼ਿਲਾ ਅੰਮ੍ਰਿਤਸਰ ਨਗਰ, ਦਦੇਹਰ, ਭਾਈ ਸੰਤੋਖ ਸਿੰਘ ਜੀ ਸਕੱਤਰ ਜ਼ਿਲਾ ਅੰਮ੍ਰਿਤਸਰ ਨਗਰ ਧਰਦੇ, ਭਾਈ ਹਜ਼ਾਰਾ ਸਿੰਘ ਜੀ ਗ੍ਰੰਥੀ ਜ਼ਿਲਾ ਅੰਮ੍ਰਿਤਸਰ ਨਗਰ ਦਦੇਹਰ, ਭਾਈ ਨੌਦ ਸਿੰਘ ਜੀ ਖਜ਼ਾਨਚੀ ਜ਼ਿਲਾ ਲਾਹੌਰ ਪਿੰਡ ਪਠਾਣਕੇ।

੩ ਪਹਿਲਾ ਕੁਝ ਚਿਰ ਤਕ ਸ੍ਰੀ ਮਾਨ ਭਾਈ ਈਸਰ ਸਿੰਘ ਜੀ ਚਨਣਕਿਆ ਵਾਲੇ ਵੀ ਗ੍ਰੰਥੀ ਰਹੇ ਸਨ, ਓਹ ਫੇਰ ਛੇਤੀ ਹੀ ਨਗਰ ਨੂੰ ਆ ਗਏ ਸਨ।

ਨੰਦ ਸਿੰਘ ਬਣਾਇਆ ਖਜ਼ਾਨਚੀ ਸੀ, ਹੈ ਬਹੁਤ ਸੀ ਖੜਕੇ ਜੀ ਦਾਰ ਭਾਈ।

ਦਸ ਤੁਰਦੇ ਤੇ ਵੀਹ ਸਨ ਆ ਜਾਂਦੇ, ਲਗੀ ਰਹਿੰਦੀ ਸੀ ਸਦਾ ਬਹਾਰ ਭਾਈ।

'ਭਾਈਆ ਵਾਲਾ' ਇਹ ਡੇਰਾ ਮਸ਼ਹੂਰ ਹੋਇਆ, ਸਭ ਜਾਣਦਾ ਸੀ ਨਰ ਨਾਰ ਭਾਈ।

ਲੰਗਰ ਨਾਲ ਪ੍ਰੇਮ ਵਰਤੌਣ ਸੰਤੋ, ਲਗਾ ਰੋਜ਼ ਹੀ ਹੋਣ ਸੁਧਾਰ ਭਾਈ।

ਅੱਜ ਹੋਰ ਤੇ ਕਲ ਹੋਰ ਸਮਝੋ, ਖਿੜਨ ਲਗੀ ਸੀ ਸੋਹਣੀ ਗੁਲਜ਼ਾਰ ਭਾਈ।

ਕਰੇ ਬੰਦਗੀ ਸੇਵਾ ਵਸਾਖ ਭਾਈ, ਕੀਤੀ ਮੇਹਰ ਸੀ ਆਪ ਦਾਤਾਰ ਭਾਈ।

¤ ¤ ¤

# 11.

# ਸੰਨ ਈਸਵੀ ਉਨੀ ਸੌ ਯਾਰਾਂ ਤੇ ਪੋਹ ਸੁਦੀ ਸਤਵੀਂ[1] ਦਾ ਭਾਰੀ ਧੂਮ ਧਾਮ ਨਾਲ ਜੋੜਮੇਲ ਤੇ ਪੰਜ ਵਜ਼ੀਫ਼ੇ ਦੇਣੇ, ਬਹੁਤ ਸਿੰਘ ਤਿਆਰ ਹੋਣੇ ਤੇ ਗੁਰਦਵਾਰੇ ਦਾ ਪ੍ਰਾਰੰਭ

ਸੰਨ ਉਨੀ ਸੌ ਯਾਰਾਂ ਦੇ ਚੜ੍ਹਦਿਆਂ ਹੀ, ਸੇਵਾ ਕੀਤੀ ਜੋ ਦਿਆ ਬਤਾ ਵੀਰੋ।
ਜੁਆਲਾ ਸਿੰਘ ਨੇ ਪੰਜ ਵਜ਼ੀਫ਼ੇ ਦਿੱਤੇ, ਮੁਲਕੋ ਲਏ ਸੀ ਪੰਜੇ ਮੰਗਾਵਾ ਵੀਰੋ।
ਵਿਚ ਬਰਕਲੀ[2] ਉਨ੍ਹਾਂ ਨੂੰ ਜਗ੍ਹਾ ਦਿੱਤੀ, ਬੰਦੋਬਸਤ ਸੀ ਦੀਆ ਕਰਾ ਵੀਰੋ।
ਨੰਦ ਸਿੰਘ ਜੀ ਉਨ੍ਹਾਂ ਵਿਚ ਲੈਕ ਸੀ ਜੀ, ਉਹਨੂੰ ਦੀਆ ਪਰਧਾਨ ਬਣਾ ਵੀਰੋ।
ਕਠਾ ਕਰਕੇ ਬੰਦੋ ਜੀ ਬਸਤ ਸਾਰਾ, ਵਿਚ ਬਰਕਲੀ ਦੀਆ ਟਿਕਾ ਵੀਰੋ।
ਲਗੇ ਵਿਦਿਆ ਪੜ੍ਹਨ ਪ੍ਰੇਮ ਸੇ ਜੀ, ਕੰਮ ਸੇਵਾ ਦਾ ਛਿੜਿਆ ਸੀ ਆ ਵੀਰੋ।
ਲਗੀ  ਖਿੜਨ ਗੁਲਜ਼ਾਰ ਸੀ ਹੋਰ ਸੰਤੋ, ਪੋਹ ਸਤਵੀਂ ਨੇੜੇ ਗਈ ਆ ਵੀਰੋ।
ਅਸਾਂ ਰਲ ਕੇ ਪੰਜਾਂ ਸਲਾਹ ਕੀਤੀ, ਲਈਏ ਗੁਰਾਂ ਦਾ ਪੂਰਬ ਮਨਾ ਵੀਰੋ।
ਮਨਸਾ ਸਾਰਿਆਂ ਰਲ ਸੀ ਠੀਕ ਹੋਇਆ, ਪਕੀ ਹੋ ਗਈ ਸਾਡੀ ਸਲਾਹ ਵੀਰੋ।

---

੧ ਗੁਰੂ ਗੋਬਿੰਦ ਸਿੰਘ ਦਾ ਜਨਮ ਪੁਰਬ।

੨ ਬਰਕਲੀ ਸੰਸਫਰਾਸੀਸਕੋ ਸਹਿਰ ਦਾ ਏਕ ਟੌਣ (ਟਾਊਨ) ਹੈ ਅਮਰੀਕਾ ਮੇਂ ਹੈ, ਉਥੇ ਯੂਨੀਵਰਸਿਟੀ ਸੀ। ਓਨ੍ਹਾਂ ਪੰਜਾ ਵਿਦਿਆਰਥੀਆਂ ਵਿਚ ਭਾਈ ਨੰਦ ਸਿੰਘ ਜੀ ਫਿਲੌਰ (ਜਾਲੰਧਰ) ਨਿਵਾਸੀ ਬੜੇ ਲੈਕ ਸਨ। ਏਹ ਪਰਧਾਨ ਬਣਾ ਦੀਏ। ਸਾਡੇ ਪਾਸ ਆਕਰ ਜਿਸ ਚੀਜ਼ ਦੀ ਲੋੜ ਪੈਂਦੀ ਤਾ ਏਹ ਸਿੰਘ ਜੀ ਲੈ ਜਾਦੇ ਸਨ।

ਪਿਛੋਂ ਨਾਲ ਪ੍ਰਮੇ ਸਮਝਾ ਕਰਕੇ, ਕੱਠੀ ਲਈਏ ਜੀ ਮਾਇਆ ਕਰਾ ਵੀਰੋ।
ਲੈਕ ਸਿੰਘਾਂ ਦੀ ਬੰਨ੍ਹ ਕਮੇਟੀ ਦੇਈਏ, ਗੁਰੂ ਲਈਏ ਦੁਆਰ ਬਣਾ ਵੀਰੋ।
ਸਦ ਲਈਏ ਜੀ ਹਿੰਦੂਆਂ ਮੋਮਨਾਂ ਨੂੰ, ਨਾਲੇ ਸੱਦੀਏ ਸਿੰਘ ਭਰਾ ਵੀਰੋ।
ਫੇਰ ਸਾਰਿਆਂ ਪਾਸ ਅਰਜ਼ੋਈ ਕਰੀਏ, ਨਾਲ ਦੇਈਏ ਪ੍ਰੇਮ ਸਮਝਾ ਵੀਰੋ।
ਗੌਰਮਿੰਟ ਜੋ ਜ਼ੁਲਮ ਕਮਾ ਰਹੀ ਏ, ਸਾਰੇ ਵੀਰਾਂ ਨੂੰ ਦੇਈਏ ਸੁਣਾ ਵੀਰੋ।
ਕਰ ਜਾਣ ਤਫ਼ਾਕ ਜਿਓਂ ਵੀਰ ਸਾਰੇ, ਬਣਤ ਸੋਈ ਜੀ ਲਈਏ ਬਣਾ ਵੀਰੋ।
ਜੋਰ ਲਾ ਦਈਏ ਵੀਰ ਜੀ ਰਲ ਸਾਰੇ, ਗੌਰਮਿੰਟ ਨੂੰ ਦੇਈਏ ਧਕਾ ਵੀਰੋ।
ਭਾਰਤ ਵਰਸ ਨੂੰ ਰੱਲ ਓਠਾਲ ਦੇਈਏ, ਮਜ਼ਾ ਜ਼ੁਲਮ ਦਾ ਦੇਈਏ ਚਖਾ ਵੀਰੋ।
ਓੜਕ ਨਿਬੜੀ ਸਾਡੀ ਸਲਾਹ ਸੰਤੋ, ਪਕੀ ਲਈ ਫਿਰ ਖ਼ੂਬ ਪਕਾ ਵੀਰੋ।
ਚਿਠੇ ਲਿਖ ਕਰ ਭੇਜ ਦੀਏ ਸਾਰਿਆਂ ਨੂੰ, ਵਿਚ ਡਾਕ ਦੇ ਦਿੱਤੇ ਜੀ ਪਾ ਵੀਰੋ।
ਸੱਦ ਭੇਜਿਆ ਸਾਰਿਆਂ ਮੋਮਨਾਂ ਨੂੰ, ਨਾਲੇ ਸਦੇ ਸੀ ਹਿੰਦੂ ਭਰਾ ਵੀਰੋ।
ਬਾਲਣ ਕਰਕੇ ਕੱਠਾ ਫਿਰ ਵੀਰ ਮੇਰੇ, ਡੇਰੇ ਦੀਏ ਸੀ ਅਸਾਂ ਫਿਰ ਲਾ ਵੀਰੋ।
ਰਾਸਣ ਵਾਸਤੇ ਕਰ ਵਿਚਾਰ ਸਾਰੀ, ਲਿਆ ਸਾਰਾ ਸੀ ਪਾਸ ਮੰਗਾਵਾ ਵੀਰੋ।
ਹਰ* ਤਰ੍ਹਾਂ ਸੀ ਬੰਦੋ ਜੀ ਬਸਤ ਕੀਤਾ, ਸਾਰੀ ਲਈ ਸੀ ਬਣਤ ਬਣਾ ਵੀਰੋ।
ਸੁੰਦਰ ਦਿਤੀ ਅੰਗੀਠੀ ਲੁਆ ਸੰਤੋ, ਅੰਦਰ ਦੀਏ ਸਫ਼ਾ ਕਰਾ ਵੀਰੋ।
ਜਿਧਰ ਜਾਂਵਦੇ ਕਾਰਜ ਜੀ ਹੋਣ ਸੋਹਣੇ, ਇਕ ਦੂਜੇ ਤੋਂ ਵੱਧ ਸੀ ਚਾ ਵੀਰੋ।
ਦਿਲੋਂ ਚਾਹੁੰਦੇ ਸੰਗਤਾਂ ਔਣ ਛੇਤੀ, ਰਿਹਾ ਦਿਲੀਂ ਪ੍ਰੇਮ ਸਮਾ ਵੀਰੋ।
ਮੇਹਰ ਕਟਨ ਮਹਾਰਾਜ ਦਿਆਲ ਹੋਵਣ, ਦਰਸ ਸੰਗਤਾਂ ਦੇਣ ਦਖਾ ਵੀਰੋ।

---

* ਪੋਹ ਸਦੀ ਸਤਵੀਂ ਦੇ ਜੋੜ ਮੇਲੇ ਦਾ ਜੋ ਖਰਚ ਹੋਇਆ ਸੀ ਸੰਤ ਤਾਰਾ ਸਿੰਘ ਜੀ ਤੇ ਦੁਆਬਾ ਨਿਵਾਸੀ ਭਾਈ ਕਪੂਰ ਸਿੰਘ ਜੀ ਨੇ ਖਰਚ ਸਾਨੂੰ ਨਾਲ ਹਿੱਸਾ ਦਿਤਾ ਸੀ ਕਿਉਂਕਿ ਏਹ ਸਾਡੇ ਨਾਲ ਸਿਰਫ ਜ਼ਿਮੀਦਾਰੀ ਦਾ ਕੰਮ ਕਰਦੇ ਸਨ, ਮੁਲਕ ਦੀ ਸੇਵਾ ਮੇਂ ਨਹੀਂ ਸਨ ਏਹ ਦੋਵੇਂ।

ਸ਼ੁਕਰ ਹੋਵੇਗਾ ਉਸ ਜੀ ਦਿਨ ਭਾਈ, ਜਾਣ ਸੰਗਤਾ ਜਦੋਂ ਜੀ ਆ ਵੀਰੋ।
ਭਾਰਤ ਵਰਸ ਦਾ ਜਿਵੇਂ ਉਧਾਰ ਹੋਵੇ, ਆਸ ਸਤਿਗੁਰੂ ਦੇਣ ਪੁਜਾ ਵੀਰੋ।
ਦਿਲੀ ਰਿਹਾ ਪ੍ਰੇਮ ਸਮਾ ਸੀ ਜੀ, ਪੁਰਬ ਨੇੜੇ ਫਿਰ ਗਿਆ ਸੀ ਆ ਵੀਰੋ।
ਸੇਵਾਦਾਰ ਵਸਾਖ ਦੀ ਬੇਨਤੀ ਜੀ, ਸੁਣੋ ਤੁਸੀਂ ਮੈਂ ਰਿਹਾ ਬਤਾ ਵੀਰੋ।

ਸੱਚੇ ਪਾਤਸ਼ਾਹ ਦੀ ਦਇਆ ਹੋਈ, ਆਈਆ ਸੰਗਤਾਂ ਹੁੰਮ ਹੁਮਾ ਵੀਰੋ।
ਪੈਂਤੀ ਮੋਮਨ ਵੀ ਨਾਲ ਪ੍ਰੇਮ ਆਏ, ਬਾਰਾ ਆਏ ਸੀ ਹਿੰਦੂ ਭਰਾ ਵੀਰੋ।
ਹਰਦਿਆਲ[1] ਤੇ ਪਰਮਾਂ[2] ਸੀ ਨੰਦ ਆਏ, ਸਿੰਘ ਆਏ ਸੀ ਬਹੁਤ ਜੀ ਧਾ ਵੀਰੋ।
ਕਿਤੇ ਢੋਲਕੀ ਛੈਣਿਆਂ ਰੰਗ ਲਾਇਆ, ਕਿਤੇ ਰਹੇ ਸਮਾਧੀਆਂ ਲਾ ਵੀਰੋ।
ਆਈਆਂ ਸੰਗਤਾ ਹੁੰਮ ਹੁਮਾ ਕਰਕੇ, ਛਹਿਬਰ ਨਾਮ ਦੀ ਲਗੀ ਸੀ ਆ ਵੀਰੋ।
ਲੈਕਚਰ ਹੋਵਂਦੇ ਕਿਤੇ ਪ੍ਰੇਮ ਸੇ ਜੀ, ਰਹੇ ਵੀਰਾਂ ਨੂੰ ਵੀਰ ਸਮਝਾ ਵੀਰੋ।
ਆਏ ਵੀਰਾਂ ਦੀ ਸਿੰਘ ਜੀ ਸੇਵ ਕਰਦੇ, ਗਰਮ ਕਰ ਛਕਾਂਵਦੇ ਚਾਹ ਵੀਰੋ।
ਭੋਗ ਪੈਣ ਦਾ ਜਦੋਂ ਸੀ ਸਮਾ ਆਇਆ, ਬਾਹਰੋਂ ਸਭ ਨੂੰ ਲਿਆ ਬੁਲਾ ਵੀਰੋ।
ਕੀਤਾ ਕੀਰਤਨ ਸੀ ਸੰਗਤਾਂ ਰੱਲ ਸੋਹਣਾ, ਰਿਹਾ ਦਿਨ ਸੀ ਓਹ ਸੁਹਾ ਵੀਰੋ।

---

[੧ ਲਾਲਾ ਹਰਦਿਆਲ ਐਮ ਏ , ਦਿੱਲੀ ਦੇ ਰਹਿਣ ਵਾਲੇ ਸਨ। ਉਚ ਕੋਟੀ ਦੇ ਵਿਦਵਾਨ। 'ਗ਼ਦਰ' ਅਖਬਾਰ ਦੇ ਮੋਢੀ ਐਡੀਟਰ ਤੇ ਗ਼ਦਰ ਪਾਰਟੀ ਦੇ ਪਹਿਲੇ ਜਨਰਲ ਸਕਤਰ। ਮਾਰਚ ੧੯੧੪ ਵਿਚ ਗ਼ਦਰ ਪਾਰਟੀ ਦੀ ਸਲਾਹ ਨਾਲ ਅਮਰੀਕਾ ਛੱਡ ਕੇ ਜਰਮਨੀ ਚਲੇ ਗਏ (ਫੋਟੋ ਪੰਨਾ ੧੨੩)।

੨ ਭਾਈ ਪਰਮਾਨੰਦ ਜੀ, ਪਿੰਡ ਕਰਿਆਲਾ, ਜ਼ਿਲਾ ਜਿਹਲਮ। ਆਪ ਲਾਹੌਰ ਡੀ ਏ ਵੀ ਕਾਲਿਜ ਇਤਹਾਸ ਦੇ ਪਰੋਫੈਸਰ ਸਨ। ਇਹ ਪ੍ਰਸਿਧ ਸ਼ਹੀਦ ਭਾਈ ਮਤੀ ਦਾਸ ਦੀ ਅੰਸ ਵਿਚੋਂ ਸਨ। ੧੯੧੨ ਵਿਚ ਅਮਰੀਕਾ ਗਏ, ਗਦਰ ਪਾਰਟੀ ਦੀ ਸਥਾਪਨਾ ਵਿਚ ਉਘਾ ਹਿਸਾ ਪਾਇਆ। ਪਹਿਲੇ ਕੇਸ ਵਿਚ ਓਮਰ ਕੈਦ - ਕਾਲੇ ਪਾਣੀ - ਜਾਇਦਾਦ ਜ਼ਬਤੀ ਦੀ ਸਜ਼ਾ ਹੋਈ (ਫੋਟੋ ਪੰਨਾ ੧੨੪)।

— ਸੰਪਾਦਕ ]

ਪਿਛੋ ਉਠ ਕਰ ਅਸਾਂ ਅਪੀਲ ਕੀਤੀ, ਪਹਿਲਾਂ ਵੀਰਾ ਨੂੰ ਫਤਹਿ ਬੁਲਾ ਵੀਰੋ[੧]।
ਦਇਆ ਕਰੋ ਜੇ ਰਲ ਕੇ ਤੁਸੀਂ ਵੀਰੋ, ਆਪ ਤਾਈਂ ਫਿਰ ਦਈਏ ਬਤਾ ਵੀਰੋ।
ਸਿੰਘਾਂ ਸਾਰਿਆ ਛਡ ਜੈਕਾਰ ਦਿੱਤਾ, ਮੁਖੋਂ ਦੀਆ ਸੀ ਹਾ ਅਲਾਹ ਵੀਰੋ।
ਸੁਣੋਂ ਤੁਸੀਂ ਪ੍ਰੇਮ ਸੇ ਖਾਲਸਾ ਜੀ, ਦੇਈਏ ਗੁਰੂ ਦੁਆਰਾ ਬਣਾ ਵੀਰੋ।
ਦਿਉ ਗਫੇ ਜੀ ਖੁਲ੍ਹੇ ਹੁਣ ਨਾਂਗਣੀ ਦੇ, ਕੱਠੀ ਲਈਏ ਖਾਂ ਹੁਣ ਉਗਰਾਹ ਵੀਰੋ।
ਲੈਕ ਵੀਰਾਂ ਨੂੰ ਚੁਣਕੇ ਏਸ ਜਗ੍ਹਾ, ਦੇਈਏ ਸੋਹਣੀ ਕਮੇਟੀ ਸਜਾ ਵੀਰੋ।
ਕਰੋ ਮੇਹਰ ਹੁਣ ਸੰਗਤੇ ਆਪ ਸਾਰੇ, ਮਾਇਆ ਕੱਠੀ ਜੀ ਲਈਏ ਕਰਾ ਵੀਰੋ।
ਕਰ ਬੇਨਤੀ ਵੀਰਾਂ ਏਹ ਸਾਰਿਆਂ ਨੂੰ, ਪਿਛੋਂ ਦੀਆ ਫਿਰ ਸੀਸ ਨਿਵਾ ਵੀਰੋ।
ਸੁਣੀ ਬੇਨਤੀ ਜਦੋਂ ਏਹ ਸੰਗਤਾਂ ਨੇ, ਚੜ੍ਹ ਗਿਆ ਫਿਰ ਸਭ ਨੂੰ ਚਾਅ ਵੀਰੋ।
ਦੇਣ ਲਗੇ ਫਿਰ ਮਾਇਆ ਪ੍ਰੇਮ ਸੇ ਜੀ, ਇਕ ਦੂਜੇ ਤੋਂ ਰਹੇ ਦੁਆ ਵੀਰੋ।
ਕਈ ਤਾੜਕੇ ਆਖਦੇ ਸਾਡੇ ਤਾਈਂ, ਤੁਸਾਂ ਪਹਿਲਾ ਨਹੀਂ ਦਸਿਆ ਜਾ ਵੀਰੋ।
ਪਾਸ ਡਾਲਾ ਨਹੀਂ ਲੈ ਕਰ ਆਏ ਅਸੀਂ, ਸਾਥੋਂ ਲਓ ਖਾ ਹੁਣ ਲਿਖਾ ਵੀਰੋ।
ਡੇਰੀਂ ਆਣ ਕਰ ਸਾਡੀ ਜੀ ਲੈ ਔਣਾ, ਅਸੀਂ ਦੇਈਏ ਸੱਚ ਸੁਣਾ ਵੀਰੋ।
ਹਜਾਰ ਪੰਜ ਕੁ ਡਾਲਾ ਸੀ ਨਕਦ ਹੋਇਆ, ਬਹੁਤਾ ਦੀਆ ਸੀ ਸਭਨਾ ਲਿਖਾ ਵੀਰੋ।
ਪਿਛੋਂ ਚੁਣਕੇ ਸਿੰਘ ਜੀ ਲੈਕ ਬਾਰਾਂ, ਦਿਤੀ ਸੋਹਣੀ ਕਮੇਟੀ ਬਣਾ ਵੀਰੋ।
ਜੁਆਲਾ ਸਿੰਘ ਪਰਧਾਨ ਬਣਾ ਦੀਆ ਸਾਨੂੰ ਮਾਇਆ ਸੀ ਦਿਤੀ ਗਿਣਾ ਵੀਰੋ[੨]।
ਤਾਰਾ ਸਿੰਘ ਸਕੱਤਰ ਬਣਾਏ ਦੀਆ ਕਰੋ ਉਗਰਾਹੀ ਜੀ ਦੀਆ ਸੁਣਾ ਵੀਰੋ।

---

੧ ਗੁਰਦਵਾਰਾ ਬਣਵੌਣ ਵਾਸਤੇ ਅਪੀਲ ਸ੍ਰੀਮਾਨ ਭਾਈ ਜਆਲਾ ਸਿੰਘ ਜੀ ਤੇ ਸੰਤ ਤਾਰਾ ਸਿੰਘ ਜੀ ਤੇ ਦਾਸ ਨੇ ਕੀਤੀ ਸੀ।

੨ ਸਾਨੂੰ ਖਜ਼ਾਨਚੀ ਬਣਾਇਆ ਸੀ ਸੰਤ ਤਾਰਾ ਸਿੰਘ ਜੋ ਸੈਦ ਰਾਵਲਪਿੰਡੀ ਦੇ ਸਨ ਨੇ ਸਕੱਤਰ ਬਣਾਇਆ, ਵਿਦਵਾਨ ਸਨ। ਬਾਵਾ ਸਿੰਘ ,ਗੀ ਦੁਆਬਾ ਨਿਵਾਸੀ ਹਰੀ ਸਿੰਘ ਜੀ ਘਲਾ ਦੇ ਸਨ ਏਨਾਂ ਤਿੰਨਾਂ ਨੂੰ ਉਗਰਾਹੀ ਦੀ ਸੇਵਾ ਦਿੱਤੀ ਜਿਨ੍ਹਾ ਬਹੁਤ ਪ੍ਰੇਮ ਸੇ ਕੀਤੀ।

ਬਾਵਾ ਸਿੰਘ ਤੇ ਹਰੀ ਸਿੰਘ ਨਾਲ ਕੀਤੇ, ਦੀਆ ਤਿੰਨਾਂ ਦਾ ਸਾਥ ਬਣਾ ਵੀਰੋ।
ਦਿਤੇ ਹੋਰ ਬਣਾ ਸਹਾਇਕ ਬਹੁਤੇ, ਪਿਛੋਂ ਦੀਆ ਅਰਦਾਸਾ ਸੁਧਾ ਵੀਰੋ।
ਕਈ ਆਖਦੇ ਹੋਇਆ ਏਹ ਕੰਮ ਸੋਹਣਾ, ਇਕ ਦੂਜੇ ਨੂੰ ਰਹੇ ਬਤਾ ਵੀਰੋ।
ਸਾਮ ਪਈ ਪਰਸ਼ਾਦ ਛਕਾਇ ਦੀਆ, ਸੌਂ ਗਏ ਫਿਰ ਸਾਰੇ ਭਰਾ ਵੀਰੋ।
ਸੰਗਤ ਬਹੁਤ ਤੇ ਕਪੜੇ ਸੀ ਕੰਮਤੀ, ਅੱਗ ਬਾਲ ਕਰ ਰਹੇ ਸਿਕਾ ਵੀਰੋ।
ਸੇਵਾ ਕਰਦੇ ਸੀ ਸਿੰਘ ਪ੍ਰੇਮ ਸੇ ਜੀ, ਦਿੰਦੇ ਵੀਰਾਂ ਨੂੰ ਵੀਰ ਸੁਆ ਵੀਰੋ।
ਸੇਵਾਦਾਰ ਵਸਾਖ ਬਿਆਣਦਾ ਜੀ, ਦਇਆ ਰਿਹਾ ਕਰਤਾਰ ਕਰਾ ਵੀਰੋ।

## ਜੋੜ ਮੇਲੇ ਦਾ ਦੂਸਰਾ ਦਿਨ

ਦਿਨ ਦੂਸਰੇ ਪੈਹਰ ਕੁ ਰਾਤ ਰਹਿੰਦੀ, ਸੁਤੇ ਵੀਰਾ ਨੂੰ ਅਸਾਂ ਉਠਾਇਆ ਜੀ।
ਕੀਰਤਨ ਹੋਇਆ ਫਿਰ ਬਹਤ ਪ੍ਰੇਮ ਸੇ ਜੀ, ਅੰਮ੍ਰਿਤ ਸਿੰਘਾਂ ਨੂੰ ਫੇਰ ਛਕਾਇਆ ਜੀ।
ਅਸਾਂ ਆਖਿਆ ਨਿਤਰੋ ਵੀਰ ਮੇਰੇ, ਸਾਨੂੰ ਆਪ ਕਰਤਾਰ ਭਵਾਇਆ ਜੀ।
ਆਵੋ ਰੱਲਕੇ ਮੁਲਕ ਦੀ ਸੇਵ ਕਰੀਏ, ਭਾਰਤ ਵਰਸ ਨੂੰ ਬਹੁਤ ਦਬਾਇਆ ਜੀ।
ਲਾਏ ਜੇਜ਼ੀਏ ਬਹੁਤ ਜੀ ਜਾਲਮਾ ਨੇ, ਸਾਡਾ ਮਾਰ ਕਰ ਮੁਲਕ ਗਿਰਾਇਆ ਜੀ।
ਉਠੋ ਰੱਲ ਕੇ ਵੀਰ ਜੀ ਹੋ ਤੱਕੜੇ, ਕਾਹਨੂੰ ਤੁਸਾ ਨੇ ਹੌਸਲਾ ਢਾਹਿਆ ਜੀ।
ਏਸ ਜਿਉਣ ਤੋਂ ਵੀਰ ਜੀ। ਮਰਨ ਚੰਗਾ, ਗ਼ੁਲਾਮ ਬਣ ਕਰ ਜਨਮ ਗਵਾਇਆ ਜੀ।
ਅਗੇ ਤੁਸਾ ਦੇ ਕੀ ਫ਼ਰੰਗੜੇ* ਨੇ, ਤੁਸਾ ਆਪਣਾ ਫ਼ਰਜ਼ ਭੁਲਾਇਆ ਜੀ।

* ਫ਼ਰੰਗੀ, ਗੋਰੇ।

ਹਿੰਦੂ ਮੋਮਨ ਸਿੰਘ ਰੱਲ ਜਾਉ ਸਾਰੇ, ਫੁਟ ਤੁਸਾਂ ਨੂੰ ਮਾਰ ਖਪਾਇਆ ਜੀ।
ਮੱਜਾ ਦੇਈਏ ਚਖਾ ਹੁਣ ਜਾਲਮਾਂ ਨੂੰ, ਸਾਨੂੰ ਮੌਕਾ ਮਹਾਰਾਜ ਦੁਆਇਆ ਜੀ।
ਏਨੇ ਬੱਚਨ ਜਾ ਕੀਤੇ ਸੀ ਅਸਾ ਵੀਰੋ, ਸਿੰਘਾ ਸੋਹਣਾ ਜੈਕਾਰਾ ਬੁਲਾਇਆ ਜੀ।
ਕਈ ਮਿਲ ਗਏ ਸਿੰਘ ਤਿਆਰ ਹੋ ਕੇ, ਸਾਥ ਸਾਡਾ ਸੀ ਉਨ੍ਹਾਂ ਬਣਾਇਆ ਜੀ।
ਹਰਦਿਆਲ ਤੇ ਪਰਮਾ ਸੀ ਨੰਦ ਭਾਈ, ਏਹਨਾਂ ਉਠਕੇ ਹਾਲ ਸੁਣਾਇਆ ਜੀ।
ਅਸਾਂ ਆਖਿਆ ਹਰਦਿਆਲ ਤਾਈਂ, ਕਰੀਏ ਕੰਮ ਤੇ ਆਖ ਸਮਝਾਇਆ ਜੀ।
ਮੈਨੂੰ* ਆਏ ਨੂੰ ਤਿੰਨ ਨਾ ਸਾਲ ਹੋਏ, ਏਸ ਕਰਕੇ ਵਿਚ ਨਾ ਆਇਆ ਜੀ।
ਲੈਕਚਰ ਹੋਵੰਦੇ ਰਹੇ ਪ੍ਰੇਮ ਸੇ ਜੀ, ਦੁਪਹਿਰ ਹੋਈ ਪਰਸਾਦ ਛਕਾਇਆ ਜੀ।
ਥੋੜ੍ਹਾ ਚਿਰ ਜਾਂ ਸੰਗਤਾਂ 'ਰਾਮ ਕੀਤਾ, ਫੇਰ ਉਠ ਦੁਆਨ ਸਜਾਇਆ ਜੀ।
ਲਗਾ ਹੋਣ ਪਰਚਾਰ ਸੀ ਖੂਬ ਵੀਰੋ, ਸਾਰਾ ਦਿਨ ਹੀ ਬਹਤ ਸੁਹਾਇਆ ਜੀ।
ਹੋਇਆ ਬਹੁਤ ਪ੍ਰੇਮ ਸੀ ਸੰਗਤਾਂ ਨੂੰ, ਜੈਸਾ ਓਸ ਕਰਤਾਰ ਨੂੰ ਭਾਇਆ ਜੀ।
ਸਾਰਾ ਦਿਨ ਹੀ ਰਿਹਾ ਪਰਚਾਰ ਹੁੰਦਾ, ਦਿਨ ਛਿਪਣੇ ਤੇ ਵੀਰ ਜੀ ਆਇਆ ਜੀ।
ਦੁਆਨ ਅਸਾ ਸਮਾਪਤੀ ਕੀਤੀ ਸੀ ਜੀ, ਅਰਦਾਸਾ ਨਾਲ ਪ੍ਰੇਮ ਸੁਧਾਇਆ ਜੀ।
ਸੰਗਤ ਸਾਰੀ ਫਿਰ ਵੀਰੋ ਬਿਠਾਲ ਕਰਕੇ, ਸਿੰਘਾਂ ਲਿਆ ਪਰਸ਼ਾਦ ਵਰਤਾਇਆ ਜੀ।
ਪਰਸਾਦ ਦੀਆਂ ਛਕਾ ਪ੍ਰੇਮ ਸੇ ਜੀ, ਸਾਰੇ ਵੀਰਾ ਨੂੰ ਫੇਰ ਸੁਆਇਆ ਜੀ।
ਗਏ ਅਸੀਂ ਵੀ ਸੌਂ ਫਿਰ ਨਾਲ ਸਾਂ ਜੀ, ਹੁਕਮ ਜੈਸਾ ਮਹਾਰਾਜ ਨੂੰ ਭਾਇਆ ਜੀ।
ਕਰੇ ਮੇਹਰ ਜੇ ਆਣ ਦੀਦਾਰ ਦੇਵੇ, ਜੈਸੇ ਭਗਤਾਂ ਨੂੰ ਪਾਰ ਲੰਘਾਇਆ ਜੀ।
ਸੇਵਕ ਸਿੰਘ ਵਸਾਖ ਤੇ ਦਇਆ ਕਰਨੀ, ਸ਼ਰਨ ਆਪਦੀ ਤਕ ਮੈਂ ਆਇਆ ਜੀ।

ਖ

* ਲਾਲਾ ਹਰਦਿਆਲ ਕਹਿਣ ਲਗਾ ਖਿਆਲ ਮੇਰਾ ਆਪਦੇ ਸਾਥ ਹੈ ਮਗਰ ਕੰਮ ਅਜੇ ਮੈਂ ਨਹੀਂ ਕਰ ਸਕਦਾ ਕਿਉਂਕਿ ਤਿੰਨ ਸਾਲ ਮੈਨੂੰ ਆਏ ਨੂੰ ਅਜੇ ਨਹੀਂ ਹੋਏ, ਜਿਸਨੂੰ ਤਿੰਨ ਸਾਲ ਨਾ ਹੋਏ ਹੋਣ ਓਸਨੂੰ ਪਕੜ ਲੈਂਦੇ ਨੇ।

## ਤੀਸਰੇ ਦਿਨ ਦਾ ਜੋੜ ਮੇਲਾ

ਦਿਨ ਤੀਸਰੇ ਪਹਿਰ ਕੁ ਰਾਤ ਰਹਿੰਦੀ, ਸੁਤੇ ਵੀਰਾਂ ਨੂੰ ਆਪ ਜਗੌਣ ਲਗੇ।
ਪਹਿਲਾ ਆਸਾ ਦੀ ਵਾਰ ਦਾ ਭੋਗ ਪਾਇਆ, ਗਰਮਾ ਗਰਮ ਪਰਸਾਦਾ ਛਕੌਣ ਲਗੇ।
ਦਿਨ ਤੀਸਰੇ ਵੀ ਰਿਹਾ ਦੁਆਨ ਸੋਹਣਾ, ਦੁਪਹਿਰ ਹੋਈ ਪਰਸ਼ਾਦ ਛਕੌਣ ਲਗੇ।
ਸਾਰਾ ਦਿਨ ਹੀ ਰਿਹਾ ਪਰਚਾਰ ਹੁੰਦਾ, ਸ਼ਾਮ ਪਈ ਤੇ ਵਿਦਾ ਕਰੌਣ ਲਗੇ।
ਨਾਲ ਕਈਆਂ ਦੇ ਤੁਰਕੇ ਗਏ ਅਸੀਂ, ਸਭਨਾਂ ਨਾਲ ਪ੍ਰੇਮ ਨਿਭੌਣ ਲਗੇ।
ਦੂਰ ਵਾਲਿਆਂ ਸਵੇਰੇ ਜੀ ਨਾਲ ਜਾ ਕੇ, ਗੱਡੀ ਨਾਲ ਪ੍ਰੇਮ ਚੜ੍ਹੌਣ ਲਗੇ।
ਪਿਛੋ ਬੈਠ ਕਰ ਗੁਰਾਂ ਹਜ਼ੂਰ ਸੰਤੋ, ਸ਼ੁਕਰ ਉਸ ਕਰਤਾਰ ਮਨੌਣ ਲਗੇ।
ਬਣ ਜਾਏਗਾ ਗੁਰੂ ਦੁਆਰ ਸੋਹਣਾ, ਗੁਰੂ ਸਾਹਬ ਨੂੰ ਸੀਸ ਝੁਕੌਣ ਲਗੇ।
ਨਾਲੇ ਮੁਲਕ ਦਾ ਸੋਹਣਾ ਸੁਧਾਰ ਹੋਊ, ਅਸੀਂ ਵਾਸਤੇ ਰਬ ਦੇ ਪੌਣ ਲਗੇ।
ਤੂੰ ਹੀ ਜੀਵ ਤੋਂ ਨਾਮ ਜਪੌਣ ਵਾਲਾ, ਤੇਰੀ ਆਸ ਫਿਰ ਸਾਰੇ ਤਕੌਣ ਲਗੇ।
ਸੇਵਾਦਾਰ ਵਸਾਖ ਦੀ ਬੇਨਤੀ ਜੀ, ਭਾਰਤ ਵਰਸ਼ ਦਾ ਭਲਾ ਸੀ ਚੌਹਣ ਲਗੇ।

¤

## ਉਗਰਾਹੀ ਤੇ ਗੁਰਦਵਾਰਾ ਬਣੌਨਾ

ਡਾਲਾ ਸਿੰਘ ਜੋ ਗਏ ਲਿਖਾ ਸੀ ਜੀ, ਸਾਰਾ ਲਿਆ ਸੀ ਉਹ ਉਗਰਾਹ ਸੰਤੋ।
ਕੱਠਾ ਕਰਕੇ ਡਾਲਾ ਸਭ ਵੀਰ ਮੇਰੇ, ਲਈ ਸੋਹਣੀ ਸਲਾਹ ਪਕਾ ਸੰਤੋ।

ਸਟਾਕ ਟੌਣ ਦੇ ਵਿਚ ਜਾ ਜਗ੍ਹਾ ਵੇਖੀ, ਸਾਡੇ ਗਈ ਪਸਿੰਦ ਸੀ ਆ ਸੰਤੋ ।
ਬਿਲਡਿੰਗ ਸੋਹਣੀ ਪਸਿੰਦ ਜਾਂ ਆਈ ਸਾਡੇ, ਮੁਲ ਉਸਦਾ ਦੀਆ ਚੁਕਾ ਸੰਤੋ ।
ਘਰੋਂ ਆਣ ਕਰ ਗੱਡੀ ਤਿਆਰ ਕਰਕੇ, ਕੀਤੀ ਰੱਲ ਕੇ ਅਸਾ ਸਲਾਹ ਸੰਤੋ ।
ਦੋਹਾਂ ਗੁਰੂ ਦੀਆਂ ਦੋ ਸਨ ਪਾਸ ਸਾਡੇ, ਇਕ ਲੈਕਰ ਗਏ ਸਾਂ ਧਾ ਸੰਤੋ ।
ਗੁਰੂ ਸਾਹਿਬ ਦਾ ਜਾ ਪਰਕਾਸ਼ ਕੀਤਾ, ਉਪਰ ਝੰਡਾ ਸੀ ਦੀਆ ਝੁਲਾ ਸੰਤੋ ।
ਸੰਗਤ ਆਈ ਸੀ ਨਾਲ ਪ੍ਰੇਮ ਬਹੁਤੀ, ਲੰਗਰ ਵਰਤਿਆ ਬੇ ਬਹਾ ਸੰਤੋ ।
ਕਿਤੇ ਢੋਲਕੀ ਛੈਣਿਆ ਰੰਗ ਲਾਇਆ, ਸ਼ਬਦ ਰਹੇ ਸੀ ਸਿੰਘ ਅਲਾਹ ਸੰਤੋ ।
ਭੋਲਾ ਸਿੰਘ ਜੀ ਲੈਕ ਵਿਚਾਰ ਕਰਕੇ, ਗ੍ਰੰਥੀ ਏਹਨਾ ਨੂੰ ਦੀਆ ਬਨਾ ਸੰਤੋ ।
(ਸੰਤ) ਤੇਜਾ ਸਿੰਘ ਪਰਫ਼ੈਸਰ ਵੀ ਨਾਲ ਸਮਝੇ, ਗਏ ਓਹ ਕਨੇਡਿਓਂ ਆ ਸੰਤੋ ।
ਲੈਕਚਰ ਸੋਹਣਾ ਪ੍ਰੇਮ ਸੇ ਕੀਤਾ ਉਹਨਾਂ, ਸਾਰੇ ਸਿੰਘਾਂ ਨੂੰ ਦੀਆ ਸਮਝਾ ਸੰਤੋ ।
ਤਾਰਾ ਸਿੰਘ ਤੇ ਦੂਸਰੇ ਹਰੀ ਸਿੰਘ ਜੀ, ਬਾਵਾ ਸਿੰਘ ਜੀ ਦਿਆਂ ਗਣਾ ਸੰਤੋ ।
ਏਹਨਾ ਤਿੰਨਾ ਉਗਰਾਹੀ ਸੀ ਕੀਤੀ ਵੀਰੋ, ਦੂਰ ਦੂਰ ਤਕ ਪਹੁੰਚੇ ਸੀ ਜਾ ਸੰਤੋ ।
ਸੋਹਣਾ ਕਾਰ ਵਿਹਾਰ ਏਹ ਹੋ ਰਿਹਾ ਸੀ, ਸੋਭਾ ਗੁਰੂ ਦੀ ਰਹੇ ਸਾਂ ਪਾ ਸੰਤੋ ।
ਰਾਸਣ ਕਠਾ ਬਿਅੰਤ ਸੀ ਕਰ ਲੀਆ, ਲੰਗਰ ਦੀਆ ਸੀ ਸੋਹਣਾ ਚਲਾ ਸੰਤੋ ।
ਦਿਨ ਦੂਸਰੇ ਅਸੀਂ ਪਿਛਾਹ ਆਏ, ਸਾਰੇ ਕਾਰ ਵਿਹਾਰ ਕਰਾ ਸੰਤੋ ।
ਰਿਹਾ ਰੋਜ਼ ਹੀ ਹੁੰਦਾ ਸੁਧਾਰ ਵੀਰੋ, ਰਿਹਾ ਖੇਡ ਕਰਤਾਰ ਵਰਤਾ ਸੰਤੋ ।
ਅੱਗੇ ਹੋਣਗੇ ਸੰਗਤੇ ਕੰਮ ਸੋਈ, ਜੇਹੜੇ ਰਹੇ ਮਹਾਰਾਜ ਨੂੰ ਭਾ ਸੰਤੋ ।
ਅਖੀਂ ਵੇਖੇ ਤੇ ਕੰਮ ਜੁ ਹਥੀਂ ਕੀਤੇ, ਸੋਈ ਰਿਹਾ ਮੈਂ ਹੁਣ ਲਿਖਾ ਸੰਤੋ ।
ਕਰੇ ਦਇਆ ਕਰਤਾਰ ਵਸਾਖ ਉਤੇ, ਦਿਆਂ ਉਸ ਨੂੰ ਸੀਸ ਝੁਕਾ ਸੰਤੋ ।

ਲਗਾ ਰੋਜ਼ ਹੀ ਹੋਣ ਸੁਧਾਰ ਸੰਤੋ, ਵੀਰ ਬਹੁਤ ਜੀ ਤਿਆਰ ਬਰ ਤਿਆਰ ਹੋ ਗਏ ।
ਪਤਾ ਜ਼ੁਲਮ ਦਾ ਲਗਾ ਜਦ ਖਾਲਸੇ ਨੂੰ, ਤਿਆਰ ਬਹੁਤ ਹੀ ਨਾਲ ਪਿਆਰ ਹੋ ਗਏ ।
ਦੀਵਾਨ ਲਗਣੇ ਬਹੁਤ ਸੀ ਸ਼ੁਰੂ ਹੋਏ, ਭਾਈ ਸਾਰੇ ਹੀ ਸੰਤੋ ਹੋਸ਼ਿਆਰ ਹੋ ਗਏ ।
ਇਕ ਦੂਜੇ ਤੋਂ ਵਧ ਪਿਆਰ ਲਗਾ, ਸਾਰੇ ਰਲਕੇ ਖ਼ਬਰ ਜੀ ਦਾਰ ਹੋ ਗਏ ।
ਮੁਖੋਂ ਆਖਦੇ ਮਰੀਏ ਜਾਂ ਮਾਰ ਦੇਈਏ, ਬਹੁਤ ਸਾਡੇ ਤੇ ਅਤਿਆਚਾਰ ਹੋ ਗਏ ।
ਸਾਡੇ ਮੁਲਕ ਨੂੰ ਜ਼ਾਲਮਾਂ ਜ਼ੇਰ ਕੀਤਾ, ਮੁੱਛਾਂ ਤਾਂਵਦੇ ਮੁਖੋਂ ਲਲਕਾਰ ਹੋ ਗਏ ।
ਕੱਢ ਦੇਈਏ ਫ਼ਰੰਗੀ ਨੂੰ ਮੁਲਕ ਵਿਚੋਂ, ਕਈ ਸਾਡੇ ਤੇ ਜ਼ੁਲਮ ਹਜ਼ਾਰ ਹੋ ਗਏ ।
ਲਾਏ ਜਜ਼ੀਏ* ਜ਼ਾਲਮਾ ਬਹੁਤ ਸਾਰੇ, ਕਈ ਵੀਰ ਹੈ ਖ਼ੂਨ ਜੀ ਖਾਰ ਹੋ ਗਏ ।
ਸਾਰੇ ਰੱਲਕੇ ਆਪਾਂ ਜੀ ਜਤਨ ਕਰੀਏ, ਸੂਰੇ ਬਹੁਤ ਹੀ ਬੇਕਰਾਰ ਹੋ ਗਏ ।
ਦਿਉ ਰਲ ਨਿਕਾਲ ਹੁਣ ਜ਼ਾਲਮਾ ਨੂੰ, ਕਾਹਨੂੰ ਆਪਾਂ ਹੈ ਜ਼ੇਰ ਜੀ ਜ਼ਾਰ ਹੋ ਗਏ ।
ਜਥੇ ਬੰਨ੍ਹ ਕੇ ਚਲਾਗੇ ਮੁਲਕ ਸਾਰੇ, ਲੀਕਾਂ ਕੱਢ ਕੇ ਕਈ ਸੀ ਪਾਰ ਹੋ ਗਏ ।
ਸਿੰਘ ਦਾਸ ਵਸਾਖ ਬਿਆਣਦਾ ਜੀ ਵੀਰ ਸੇਵਾ ਨੂੰ ਬਹੁਤ ਤਿਆਰ ਹੋ ਗਏ ।

¤ ¤ ¤

* ਟੈਕਸ, ਮਾਮਲੇ ।

# 12.

## ਸੰਨ ੧੯੧੨ – ਗ਼ਦਰ ਲਹਿਰ ਦੀ ਸ਼ੁਰੂਆਤ

ਸੰਨ ਬਾਰਾ ਦੇ ਸੰਗਤੇ ਚੜ੍ਹਦਿਆਂ ਈ, ਭਾਈ ਗਏ ਸੀ ਮੁਲਕੋਂ ਜੀ ਆ ਦੋਵੇਂ।
ਸਾਡੇ ਨਗਰ ਦੇ ਸਮਝ ਲਉ ਵੀਰ ਸੰਤੋ, ਚਾਚੇ ਤਾਇਆਂ ਦੇ ਲਗਦੇ ਭਰਾ ਦੋਵੇਂ।
ਪਹੁੰਚ ਜਾਵੀਏ ਪਾਸ ਜੀ ਭਾਈ ਜੀ ਦੇ, ਤਰੇ ਪਿੰਡ ਸੀ ਪੱਕੀ ਪਕਾ ਦੋਵੇਂ।
ਸਾਨੂੰ ਵਿਚ ਅਮਰੀਕਾ ਦੇ ਆਨ ਮਿਲਪੈ, ਕੱਠੇ ਆਏ ਸੀ ਨਾਲ ਜੀ ਚਾਅ ਦੋਵੇਂ।
ਐਤਵਾਰ ਦਾ ਦਿਨ ਸੀ ਵੀਰ ਮੇਰੇ, ਸਾਨੂੰ ਮਿਲੇ ਸੀ ਜਫੀਆਂ ਪਾ ਦੋਵੇ।
ਅਸਾਂ ਨਾਲ ਪ੍ਰੇਮ ਦੇ ਸੁਖ ਪੁੱਛੀ, ਰਹੇ ਨਾਲ ਪ੍ਰੇਮ ਬਤਾ ਦੋਵੇਂ।
ਫੇਰ ਵੀਰਾਂ ਨੇ ਕਰ ਅਸਨਾਨ ਲੀਆ, ਗਫੇ ਬੈਠ ਕੇ ਲੈਂਦੇ ਫਿਰ ਲਾ ਦੋਵੇਂ।
ਪਿਰਥੀ ਸਿੰਘ[1] ਤੇ ਬਾਜ ਸਿੰਘ[2] ਜਾਣੋ, ਏਹਵੀ ਗਏ ਸੀ ਨਾਲ ਗਣਾ ਦੋਵੇਂ।
ਥੋੜ੍ਹੇ ਦਿਨ ਸੀ ਵੀਰਾਂ ਨੇ ਕਾਰ ਕੀਤੀ, ਲਏ ਫੇਰ ਮਹਾਰਾਜ ਭਵਾ ਦੋਵੇਂ।
ਸੋਧ ਦਿੱਤਾ ਅਰਦਾਸਾ ਫਿਰ ਦਾਸ ਨੇ ਜੀ, ਲਏ ਜਥੇ ਵਿਚ ਰਲਾ ਦੋਵੇਂ।

---

[੧ ਬਾਬਾ ਪ੍ਰਿਥੀ ਸਿੰਘ, ਪਿੰਡ ਲਾਲੜੂ, ਜ਼ਿਲਾ ਪਟਿਆਲਾ। ਪਿਛੋਂ ਜਾਕੇ ਬਾਬਾ ਪ੍ਰਿਥੀ ਸਿੰਘ 'ਆਜ਼ਾਦ' ਕਰਕੇ ਪ੍ਰਸਿਧ ਹੋਏ। ਜਨਮ ੧੫ ੯-੧੮੯੨, ਸੁਰਗਵਾਸ ੫ ੩-੧੯੮੯। ਪਹਿਲੇ ਕੇਸ ਵਿਚ ਪਹਿਲਾ ਫਾਸੀ ਦਾ ਹਕਮ ਹੋਇਆ, ਪਿਛੋਂ ਵਾਇਸਰਾਏ ਨੇ ਆਪਣੇ ਤੌਰ ਤੇ ਫਾਸੀ ਤੋੜ ਕੇ ਉਮਰ ਕੈਦ ਕਾਲੇ ਪਾਣੀ ਕਰ ਦਿੱਤੀ। ਕਈ ਸਮਾਜਕ ਤੇ ਰਾਜਸੀ ਜਥੇਬੰਦੀਆਂ 'ਚ ਕੰਮ ਕੀਤਾ। ਦਾਸ ਨੇ ਵੀ ਇਹਨਾ ਦੇ ਦਰਸ਼ਨ ਕੀਤੇ ਹੋਏ ਹਨ (ਫੋਟੋ ਪੰਨਾ ੧੨੫)।

੨ ਬਾਬਾ ਬਾਜ ਸਿੰਘ, ਪਿੰਡ ਰਈਆ, ਜ਼ਿਲਾ ਅੰਮ੍ਰਿਤਸਰ। ੧੯੧੧ ਵਿਚ ਅਮਰੀਕਾ ਗਏ। ਜਨਵਰੀ ੧੯੧੫ ਵਿਚ ਗ਼ਦਰ ਲਹਿਰ ਵਿਚ ਹਿਸਾ ਲੈਣ ਲਈ ਵਾਪਸ ਦੇਸ਼ ਪਰਤੇ। ਪਹਿਲੇ ਕੇਸ ਵਿਚ ਦੋ ਸਾਲ ਸਖਤ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਪਾਈ (ਫੋਟੋ ਪੰਨਾ ੧੪੦)। – ਸੰਪਾਦਕ]

ਲਗੇ ਰਲਕੇ ਕਰਨ ਫਿਰ ਸੇਵ ਵੀਰੋ, ਨਾਲ ਗਏ ਸੀ ਸਾਥ ਨਿਭਾ ਦੋਵੇਂ।
ਮਿਲੇ ਵੀਰਾਂ ਦੇ ਨਾਲ ਪ੍ਰੇਮ ਕਰਕੇ, ਦਿੰਦੇ ਜਥੇ ਮੇਂ ਪੈਰ ਜਮਾ ਦੋਵੇਂ।
ਜਿਧਰ ਭੇਜੀਏ ਸੇਵਾ ਦੇ ਵਾਸਤੇ ਜੀ, ਜਾਣ ਉਧਰੇ ਵੀਰ ਸੀ ਧਾ ਦੋਵੇਂ।
ਇਕੋ ਉਮਰ ਤੇ ਸੋਹਣੀ ਮੁਨਾਰ ਸਮਝੋ, ਸੋਹਣੇ ਵੀਰ ਹੈ ਲੈਕ ਦਾਨਾ ਦੋਵੇਂ।
ਸੇਵਾਦਾਰ ਵਸਾਖ ਦੀ ਬੇਨਤੀ ਜੀ, ਸੋਹਣੀ ਰਹੇ ਸੀ ਸੇਵ ਕਮਾ ਦੋਵੇਂ।

ਏਸੇ ਸੰਨ ਦੇ ਵਿਚ ਲੌ ਸਮਝ ਵੀਰੋ, ਕਈ ਸਿੰਘ ਸੀ ਨਾਲ ਪ੍ਰੇਮ ਮਿਲਗੇ।
ਕਰਮ ਸਿੰਘ ਤੇ ਸੰਗਤ ਸਿੰਘ ਸਮਝੋ, ਦੋਵੇਂ ਵੀਰ ਏਹ ਕਰ ਸੀ ਨੇਮ ਮਿਲਗੇ।
ਨੰਦ ਸਿੰਘ ਤੇ ਚੰਦਾ ਜੀ ਸਿੰਘ* ਜਾਣੋ, ਨਥਾ ਸਿੰਘ ਜੀ ਨਾਲ ਹੋਰ ਮਿਲਗੇ।
ਭਾਨ ਸਿੰਘ ਜੀ ਮਿਲੇ ਪ੍ਰੇਮ ਸੇ ਜੀ, ਹਰੀ ਸਿੰਘ ਤੇ ਆਣ ਫਿਰ ਖੇਮ ਮਿਲਗੇ।

ਸੰਨ ਬਾਰਾਂ ਦੇ ਵਿਚ ਪਰਚਾਰ ਹੋਇਆ, ਸਾਰੇ ਸੰਗਤੇ ਹੋਇਆ ਸੁਧਾਰ ਸੋਹਣਾ।
ਹਰ ਇਕ ਦੇ ਦਿਲੋਂ ਪ੍ਰੇਮ ਸਮਝੋ, ਹੋ ਰਿਹਾ ਸੀ ਰੋਜ਼ ਪਰਚਾਰ ਸੋਹਣਾ।
ਸਿੰਘ ਬਹੁਤ ਸੀ ਸੰਤੋ ਤਿਆਰ ਹੋਏ, ਆਪਸ ਵਿਚ ਸੀ ਵੀਰੋ ਪਿਆਰ ਸੋਹਣਾ।
ਲਾਏ ਕਈ ਦੀਵਾਨ ਵਿਚਾਰ ਕਰਕੇ, ਖਿੜ ਰਿਹਾ ਸੀ ਸੰਤੋ ਗੁਲਜਾਰ ਸੋਹਣਾ।
ਰੰਗ ਰਿਹਾ ਵਖਾ ਕਰਤਾਰ ਸੀ ਜੀ, ਹੋ ਰਿਹਾ ਸੀ ਸੰਤੋ ਉਪਕਾਰ ਸੋਹਣਾ।

ਸਿੰਘ ਸਾਰੇ ਫਿਰ ਨਾਲ ਪ੍ਰੇਮ ਦੇ ਜੀ, ਸੋਹਣੀ ਰਲਕੇ ਬਣਤ ਬਣਾ ਰਹੇ ਸੀ।
ਦਿਨੋ ਦਿਨ ਪ੍ਰੇਮ ਸੀ ਵਧ ਰਿਹਾ, ਸੋਹਣਾ ਰਲ ਪ੍ਰੇਮ ਨਿਭਾ ਰਹੇ ਸੀ।

* ਭਾਈ ਨੰਦ ਸਿੰਘ ਤੇ ਭਾਈ ਚੰਦਾ ਸਿੰਘ ਜੀ ਦੇ ਨਾਲ ਬਰਮੇ ਦਿਵਾਨ ਲਗਾ ਧੂਮਧਾਮ ਨਾਲ।

ਜਿਵੇ ਜ਼ੁਲਮ ਦਾ ਹੋਵੇ ਸੁਧਾਰ ਛੇਤੀ, ਸਿੰਘ ਸਾਰੇ ਹੀ ਮਤੇ ਪਕਾ ਰਹੇ ਸੀ।
ਭਾਰਤ ਵਰਸ ਨੂੰ ਦੇਈਏ ਉਠਾਲ ਛੇਤੀ, ਸਿੰਘ ਬੈਠ ਕਰ ਸੋਚ ਦੁੜਾ ਰਹੇ ਸੀ।
ਭਾਰਤ ਏਹਨਾਂ ਹੈ ਜਿਵੇਂ ਵੈਰਾਨ ਕੀਤਾ, ਜ਼ੁਲਮ ਨੇਤਰਾਂ ਅਗੇ ਲਿਆ ਰਹੇ ਸੀ।
ਕਿਵੇਂ ਤੋੜ ਗ਼ੁਲਾਮੀ ਜ਼ੰਜੀਰ ਦਈਏ, ਸਾਰੇ ਰੱਲ ਸਕੀਮ ਬਣਾ ਰਹੇ ਸੀ।
ਦੂਰ ਨੇੜੇ ਸੀ ਜਾ ਸੰਤੋਖ ਸਿੰਘ ਜੀ, ਕਈ ਵੀਰਾਂ ਨੂੰ ਨਾਲ ਮਿਲਾ ਰਹੇ ਸੀ।
ਜ਼ੁਲਮ ਕਿਵੇਂ ਅੰਗਰੇਜ ਕਮੌਣ ਵੀਰੋ, ਸਾਰੇ ਸਿੰਘਾਂ ਨੂੰ ਦਸ ਦਸਾ ਰਹੇ ਸੀ।
ਕਰ ਜਾਣ ਜੀ ਜਿਵੇਂ ਅਤਫ਼ਾਕ ਸਾਰੇ, ਜੁਆਲਾ ਸਿੰਘ ਜੀ ਜਾ ਸਮਝਾ ਰਹੇ ਸੀ।
ਸਿੰਘ ਦਾਸ ਵਸਾਖ ਬਿਆਨਦਾ ਜੀ, ਖੇਡ ਆਪ ਮਹਾਰਾਜ ਵਰਤਾ ਰਹੇ ਸੀ।

ਦੋ ਨੰਬਰ ਸੀ ਹੁਲਟ ਤੇ ਕੋਲ ਸੰਤੋ, ਨੰਦ ਸਿੰਘ ਦਾ ਘਰ ਏਹ ਜਾਣ ਭਾਈ।
ਚੰਦਾ ਸਿੰਘ* ਜੀ ਏਨਾਂ ਦਾ ਭਾਈ ਦੂਜਾ, ਕਾਰ ਵਾਹੀ ਦੀ ਏਹ ਕਰਾਣ ਭਾਈ।
ਨਾਲ ਏਨਾਂ ਦੇ ਸਿੰਘ ਜੀ ਹੋਰ ਸਮਝੋ, ਕੱਠੀ ਏਹ ਭਿਆਲੀ ਚਲਾਣ ਭਾਈ।
ਮਤਾ ਵੀਰ ਏਹ ਕਰਕੇ ਉਸ ਜਗ੍ਹਾ, ਰਾਸ਼ਣ ਸਾਰਾ ਉਹ ਫੇਰ ਮੰਗਾਣ ਭਾਈ।
ਚਿੱਠੇ ਭੇਜੇ ਫਿਰ ਏਨ੍ਹਾਂ ਨੇ ਸਾਰਿਆ ਨੂੰ, ਸਾਰੇ ਵੀਰਾਂ ਨੂੰ ਪਾਸ ਬੁਲਾਣ ਭਾਈ।
ਗੁਰੂ ਸਾਹਿਬ ਦਾ ਪਹਿਲਾ ਪ੍ਰਕਾਸ਼ ਹੋਇਆ, ਲੰਗਰ ਨਾਲ ਪ੍ਰੇਮ ਵਰਤਾਣ ਭਾਈ।
ਸਾਰੇ ਸਿੰਘਾਂ ਨੂੰ ਗੱਫੇ ਲੁਵਾ ਕਰਕੇ, ਫੇਰ ਸੋਹਣਾ ਦੁਆਨ ਸਜਾਣ ਭਾਈ।
ਸੋਹਣੀ ਸੇਵਾ ਕਮਾਈ ਪ੍ਰੇਮ ਸੇ ਜੀ, ਭਲਾ ਮੁਲਖ ਦਾ ਵੀਰ ਏਹ ਚਾਹਣ ਭਾਈ।
ਕੀਰਤਨ ਹੋਇਆ ਸੀ ਸੰਤੋ ਪ੍ਰੇਮ ਸੇ ਜੀ, ਲੈਕਚਰ ਸਿੰਘ ਜੀ ਫੇਰ ਸੁਣਾਨ ਭਾਈ।

* ਇਹ ਭਾਈ ਸਾਹਿਬ ਦੋਵੇ ਜਲੰਧਰ ਜ਼ਿਲੇ ਦੇ ਸਨ ਨਗਰ ਭੁਲ ਗਿਆ ਹੈ। ਏਹਨਾਂ ਦੇ ਨਾਲ ਪੰਜ ਛੇ ਸਿੰਘ ਹੋਰ ਵੀ ਭਿਆਲ ਹੈਨ । ਭਾਵੇਂ ਮਲਕ ਅਜੇ ਤਕ ਨਹੀਂ ਆਏ ਮਗਰ ਮੁਲਕ ਦੇ ਭਲੇ ਨਾਲ ਏਹਨਾਂ ਨੂੰ ਪਿਆਰ ਹੱਛਾ ਸੀ ਸਾਨੂੰ ਮਲਕ ਦੇ ਭਲੇ ਵਾਸਤੇ ਅਮਦਾਦ ਦੇਂਦੇ ਰਹੇ ਸੀ।

ਸੋਹਣਾ ਵੀਰ ਜੀ ਉਥੇ ਮਿਲਾਪ ਹੋਇਆ, ਭਲਾ ਮੁਲਕ ਦਾ ਸਾਰੇ ਤਕਾਣ ਭਾਈ।
ਵਾਹਵਾ ਸਤਿਗੁਰਾਂ ਵੀਰ ਜੀ ਦਇਆ ਕੀਤੀ, ਕਈ ਰਲ ਗਏ ਸਿੰਘ ਜਵਾਨ ਭਾਈ।
ਲੈਕ ਰਲਕੇ ਵੀਰ ਜੀ ਉਸ ਜਗ੍ਹਾ, ਸੋਹਣੇ ਸੋਚ ਗੁਰਮਤੇ ਫਰਮਾਣ ਭਾਈ।
ਧੰਨ ਸਤਿਗੁਰ ਧੰਨ ਹੈ ਸਿੰਘ ਉਸਦੇ, ਹਰ ਥਾਂ ਪਰਚਾਰ ਫੈਲਾਣ ਭਾਈ।
ਸਾਰਾ ਦਿਨ ਦੁਆਨ ਸੀ ਖ਼ੂਬ ਲਗਾ, ਸ਼ਾਮ ਪਈ ਤੇ ਘਰਾ ਨੂੰ ਜਾਣ ਭਾਈ।
ਨੰਦ ਸਿੰਘ ਤੇ ਚੰਦਾ ਜੀ ਸਿੰਘ ਜਾਣੋ, ਸਾਰੇ ਸਿੰਘਾਂ ਨੂੰ ਵਿਦਾ ਕਰਾਣ ਭਾਈ।
ਸਿੰਘ ਦਾਸ ਵਸਾਖ ਬਿਆਣਦਾ ਜੀ, ਸਿੰਘ ਸਾਰੇ ਹੀ ਖ਼ੁਸੀ ਮਨਾਣ ਭਾਈ।

¤

## ਭਾਈ ਰਾਮ ਸਿੰਘ* ਤੇ ਇੰਦਰ ਸਿੰਘ ਦੇ ਘਰਾਂ ਮੇਂ ਜੋੜ ਮੇਲ

ਕੋਲ ਹੁਲਟ ਦੇ ਦੂਸਰੀ ਤਰਫ਼ ਵੀਰੋ, ਥੋੜ੍ਹੀ ਦੂਰ ਮੈਂ ਦਿਆਂ ਲਿਖਾ ਸੰਤੋ।
ਇੰਦਰ ਸਿੰਘ ਤੇ ਦੂਸਰੇ ਰਾਮ ਸਿੰਘ ਜੀ, ਸਿੰਘ ਲਏ ਸੀ ਏਹਨਾ ਮਿਲਾ ਸੰਤੋ।
ਲਈ ਭੋਏਂ ਸੀ ਵੀਰ ਜੀ ਉਸ ਜਗ੍ਹਾ, ਕਾਰ ਵਾਹੀ ਦੀ ਰਹੇ ਕਰਾ ਸੰਤੋ।
ਅੱਠ ਸੱਤ ਏਹ ਸਿੰਘ ਵੀਚਾਰ ਭਾਈ, ਵੀਰ ਸਾਰੇ ਜੀ ਲਏ ਬਲਾ ਸੰਤੋ।

¤

* ਏਹਵੀ ਪਿਆਰੇ ਵੀਰ ਦੋਵੇਂ ਸੈਦ ਜਲੰਧਰ ਜਾ ਹੁਸ਼ਿਆਰਪਰ ਜ਼ਿਲੇ ਦੇ ਸਨ ਜੀ ਅਜੇ ਉਥੇ ਹਨ ਜੀ। ਏਹ ਵੀ ਕਈ ਦਫ਼ਾ ਮੌਕਾ ਪਰ ਆਉਂਦੇ ਤੇ ਮਲਕ ਦੇ ਭਲੇ ਵਾਸਤੇ ਅਮਦਾਦ ਦਿੰਦੇ ਰਹੇ ਸੀ ਜੀ, ਭਾਵੇਂ ਨਿੱਜ ਦਿਆਂ ਕੰਮਾਂ ਕਰਕੇ ਮੁਲਕ ਨਹੀਂ ਆ ਸਕੇ ਜੀ।

## ਭਾਈ ਨਿਹਾਲ ਸਿੰਘ* ਤੇ ਏਹਨਾਂ ਦੇ ਛੋਟੇ ਭਾਈ ਦੇ ਘਰ ਜੋੜ ਮੇਲ

ਵੁਡਵਾਡ ਦੇ ਲਾਗੇ ਵਿਕਟੋਰੀਆ ਸੀ, ਨਿਹਾਲ ਸਿੰਘ ਜੀ ਕਰਦੇ ਸੀ ਕਾਰ ਸਮਝੋ।
ਛੇ ਸੱਤ ਸੀ ਨਾਲ ਜੀ ਸਿੰਘ ਉਸਦੇ, ਉਨ੍ਹਾਂ ਲਈ ਦਲੀਲ ਸੀ ਧਾਰ ਸਮਝੋ।
ਰਾਸਣ ਕਰਕੇ ਕੱਠਾ ਵੀਰ ਮੇਰੇ, ਲਿਆ ਘਰ ਦੇ ਵਿਚ ਸੀ ਡਾਰ ਸਮਝੋ।
ਸੱਦ ਲਿਆ ਸੀ ਫਿਰ ਸਾਰਿਆਂ ਨੂੰ, ਕੀਤੀ ਮੇਹਰ ਸੀ ਆਪ ਦਾਤਾਰ ਸਮਝੋ।

## ਭਾਈ ਭੋਲਾ ਸਿੰਘ ਜੀ ਦੇ ਘਰ ਜੋੜ-ਮੇਲ

ਭੋਲਾ ਸਿੰਘ ਵਿਕਟੋਰੀਏ** ਰੰਚ ਅੰਦਰ, ਕੀਤੀ ਵੀਰ ਨੇ ਭਲੀ ਸਲਾਹ ਭਾਈ।
ਜੋੜ ਮੇਲ ਦਾ ਕਰਕੇ ਜੋੜ ਸਾਰਾ, ਲਈ ਸਿੰਘ ਨੇ ਰਸਦ ਮੰਗਵਾ ਭਾਈ।
ਚਿੱਠੇ ਭੇਜਕੇ ਗੁਰੂ ਦੁਲਾਰਿਆਂ ਨੂੰ, ਸਾਰੇ ਲਏ ਸੀ ਸਿੰਘ ਬੁਲਾ ਭਾਈ।
ਆਈਆਂ ਸੰਗਤਾਂ ਨਾਲ ਪ੍ਰੇਮ ਵੀਰੋ, ਸੇਵਾ ਰਿਹਾ ਸੀ ਵੀਰ ਕਮਾ ਭਾਈ।

* ਏਹ ਵੀ ਵੀਰ ਜੀ ਅਜੇ ਉਥੇ ਹੀ ਹਨ ਜੀ। ਏਹ ਜੋੜ ਮੇਲ ਹੋਣ ਕਰਕੇ ਹੋਰ ਸਿੰਘ ਬਹੁਤ ਤਿਆਰ ਹੋ ਗਏ ਸਨ ਜੀ ਨਾਲੇ ਏਹ ਸਿੰਘ ਵੀ ਮੁਲਕ ਦੇ ਹਮਦਰਦ ਸਨ ਜੀ ਆਪ ਭਾਵੇਂ ਨਹੀਂ ਆਏ।

** ਰੰਚ ਇਸ ਪਾਸੇ ਦਾ ਨਾਮ ਸੀ ਮਤਲਬ ਖੇਤ। ਏਹ ਭਾਈ ਭੋਲਾ ਸਿੰਘ ਜੀ ਲੁਧਿਆਣੇ ਜ਼ਿਲੇ ਦੇ ਸਨ ਜੀ, ਉਸ ਵਕਤ ਸਾਡੇ ਨਾਲ ਨਹੀਂ ਸੀ ਆਏ ਪਿਛੋਂ ਸੁਣਿਆ ਪਿੰਡ ਆਏ ਹਨ ਪੱਕਾ ਪਤਾ ਨਹੀਂ ਉਹ ਹਨ ਕਿ ਹੋਰ, ਏਹ ਵੀ ਮੁਲਕ ਦੇ ਹਮਦਰਦ ਸਨ ਜੀ, ਕਈ ਵੇਰਾਂ ਅਮਦਾਦ ਸਾਨੂੰ ਮੁਲਕ ਸੇਵਾ ਲਈ ਦੇਂਦੇ ਰਹੇ ਜੀ।

## ਇਹਨਾਂ ਜੋੜ ਮੇਲਾਂ ਦਾ ਬ੍ਰਿਤਾਂਤ

ਸਾਰਾ ਦਿਨ ਸੀ ਵੀਰੋ ਦਆਨ ਲਗਦਾ, ਹੁੰਦਾ ਕੀਰਤਨ ਬਹੁਤ ਸੀ ਆ ਭਾਈ।
ਰਾਤ ਰਹਿੰਦੇ ਸਾਂ ਉਸੇ ਹੀ ਜਗ੍ਹਾ ਸੰਤੋ, ਸੋਹਣਾ ਰਹੇ ਪ੍ਰੇਮ ਵਧਾ ਭਾਈ।
ਲੈਕਚਰ ਰਾਤ ਨੂੰ ਬਹਤ ਜੀ ਹੋਣ ਉਥੇ, ਖੇਡ ਰਹੇ ਮਹਾਰਾਜ ਵਰਤਾ ਭਾਈ।
ਕੀਤੀ ਵੀਰਾਂ ਨੇ ਸੇਵਾ ਸੀ ਬਹੁਤ ਸੋਹਣੀ, ਭਾਰਤ ਵਰਸ ਦਾ ਦੁਖ ਵੰਡਾ ਭਾਈ।
ਭਾਰਤ ਵਰਸ਼ ਹੈ ਕਿਵੇਂ ਆਜਾਦ ਹੋਵੇ, ਅਸੀਂ ਰਹੇ ਸਾਂ ਦਾਅ ਤਕਾ ਭਾਈ।
ਆਉ ਨਿਤਰੋ ਗੁਰੂ ਦੁਲਾਰਿਓ ਜੀ, ਦੇਂਦੇ ਵੀਰਾਂ ਨੂੰ ਉਥੇ ਬਤਾ ਭਾਈ।
ਅਗਲੇ ਦਿਨ ਸਾਂ ਮੁੜ ਪਿਛਾਹ ਆਉਂਦੇ, ਵੀਰ ਜਾਂਵਦੇ ਵਿਦਾ ਕਰਾ ਭਾਈ।
ਦਿਨੋ ਦਿਨ ਜਾਏ ਪਰਤਾਪ ਵਧਦਾ, ਗੁਰੂ ਸਾਹਿਬ ਸੀ ਰਹੇ ਜਗਾ ਭਾਈ।
ਜਾਣੋ ਮਹਾਰਾਜ ਦਿਆਲ ਹੋਏ, ਆਪ ਰਹੇ ਸੀ ਬਣਤ ਬਣਾ ਭਾਈ।
ਸਿੰਘ ਦਾਸ ਵਸਾਖ ਤੇ ਮੇਹਰ ਕਰਨੀ, ਦੇਵਾਂ ਸਾਹਿਬ ਨੂੰ ਸੀਸ ਝੁਕਾ ਭਾਈ।

⌘

## ਸੰਨ ਓਨੀ ਸੌ ਬਾਰਾਂ ਈਸਵੀ ਅਖੀਰ

ਬਹੁਤ ਬਾਰਾਂ ਮੇਂ ਸਿੰਘ ਤਿਆਰ ਹੋਏ, ਨਾਮ ਅਗੇ ਮੈਂ ਦੇਊਂ ਲਿਖਾ ਸਾਰੇ।
ਖੂਬ ਛਾਂਟ ਕੇ ਲਿਖੂ ਮੈਂ ਐ ਵੀਰੋ, ਗਏ ਸਿਦਕ ਜੋ ਸੋਹਣਾ ਨਿਭਾ ਸਾਰੇ।
ਤੁਰਨ ਲਗਿਆਂ ਰਹੇ ਨਾ ਜਿਹੜੇ ਉਥੇ, ਸਾਡੇ ਆਏ ਸੀ ਨਾਲ ਜੋ ਧਾ ਸਾਰੇ।
ਭਾਰਤ ਵਰਸ਼ ਨੂੰ ਦੀਆ ਉਠਾਲ ਸੋਹਣਾ, ਜੱਸ ਖੱਟ ਗਏ ਸੀਸ ਨੂੰ ਲਾ ਸਾਰੇ।

ਜਇਆ ਦਾਤਾਂ ਜੀ ਸਾਰੀਆਂ ਵਾਰ ਕਰਕੇ, ਕੰਮ ਘਰਾਂ ਦੇ ਗਏ ਭੁਲਾ ਸਾਰੇ।
ਵਾਹਵਾ ਕਰਨੀਆਂ ਸੋਹਣੀਆਂ ਕੀਤੀਓਂ ਨੇ, ਜੱਸ ਖੱਟ ਗਏ ਸਿਦਕ ਵਿਖਾ ਸਾਰੇ।
ਨਾਮ ਸਦਾ ਜੀ ਸੋਹਣਾ ਅਟਲ ਰਹਿਸੀ, ਸੋਭਾ ਗਏ ਜੋ ਵੀਰ ਨੇ ਪਾ ਸਾਰੇ।
ਦੁਨੀਆਂ ਗਾਂਵਦੀ ਰਹੇ ਗੀ ਜੱਸ ਉਨ੍ਹਾਂ, ਸੀਸ ਤਲੀ ਤੇ ਗਏ ਟਿਕਾ ਸਾਰੇ।
ਧੰਨ ਮਾਤਾ ਤੇ ਓਨ੍ਹਾਂ ਦਾ ਪਿਤਾ ਸੰਤੋ, ਜਨਮ ਜਿਨ੍ਹਾਂ ਦੇ ਲਿਆ ਸੀ ਆ ਸਾਰੇ।
ਧੰਨ ਓਨ੍ਹਾਂ ਕਮਾਈ ਹੈ ਕਰੀ ਵੀਰੋ, ਗਏ ਨਾਮ ਅਟੱਲ ਕਰਾ ਸਾਰੇ।
ਜੱਸ ਏਥੇ ਹੈ ਉਨ੍ਹਾਂ ਦਾ ਹੋਊ ਸੋਹਣਾ, ਗੁਰ ਪੁਰੀ ਮੇਂ ਵੱਸੇ ਹੈ ਜਾ ਸਾਰੇ।
ਕੰਮ ਜਿਹੜੇ ਨਾ ਕਿਸੇ ਤੋ ਹੋ ਸਕਣ, ਗਏ ਸੂਰਮੇ ਕਰ ਬਤਾ ਸਾਰੇ।
ਕਈ ਜੇਲ੍ਹਾਂ ਦੇ ਵਿਚ ਹੈ ਜਾ ਕਰਕੇ, ਭਾਰਾ ਰਹੇ ਸੀ ਦੁਖ ਉਠਾ ਸਾਰੇ।
ਬਹੁਤ ਜਫਰ ਹੈ ਜਾਲ ਕਰ ਅਸਾਂ ਵੀਰੋ, ਭਾਰਤ ਵਰਸ਼ ਨੂੰ ਲਿਆ ਜਗਾ ਸਾਰੇ।
ਲਹਿਰ ਸੋਹਣੀ ਚਲਾ ਜੀ ਮੁਲਕ ਅੰਦਰ, ਲਏ ਅਸਾ ਜਗਾ ਭਰਾ ਸਾਰੇ।
ਹਾਲ ਬਾਰਾਂ ਤੱਕ ਹੈ ਖ਼ਤਮ ਹੋਇਆ, ਅਗੇ ਲਿਖ ਕਰ ਦੇਊਂ ਗਣਾਂ ਸਾਰੇ।
ਚੱਲ ਲਿਖ ਤੂੰ ਕਵੀ ਹੁਣ ਹਾਲ ਅਗਲਾ, ਬੰਦੋਬਸਤ ਜਿਉਂ ਲਏ ਬਣਾ ਸਾਰੇ।
ਪੱਤਾ ਹੁਕਮ ਦੇ ਬਾਝ ਨਾ ਝੂਲਦਾ ਏ, ਨੱਥ ਹੁਕਮ ਵਿਚ ਰਿਹਾ ਚਲਾ ਸਾਰੇ।
ਸਿੰਘ ਦਾਸ ਵਸਾਖ ਨੂੰ ਤਾਰ ਦੇਣਾ, ਭਗਤ ਜਿਵੇਂ ਹੈ ਦੀਏ ਤਰਾ ਸਾਰੇ।

¤

ਸੰਪਾਦਕ ਵਲੋਂ ਨੋਟ —

## ਗ਼ਦਰ ਪਾਰਟੀ (੧੯੧੪-੧੫)

ਗ਼ਦਰ ਪਾਰਟੀ ਅਮਰੀਕਾ ਕੈਨੇਡਾ ਵਿਚ ਮਿਹਨਤ ਮਜ਼ਦੂਰੀ ਕਰਨ ਲਈ ਪਹੁੰਚੇ ਪੰਜਾਬੀ ਕਿਸਾਨਾ, ਜਲਾਵਤਨ ਦੇਸ਼ ਭਗਤਾ ਤੇ ਓਥੇ ਪੜ੍ਹਾਈ ਲਈ ਗਏ ਹਿੰਦੀ ਵਿਦਿਆਰਥੀਆਂ ਦੀ ਰਲਵੀਂ ਮਿਲਵੀਂ ਕੋਸਿਸ ਰਾਹੀਂ ੧੯੧੨-੧੩ ਵਿਚ ਕਾਇਮ ਹੋਈ ਸੀ।

ਇਹ ਗੱਲ ਇਕ ਅਜੂਬੇ ਤੋਂ ਘੱਟ ਨਹੀਂ ਕਿ ਮਾਮੂਲੀ ਪੜ੍ਹੇ ਲਿਖੇ ਪੇਂਡੂ ਕਿਸਾਨ ਜਿਨ੍ਹਾਂ ਵਿਚ ਕੁਝ ਪੁਰਾਣੇ ਫੌਜੀ ਵੀ ਸਨ, ਸਿਰਫ਼ ਡਾਲਰ ਕਮਾਉਣ ਲਈ ਸੱਤ ਸਮੁੰਦਰ ਪਾਰ ਮਿਹਨਤ-ਮਜ਼ਦੂਰੀ ਲਈ ਗਏ, ਪਰ ਉਥੇ ਰਹਿੰਦਿਆਂ ਉਹਨਾਂ ਅਜਿਹਾ ਪਲਟਾ ਖਾਧਾ ਕਿ ਗ਼ਦਰ ਪਾਰਟੀ ਦੀ ਲਲਕਾਰ ਤੇ ਨਾ ਸਿਰਫ਼ ਆਪਣਾ ਖ਼ੂਨ ਪਸੀਨਾ ਇਕ ਕਰਕੇ ਬਣਾਈਆਂ ਜਾਇਦਾਦਾਂ ਨੂੰ ਹੀ ਲੱਤ ਮਾਰ ਦਿੱਤੀ ਬਲਕਿ ਸੀਸ ਤਲੀ ਤੇ ਰੱਖ ਕੇ ਹਜ਼ਾਰਾ ਦੀ ਗਿਣਤੀ ਵਿਚ ਦੇਸ਼ ਵੱਲ ਚਾਲੇ ਪਾ ਲਏ।

ਵਿਦੇਸੀਂ ਰਹਿਕੇ ਓਹਨਾ ਨੂੰ ਪਹਿਲੀ ਵਾਰ ਆਪਣੇ ਗੁਲਾਮ ਹੋਣ ਦਾ ਅਹਿਸਾਸ ਹੋਇਆ ਤਾਂ ਅਠੇ ਪਹਿਰ ਇਹੀ ਗੁਣਗੁਣਾਉਂਦੇ —

"ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ,
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।"

ਇਸ ਜਥੇਬੰਦੀ ਦਾ ਨਾ ਪਹਿਲਾਂ 'ਹਿੰਦੀ ਐਸੋਸਿਏਸਨ ਆਫ ਪੈਸਿਫਿਕ ਕੋਸਟ' ਰਖਿਆ ਗਿਆ ਸੀ, ਪਰ ਪਹਿਲੀ ਨਵੰਬਰ ੧੯੧੩ ਤੋਂ ਇਸਦੇ ਪਰਚੇ "ਗ਼ਦਰ" ਤੋਂ ਇਹ 'ਗ਼ਦਰ ਪਾਰਟੀ' ਕਰਕੇ ਪ੍ਰਸਿੱਧ ਹੋਈ। ਇਸ ਹਫਤਾਵਾਰੀ ਪਰਚੇ ਦਾ ਨਾਉਂ

"ਗ਼ਦਰ", ੧੮੫੭ ਦੇ ਗ਼ਦਰ ਨੂੰ ਨਿਸਾਨਾ ਮੰਨ ਕੇ ਰਖਿਆ ਗਿਆ ਸੀ। ਅਖਬਾਰ ਦੇ ਮੁੱਖ ਪੰਨੇ ਤੇ "ਜਉ ਤਉ ਪ੍ਰੇਮ ਖੇਲਨ ਦਾ ਚਾਉ, ਸਿਰ ਧਰ ਤਲੀ ਗਲੀ ਮੇਰੀ ਆਉ" ਲਿਖਿਆ ਹੁੰਦਾ ਸੀ।

ਜੁਲਾਈ-ਅਗਸਤ ੧੯੧੪ ਨੂੰ ਪਹਿਲਾ ਮਹਾਂਯੁੱਧ ਸੁਰੂ ਹੋਣ ਤੇ ਅੰਗਰੇਜਾਂ ਦੀ ਮਜਬੂਰੀ ਦਾ ਫ਼ਾਇਦਾ ਉਠਾਉਣ ਲਈ ੫-੮-੧੯੧੪ ਨੂੰ ਪਾਰਟੀ ਨੇ 'ਐਲਾਨੇ ਜੰਗ' ਕਰ ਦਿਤਾ। ਪਾਰਟੀ ਦੇ ਸੱਦੇ ਤੇ ਹਜ਼ਾਰਾਂ ਗ਼ਦਰੀ ਦੇਸ ਵਲ ਇਹ ਗਾਉਂਦੇ ਹੋਏ ਚਲ ਪਏ -

> "ਚਲੋ ਚਲੀਏ ਦੇਸ ਨੂੰ ਯੁੱਧ ਕਰਨ, ਇਹੋ ਆਖਰੀ ਬਚਨ ਤੇ ਫੁਰਮਾਨ
> ਹੋ ਗਏ।"

ਇਸੇ ਦੌਰਾਨ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਹੇਠ 'ਕੌਮਾਗਾਟਾ ਮਾਰੂ ਨਾਮੀ ਜਹਾਜ ਵਿਚ ਕੈਨੇਡਾ ਪਹੁੰਚਣ ਵਾਲੇ ਹਿੰਦੀ ਮੁਸਾਫਰਾਂ ਨਾਲ ਜੋ ਸਲੂਕ ਵੈਨਕੂਵਰ (ਕੈਨੇਡਾ) ਚ ਹੋਇਆ ਅਤੇ ਵਾਪਿਸ ਕਲਕੱਤੇ ਬੱਜ-ਬੱਜ ਘਾਟ ਪਹੁੰਚਣ ਤੇ ਗੋਲੀਆਂ ਨਾਲ ਜਿਵੇਂ ਉਹਨਾਂ ਦਾ 'ਸਵਾਗਤ' ਹੋਇਆ ਉਸਨੇ ਸਮਝੋ ਬਲਦੀ ਤੇ ਤੇਲ ਛਿੜਕ ਦਿੱਤਾ।

ਅਨੇਕਾਂ ਗ਼ਦਰੀ ਜਿਨ੍ਹਾਂ ਵਿਚ ਪਾਰਟੀ ਦੇ ਪਰਧਾਨ ਬਾਬਾ ਸੋਹਨ ਸਿੰਘ ਭੱਕਨਾ ਤੇ ਮੀਤ ਪਰਧਾਨ ਬਾਬਾ ਕੇਸਰ ਸਿੰਘ ਠੱਠਗੜ੍ਹ ਵੀ ਸਨ, ਜਹਾਜ਼ਾਂ ਤੋਂ ਉਤਰਦਿਆ ਹੀ ਫੜ ਲਏ ਗਏ, ਪਰ ਫੇਰ ਵੀ ਬਾਕੀ ਰਹਿੰਦਿਆਂ ਨੇ ਹਿੰਦੀ ਫ਼ੌਜੀਆਂ ਨੂੰ ਤੇ ਆਮ ਲੋਕਾਂ ਨੂੰ ਨਾਲ ਲੈ ਕੇ ੧੯-੨-੧੯੧੫ ਨੂੰ ਗ਼ਦਰ ਦੀ ਵਿਉਂਤ ਬਣਾਈ ਜੋ ਮੁਖਬਰੀ ਕਰਕੇ ਸਿਰੇ ਨਾ ਚੜ੍ਹ ਸਕੀ। ਪਿੱਛੋਂ ਸੈਂਕੜੇ ਗ਼ਦਰੀਆਂ ਨੂੰ ਫਾਂਸੀ-ਗੋਲੀ ਰਾਹੀਂ ਸਹੀਦ ਕੀਤਾ ਗਿਆ ਤੇ ਅਨੇਕਾ ਨੇ ਅੰਡੇਮਾਨ ਦੇ ਨਰਕਾਂ ਵਿਚ ਤਸੀਹੇ ਝੱਲੇ।

¤ ¤ ¤

# 13.

## ਸੰਨ ੧੯੧੩ – ਗ਼ਦਰ ਪਾਰਟੀ ਦਾ ਕਾਇਮ ਹੋਣਾ

ਸੂਬਾ ਵਿਚ ਅਮਰੀਕਾ ਕਲਾਫੋਰਨੀ ਜੀ, ਉਸ ਜਗ੍ਹਾ ਝੱਟ ਲੰਘਾ ਰਹੇ ਸਾਂ।

ਕਾਰ ਵਾਹੀ ਦੀ ਨਾਲ ਸਾ ਕਰੀ ਜਾਂਦੇ, ਨਾਲੇ ਰਲ ਕੇ ਨਾਮ ਧਿਆ ਰਹੇ ਸਾ।

ਪੈਸਾ ਖੱਟ ਕੇ ਵਾਹੀ ਦੀ ਕਾਰ ਵਿਚੋਂ, ਸੇਵਾ ਮੁਲਕ ਦੀ ਵਿਚ ਜੀ ਲਾ ਰਹੇ ਸਾਂ।

ਆਏ ਗਏ ਭਰਾਵਾ ਦੀ ਸੇਵ ਕਰਦੇ, ਲੰਗਰ ਰਲ ਕੇ ਸੋਹਣਾ ਚਲਾ ਰਹੇ ਸਾ।

ਭਾਰਤ ਵਰਸ ਦੇ ਵੇਖ ਕਰ ਕਸ਼ਟ ਸਾਰੇ, ਸੁਰਤ ਮੁਲਕ ਦੀ ਸੇਵਾ ਮੇਂ ਲਾ ਰਹੇ ਸਾਂ।

ਕਈ ਥਾਈਂ ਫਿਰ ਜਾ ਕੇ ਆਪ ਵੀਰੋ, ਖਿਆਲ ਭਾਈਆ ਦਾ ਏਧਰ ਭਵਾ ਰਹੇ ਸਾ।

ਜ਼ਾਲਮ ਜ਼ੁਲਮ ਜੋ ਵੀਰੋ ਕਮਾ ਰਹੇ ਸੀ, ਸਾਰੇ ਵੀਰਾਂ ਨੂੰ ਦਸ ਦਸਾ ਰਹੇ ਸਾਂ।

ਭਾਰਸ ਵਰਸ ਨੂੰ ਕਿਵੇ ਆਜਾਦ ਕਰੀਏ, ਸੋਹਣਾ ਸੋਚ ਕੇ ਦਾਅ ਤਕਾ ਰਹੇ ਸਾਂ।

ਲਾਹ ਦੇਈਏ ਗ੍ਰਹਿਣ ਫ਼ਰੰਗ ਵਾਲਾ, ਪੱਬਾਂ ਤੋੜੀ ਜੀ ਜੋਰ ਫਿਰ ਲਾ ਰਹੇ ਸਾਂ।

ਦਿਨੇ ਰਾਤ ਸੀ ਸੰਗਤੇ ਕਾਰ ਏਹੋ, ਭਲਾ ਮੁਲਕ ਦਾ ਸਾਰੇ ਹੀ ਚਾਹ ਰਹੇ ਸਾਂ।

ਤੋੜ ਦੇਈਏ ਗੁਲਾਮੀ ਜ਼ੰਜੀਰ ਸਾਰੇ, ਸਦਾ ਪਕੀਆ ਖੂਬ ਪਕਾ ਰਹੇ ਸਾਂ।

ਕੀਤੀ ਮੇਹਰ ਮਹਾਰਾਜ ਨੇ ਆਪ ਸੋਹਣੀ, ਪਾਸ ਉਸ ਪੁਕਾਰ ਪੁਚਾ ਰਹੇ ਸਾਂ।

ਸਿੰਘ ਦਾਸ ਵਸਾਖ ਬਿਆਨਦਾ ਜੀ, ਅਕਾਲ ਪੁਰਖ ਤੋਂ ਮੰਗ ਦੁਆ ਰਹੇ ਸਾ।

ਕਲਾਫੋਰਨੀ ਵਿਚ ਸਾਂ ਅਸੀਂ ਸੰਤੋ, ਸੇਵਾ ਮੁਲਕ ਦੀ ਸਾਰੇ ਕਮੌਣ ਲਗੇ।
ਸੋਹਣਾ ਵੀਰਾ ਦਾ ਹੋ ਖਿਆਲ ਰਿਹਾ, ਇਕ ਦੂਜੇ ਨੂੰ ਸਦ ਮਿਲੌਣ ਲਗੇ।
ਖੁਦ ਗਰਜੀਓਂ ਸਤਿਗੁਰਾਂ ਰਖ ਲਿਆ, ਸਾਰੇ ਸੇਵਾ ਮੇਂ ਪੈਰ ਜਮੌਣ ਲਗੇ।
ਸੋਹਣੀ ਰਲ ਕੇ ਵੀਰ ਸੀ ਸੇਵ ਕਰਦੇ, ਰਲ ਸਾਰੇ ਸੀ ਬਣਤ ਬਨੌਣ ਲਗੇ।
ਪਾਸੇ ਦੂਸਰੇ ਹੋਈ ਜੀ ਖੇਡ ਸੋਹਣੀ, ਨਵੀਂ ਕਲਾ ਮਹਾਰਾਜ ਵਰਤੌਣ ਲਗੇ।
ਸੋਹਣ ਸਿੰਘ[੧] ਜੀ ਵੀਰ ਜੋ ਭਕਨੇ ਦੇ, ਕਠੇ ਸਿੰਘਾਂ ਨੂੰ ਏਹ ਕਰੌਣ ਲਗੇ।
ਕੇਸਰ ਸਿੰਘ[੨] ਜੀ ਠੱਠ ਜੀ ਗੜ੍ਹ ਵਾਲੇ, ਸਾਰੇ ਵੀਰਾਂ ਨੂੰ ਏਹ ਸਮਝੌਣ ਲਗੇ।
ਉਧਮ ਸਿੰਘ[੩] ਜੀ ਢੰਡ ਕਸੇਲੀਆ ਜੀ, ਹਰਦਿਆਲ ਜੀ ਉਥੇ ਫਿਰ ਔਣ ਲਗੇ।
ਮੰਗਲ ਸਿੰਘ[੪] ਜੀ ਲਾਲ ਹੈ ਪੂਰੇ ਵਾਲਾ, ਕਾਂਸ਼ੀ[੫] ਰਾਮ ਨੂੰ ਛੇਤੀ ਮੰਗੌਣ ਲਗੇ।

[੧ ਬਾਬਾ ਸੋਹਨ ਸਿੰਘ, ਪਿੰਡ ਭਕਨਾ, ਜ਼ਿਲਾ ਅੰਮ੍ਰਿਤਸਰ (ਜਨਮ ੪-੧-੧੮੭੦, ਸਰਗਵਾਸ ੨੦-੧੨-੧੯੬੮)। ਗ਼ਦਰ ਪਾਰਟੀ ਦੇ ਪਹਿਲੇ ਪਰਧਾਨ। ਪਹਿਲੇ ਕੇਸ ਵਿਚ ਫਾਸੀ ਸੁਨਾਈ ਗਈ, ਪਿਛੋਂ ਵਾਇਸਰਾਏ ਨੇ ਆਪਣੇ ਤੌਰ ਤੇ ਉਮਰ ਕੈਦ - ਕਾਲੇ ਪਾਣੀ ਕਰ ਦਿੱਤੀ, ਜਿਥੇ ਇਹਨਾਂ ਲੰਮੀਆਂ ਭੁਖ ਹੜਤਾਲਾ ਕੀਤੀਆ। ੭ ਜੂਨ ੧੯੩੦ ਨੂੰ ਰਿਹਾ ਹੋਕੇ ਆਜ਼ਾਦੀ ਸੰਗਰਾਮ ਤੇ ਕਿਸਾਨ ਲਹਿਰ ਵਿਚ ਜੁਟ ਗਏ। ਦਾਸ ਨੂੰ ਇਹਨਾ ਦੀ ਸੰਗਤ ਦਾ ਜੂਨ ੧੯੬੬ ਤੋਂ ਦਸੰਬਰ ੧੯੬੮ ਤਕ ਸੁਭਾਗ ਪ੍ਰਾਪਤ ਹੋਇਆ ਅਤੇ ਦਾਸ ਨੇ ਹੀ ਇਹਨਾ ਦੀ ਆਤਮ ਕਥਾ ਸਮੇਤ ਲਿਖਤਾ ਦੇ ਸੰਪਾਦਨ ਦੀ ਸੇਵਾ ਕੀਤੀ (ਫੋਟੋ ਪੰਨਾ ੧੨੭)।

੨ ਬਾਬਾ ਕੇਸਰ ਸਿੰਘ, ਪਿੰਡ ਠੱਠਗੜ੍ਹ ਜ਼ਿਲਾ ਅੰਮ੍ਰਿਤਸਰ (ਜਨਮ ੧੮੭੯ ਸਰਗਵਾਸ ੧੯੬੨) ਗ਼ਦਰ ਪਾਰਟੀ ਦੇ ਪਹਿਲੇ ਮੀਤ ਪਰਧਾਨ। ਪਹਿਲਾਂ ਫਾਂਸੀ ਸੁਨਾਈ ਗਈ ਫਿਰ ਤੋੜ ਕੇ ਉਮਰ ਕੈਦ - ਕਾਲਾ ਪਾਣੀ। ੧੯੩੩ ਵਿਚ ਉਨੀ ਸਾਲ ਕੈਦ ਭੋਗ ਕੇ ਰਿਹਾ ਹੋਏ। ਕਿਸਾਨ ਲਹਿਰ ਤੇ ਮੋਰਚਿਆ 'ਚ ਵੱਧ ਚੜ੍ਹਕੇ ਹਿਸਾ ਲਿਆ (ਫੋਟੋ ਪੰਨਾ ੧੨੮)।

੩ ਸ਼ਹੀਦ ਉਧਮ ਸਿੰਘ, ਪਿੰਡ ਕਸੇਲ, ਜ਼ਿਲਾ ਅੰਮ੍ਰਿਤਸਰ। ਇਹ ਪੁਰਾਣੇ ਫ਼ੌਜੀ ਸਨ ਤੇ ਗ਼ਦਰੀਆ ਨੂੰ ਫ਼ੌਜੀ ਸਿਖਲਾਈ ਦੇਂਦੇ ਸਨ। ਪਾਰਟੀ ਵਿਚ ਇਹ "ਮਾਸਟਰ" ਉਧਮ ਸਿੰਘ ਕਰਕੇ ਪ੍ਰਸਿਧ ਸਨ। ਪਹਿਲੇ ਕੇਸ ਵਿਚ ਕਾਲੇ ਪਾਣੀ - ਉਮਰ ਕੈਦ ਹੋਈ। ਜਦੋਂ ਬਦਲੀ ਰਾਜਮੰਦਰੀ (ਮਦਰਾਸ) ਜੇਲ੍ਹ ਹੋਈ, ਉਥੋਂ ਫ਼ਰਾਰ ਹੋਕੇ ਪੈਦਲ ਹੀ ਪੰਜਾਬ ਪਹੁੰਚੇ। ਅਫ਼ਗਾਨਸਤਾਨ ਪਹੁੰਚ ਕੇ ਲਹਿਰ ਜਥੇਬੰਦ ਕਰਦੇ ਹੋਏ, ਸਰਹੱਦ ਪਾਰ ਕਰਦੇ ਭੁਲੇਖੇ ਨਾਲ ਹੀ ਕਿਸੇ ਅਫਰੀਦੀ ਪਠਾਨ ਹਥੋਂ ਸ਼ਹੀਦੀ ਪਾਈ (ਫੋਟੋ ਪੰਨਾ ੧੨੯)।

੪ ਬਾਬਾ ਮੰਗਲ ਸਿੰਘ, ਪਿੰਡ ਲਾਲਪੁਰ, ਜ਼ਿਲਾ ਅੰਮ੍ਰਿਤਸਰ। ਪਹਿਲਾਂ ਫ਼ੌਜ ਦੀ ਨੌਕਰੀ ਕੀਤੀ। ਅਮਰੀਕਾ ਪਹੁੰਚੇ, ਗ਼ਦਰ ਲਹਿਰ ਵਿਚ ਹਿਸਾ ਲਿਆ। ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਹੋਈ। ੧੯੧੮ ਵਿਚ ਖਾਸ ਹੁਕਮ ਰਾਹੀਂ ਰਿਹਾ ਹੋਕੇ ਲਗਾਤਾਰ ਕਿਰਤੀ ਕਿਸਾਨ ਮੋਰਚੇ ਤੇ ਡੱਟੇ ਰਹੇ (ਫੋਟੋ ਪੰਨਾ ੧੩੦)।

੫ ਸ਼ਹੀਦ (ਪੰਡਤ) ਕਾਸ਼ੀ ਰਾਮ ਪਿੰਡ ਮੜੌਲੀ, ਜ਼ਿਲਾ ਰੋਪੜ (ਜਨਮ ੧੮੮੩, ਸ਼ਹੀਦੀ ੨੭-੩-੧੯੧੫), ਲਾਹੌਰ ਸੈਂਟਰਲ ਜੇਲ੍ਹ। ਗ਼ਦਰ ਪਾਰਟੀ ਦੇ ਖਜ਼ਾਨਚੀ। ਭਾਰਤ ਵਾਪਸ ਆਕੇ ਫ਼ੀਰੋਜ਼ਪੁਰ ਨੇੜੇ ਪੁਲੀਸ ਮੁਕਾਬਲੇ ਪਿਛੋਂ ਫੜ ਲਏ ਗਏ, ਤੇ ਫਾਸੀ ਲਾਕੇ ਸ਼ਹੀਦ ਕੀਤੇ ਗਏ (ਫੋਟੋ ਪੰਨਾ ੧੩੧) – ਸੰਪਾਦਕ]

ਭਾਗ ਸਿੰਘ ਤੇ ਮੁਨਸ਼ੀ ਜੀ ਰਾਮ ਆਏ, ਜਗਤ ਰਾਮ[1] ਜੀ ਰੱਖ ਵਖੌਣ ਲਗੇ।
ਮਿਲਿਆ ਆਣ ਸਹੀਦ ਕਰਤਾਰ ਸਿੰਘ[2] ਜੀ, ਪਿਰਥੀ ਸਿੰਘ[3] ਜੀ ਨਾਲ ਸੁਹੌਣ ਲਗੇ।
ਕੱਠ ਹੋ ਗਿਆ ਏਹ ਵਿਕਟੋਰੀਆ ਮੇਂ, ਵੀਰ ਰਲ ਕੇ ਜਫੀਆਂ ਪੌਣ ਲਗੇ।
ਕਈ ਸੈਂਕੜੇ ਭਾਈ ਸੀ ਆਏ ਉਥੇ, ਸਾਰੇ ਮੁਲਕ ਦਾ ਭਲਾ ਤਕੌਣ ਲਗੇ।
ਸੋਹਣ ਸਿੰਘ ਤੇ ਹਰਦਿਆਲ ਸਮਝੋ, ਦੋਵੇਂ ਉਠ ਪਰਚਾਰ ਸੁਨੌਣ ਲਗੇ।
ਕੇਸਰ ਸਿੰਘ ਤੇ ਸਿੰਘ ਕਰਤਾਰ ਸੋਹਣੇ, ਇਹ ਦੋਵੇ ਜੀ ਹਥ ਵੰਖੌਣ ਲਗੇ।
ਉਧਮ ਸਿੰਘ ਜੋ ਢੰਡ ਕਸੇਲੀਆ ਸੀ, ਸਾਰਾ ਜੁਲਮ ਜੋ ਖੋਲ੍ਹ ਬਤੌਣ ਲਗੇ।
ਧੂਮ ਧਾਮ ਦੇ ਨਾਲ ਏਹ ਜੋੜ ਹੋਇਆ, ਸੋਹਣੇ ਵੱਧਕੇ ਹੱਥ ਵਖੌਣ ਲਗੇ।
ਵਾਹਵਾ ਦਿਤੀ ਕਮੇਟੀ ਬਣਾ ਉਥੇ, ਚੰਦਾ ਲਾ ਫਿਰ ਸਾਰੇ ਉਗਰੌਣ ਲਗੇ।
ਬੰਦੋਬਸਤ ਜੀ ਕਰਕੇ ਵੀਰ ਚੰਗੇ, ਮਿੰਬਰ ਚੁਣਕੇ ਫੇਰ ਬਣੌਣ ਲਗੇ।
ਜੋੜ ਮੇਲ ਇਉਂ ਸਿੰਘੋ ਸੀ ਬਹੁਤ ਹੋਏ, ਜੁਲਮ ਯਾਦ ਕਰ ਸਾਰੇ ਪਛਤੌਣ ਲਗੇ।
ਸੋਹਣੇ ਦਿਤੇ ਅਸੂਲ ਬਣਾ ਸੰਤੋ, ਸੋਹਣ ਸਿੰਘ ਪਰਧਾਨ ਅਖਵੌਣ ਲਗੇ।
ਏਸੇ ਤਰ੍ਹਾ ਸਕੱਤਰ ਖਜਾਨਚੀ ਜੀ, ਸੋਹਣਾ ਰਲ ਗੁਰਮਤਾ ਪਕੌਣ ਲਗੇ।
ਸਾਰਾ ਕਰਕੇ ਬੰਦੋ ਜੀ ਬਸਤ ਉਥੇ, ਸਾਡੇ ਵਲ ਫਿਰ ਧਾ ਕੇ ਔਣ ਲਗੇ।

[੧ ਪੰਡਤ ਜਗਤ ਰਾਮ, ਪਿੰਡ ਹਰਿਆਨਾ, ਜ਼ਿਲਾ ਹੋਸ਼ਿਆਰਪਰ। ਗ਼ਦਰ ਲਹਿਰ ਦੇ ਮੋਢੀ ਆਗੂ, ਜਿਨ੍ਹਾ ਨੇ ਹਜ਼ਾਰਾ ਪਤੇ (addresses) ਜਬਾਨੀ ਯਾਦ ਕਰ ਰਖੇ ਸਨ, ਜਿਨ੍ਹਾ ਤੇ 'ਗਦਰ' ਅਖਬਾਰ ਜਾਂਦਾ ਸੀ, ਤਾਂਕਿ ਰਜਿਸਟਰ ਵਗੈਰ ਪੋਲੀਸ ਦੇ ਹਥ ਨਾ ਆ ਜਾਏ। ਪਹਿਲਾ ਫਾਂਸੀ ਹੋਈ ਫਿਰ ਤੋੜ ਕੇ ਉਮਰ ਕੈਦ-ਕਾਲੇ ਪਾਣੀ। ਰਿਹਾ ਹੋਕੇ ਵੀ ਆਜ਼ਾਦੀ ਸੰਗਰਾਮ ਵਿਚ ਜੁਟੇ ਰਹੇ। ੧੯੬੩ ਵਿਚ ਸੁਰਗਵਾਸ ਹੋਏ (ਫੋਟੋ ਪੰਨਾ ੧੩੨)।

੨ ਸ਼ਹੀਦ ਕਰਤਾਰ ਸਿੰਘ, ਪਿੰਡ ਸਰਾਭਾ, ਜ਼ਿਲਾ ਲੁਧਿਆਣਾ (ਜਨਮ ੨੪-੫-੧੮੯੬ ਸ਼ਹੀਦੀ ੧੬-੧੧-੧੯੧੫)। ਇਹ ਮਸ ਫੁਟ ਗਭਰੂ ਅਮਰੀਕਾ ਉਚੇਰੀ ਪੜ੍ਹਾਈ ਲਈ ਪਹੁੰਚ ਕੇ ਗ਼ਦਰ ਲਹਿਰ ਦੀ ਜਿੰਦ ਜਾਣ ਹੋ ਨਿਬੜਿਆ। ਮੁਕਦਮੇ ਦੌਰਾਨ ਹਿਕ ਠੋਕ ਕੇ ਆਪਣੇ ਕਾਰਨਾਮੇ ਕਬੂਲ ਕੀਤੇ। ਬਾਬਾ ਸੋਹਨ ਸਿੰਘ ਭਕਨਾ ਹਮੇਸ਼ਾ ਇਸਨੂੰ "ਮੇਰਾ ਜਰਨੈਲ" ਕਹਿਕੇ ਯਾਦ ਕਰਿਆ ਕਰਦੇ ਸਨ। ਸ਼ਹੀਦ ਭਗਤ ਸਿੰਘ ਦਾ ਪ੍ਰੇਰਣਾ ਸਰੋਤ। ਇਹਨਾਂ ਦਾ ਬੁਤ ਲੁਧਿਆਣੇ ਘੰਟਾ ਘਰ ਸਾਹਮਣੇ ਸੁਸੋਭਤ ਹੈ (ਫੋਟੋ ਪੰਨਾ ੧੩੩)।

੩ (ਵੇਖਵਾ ਪੰਨਾ ੬੨, ਫੁਟਨੋਟ ਨੰ: ੧)। - **ਸੰਪਾਦਕ**]

ਰੱਬਾ ਬੇ-ਪਰਵਾਹੀਆਂ ਤੇਰੀਆਂ ਨੇ, ਨਵੇਂ ਹੋਰ ਹੀ ਰੰਗ ਵਖੌਣ ਲਗੇ।

ਆਣ ਵੀਰੋ ਪ੍ਰੇਮ ਦੀ ਲਹਿਰ ਵਗ ਪਈ, ਇਕ ਦੂਜੇ ਨੂੰ ਵੀਰ ਸਮਝੌਣ ਲਗੇ।

ਸੁਣੋ ਬੇਨਤੀ ਸਿੰਘ ਵਸਾਖ ਦੀ ਜੀ, ਸਾਹਿਬ ਵਿਛੜੇ ਵੀਰ ਮਲੌਣ ਲਗੇ।

## ਸ੍ਰੀਮਾਨ ਭਾਈ ਸੋਹਣ ਸਿੰਘ ਜੀ ਦਾ ਸਾਡੇ ਪਾਸ ਆਉਣਾ ਤੇ ਜਲਸਾ ਕਰਨਾ

ਸੋਹਣ ਸਿੰਘ ਤੇ ਦੂਸਰੇ ਕੇਸਰ ਸਿੰਘ ਜੀ, ਕਾਂਸੀ ਰਾਮ ਮੈਂ ਦਿਆਂ ਗਣਾਏ ਕੇ ਤੇ।

ਊਧਮ ਸਿੰਘ ਤੇ ਪੰਜਵੇਂ ਭਾਗ ਸਿੰਘ ਜੀ, ਮੁਣਸੀ ਰਾਮ ਮੈਂ ਲਿਖਾ ਸੁਣਾਇ ਕੇ ਤੇ।

ਅਰਜਣ ਸਿੰਘ ਜੀ ਸੱਤਵਾਂ ਨਾਲ ਏਹਨਾਂ, ਸਤੇ ਵੀਰ ਏਹ ਆਏ ਸੀ ਧਾਇ ਕੇ ਤੇ।

ਸਟਾਕ ਟੌਣ ਦੇ ਵਿਚ ਏਹ ਆਣ ਪਹੁੰਚੇ, ਸਾਨੂੰ ਮਿਲੇ ਸੀ ਜਫੀਆਂ ਪਾਇ ਕੇ ਤੇ।

ਅਸਾ ਰਲ ਕੇ ਫਿਰ ਸਲਾਹ ਕੀਤੀ, ਰਾਤੀਂ ਸੁਤੇ ਸਾਂ ਮਤਾ ਪਕਾਇ ਕੇ ਤੇ।

ਸਾਰੇ ਵੀਰਾ ਨੂੰ ਸਦ ਸੀ ਭੇਜੀਆ ਜੀ, ਚਿੱਠੇ ਸਿੰਘਾ ਦੇ ਹਥੀਂ ਫੜਾਇ ਕੇ ਤੇ।

ਸਾਰੇ ਵੀਰ ਫਿਰ ਆਣ ਸੀ ਹੋਏ ਕੱਠੇ, ਸਟਾਕ ਟੌਣ ਦੇ ਵਿਚ ਫਿਰ ਆਇ ਕੇ ਤੇ।

ਜੁਆਲਾ ਸਿੰਘ ਪਰਧਾਨ ਬਣਾਇ ਦੀਆ, ਸਾਰੇ ਸਿੰਘਾਂ ਨੂੰ ਪੁਛ ਪੁਛਾਇ ਕੇ ਤੇ।

ਧੂਮ ਧਾਮ ਦੇ ਨਾਲ ਸੀ ਹੋਇਆ ਜਲਸਾ, ਲੈਕਚਰ ਹੋਏ ਸੀ ਵੱਜ ਵਜਾਇ ਕੇ ਤੇ।

ਗੌਰਮਿੰਟ ਜੋ ਜ਼ੁਲਮ ਕਮਾ ਰਹੀ ਏ, ਦਸੇ ਵੀਰਾਂ ਨੂੰ ਜੋਸ਼ ਵਿਚ ਆਇ ਕੇ ਤੇ।

ਸਾਰਾ ਦਿਨ ਹੀ ਵੀਰ ਜੀ ਰਿਹਾ ਜਲਸਾ, ਤੌੜੀ ਵਜਦੀ ਰਹੀ ਖੜਕਾਇ ਕੇ ਤੇ।

ਵਾਰੀ ਵਾਰੀ ਮੈਦਾਨ ਮੇਂ ਵੀਰ ਔਂਦੇ, ਗੱਜ਼ ਰਹੇ ਸੀ ਦਿਲ ਵਧਾਇ ਕੇ ਤੇ।

ਦਿਲੋਂ ਚਾਹੁੰਦੇ ਸੀ ਮਰੀਏ ਜਾ ਮਾਰ ਦੇਈਏ, ਜੋਸ਼ ਖਾ ਰਹੇ ਮੁੱਛਾ ਨੂੰ ਤਾਇ ਕੇ ਤੇ।
ਬਹੁਤ ਸਿੰਘ ਸੀ ਉਥੇ ਤਿਆਰ ਹੋਏ, ਇਕ ਦੂਜੇ ਤੋ ਪੈਰ ਵਧਾਏ ਕੇ ਤੇ।

ਸਾਰਾ ਦਿਨ ਹੀ ਗੈਹਮਾਂ ਸੀ ਗੈਹਮ ਰਹੀ, ਇਕ ਦੂਜੇ ਨੂੰ ਰਹੇ ਸਮਝਾਏ ਕੇ ਤੇ।
ਦਿਲੋਂ ਸੋਚਦੇ ਅਸੀਂ ਜੀ ਕੈਰ ਜੰਮੇ, ਪਛੋਤਾਂਵਦੇ ਸਿਰ ਝੁਕਾਏ ਕੇ ਤੇ।
ਦਾਗ ਲਾ ਦੀਆ ਅਸਾ ਹੈ ਜੋਧਿਆਂ ਨੂੰ, ਕੰਨੀ ਸੁਣਦੇ ਸੀ ਅਖੀਂ ਉਠਾਇ ਕੇ ਤੇ।
ਮਸਤ ਹੋਂਵਦੇ ਵੀਰ ਜੀ ਸੱਪ ਵਾਂਗੂੰ, ਹਟਦੇ ਵੀਰ ਜਦ ਸੱਚ ਸੁਣਾਇ ਕੇ ਤੇ।
ਲੈਕਚਰ ਸੁਣ ਰਹੇ ਨਾਲ ਪ੍ਰੇਮ ਦੇ ਜੀ, ਪਛੋਤੌਣ ਜੀ ਧੌਣ ਝੁਕਾਇ ਕੇ ਤੇ।
ਐਵੇਂ ਜਨਮ ਗੁਆ ਲਿਆ ਵੀਰ ਆਪਾਂ, ਦੁਨੀਆਂ ਵਿਚ ਕੀ ਖਟਿਆ ਆਇ ਕੇ ਤੇ।
ਕੀਤਾ ਭਜਨ ਨਾ ਪਰਉਪਕਾਰ ਕੀਤਾ, ਮਾਣਸ ਜਨਮ ਗੁਆ ਲਿਆ ਖਾਇ ਕੇ ਤੇ।
ਮੁੱਛਾ ਤਾਂਵਦੇ ਜੋਸ ਮੇਂ ਆਣ ਕਰਕੇ, ਜੁਲਮ ਜ਼ਾਲਮਾ ਵਾਲਾ ਤਕਾਇ ਕੇ ਤੇ।
ਦਿਲੋਂ ਸੋਚਦੇ ਗੋਰਿਆਂ ਮਾਰ ਮਰੀਏ, ਇਕ ਦੂਜੇ ਨੂੰ ਦੇਖ ਦਿਖਾਇ ਕੇ ਤੇ।
ਸਾਨੂੰ ਹੋ ਕੀ ਗਿਆ ਹੈ ਮੁਰਦਿਓ ਉਏ, ਕਿਉਂ ਬੈਠੇ ਹੋ ਧੌਣਾ ਨਿਵਾਇ ਕੇ ਤੇ।
ਲਾਜ ਆਂਵਦੀ ਤੁਸਾ ਨੂੰ ਮੂਲ ਨਾਹੀ, ਗੋਰੇ ਬੈਠੇ ਤੁਹਾਨੂੰ ਦਬਾਇ ਕੇ ਤੇ।
ਲਾਏ ਤੁਸਾ ਨੂੰ ਪਾਬਰਾ ਜੇਜ਼ੀਏ ਨੇ, ਬੈਠ ਰਹੇ ਹੋ ਮੁਲਕ ਲੁਟਾਇ ਕੇ ਤੇ।
ਆਣ ਤਸਾਂ ਦੀ ਗਈ ਹਣ ਅੱਜ ਕਿਥੇ, ਬੈਠੇ ਮੁਲਕ ਨੂੰ ਤੁਸੀ ਭੁਲਾਇ ਕੇ ਤੇ।
ਭਾਰਤ ਵਰਸ਼ ਨੂੰ ਏਹਨਾਂ ਹੈ ਜ਼ੇਰ ਕੀਤਾ, ਤੁਸੀਂ ਮਰੋ ਖਾਂ ਮੌਹਰਾ ਹੁਣ ਖਾਇ ਕੇ ਤੇ।
ਭਾਰਤ ਵਾਸੀਏ ਤੀਹ ਕਰੋੜ ਤੁਸੀਂ, ਗੋਰੇ ਹੈ ਕੀ ਵੇਖੋ ਗਣਾਇ ਕੇ ਤੇ।
ਤੀਹ ਤੇ ਚਾਰ ਕਰੋੜ ਕਿਥੇ, ਮਰੋਂ ਤੁਸੀਂ ਉਏ ਹੁਣ ਸਰਮਾਇ ਕੇ ਤੇ।
ਮੇਹਣੇ ਮਾਰਦੇ ਤੁਸਾਂ ਨੂੰ ਮੁਲਕ ਸਾਰੇ, ਦਾਸ ਰਹੇ ਹੋ ਤੁਸੀਂ ਸਦਵਾਇ ਕੇ ਤੇ।

ਏਸ ਜਿਉਣ ਤੋਂ ਤੁਸਾਂ ਨੂੰ ਮਰਨ ਚੰਗਾ, ਐਵੇਂ ਬੈਠੇ ਹੋ ਪੇਟ ਵਧਾਇ ਕੇ ਤੇ।
ਆਉ ਨਿਤਰੋ ਤੁਸੀਂ ਮੈਦਾਨ ਗਜੋ, ਮਾਰੋ ਗੋਰਿਆ ਸੇਰੇ ਭਜਾਇ ਕੇ ਤੇ।
ਲਾਹ ਦਿਉ ਗ੍ਰਹਿਣ ਫ਼ਰੰਗ ਤੁਸੀਂ, ਕਢੋ ਬਿਲਿਆ ਤੁਸੀਂ ਨਸਾਏ ਕੇ ਤੇ।
ਸੇਰ ਤਸਾ ਦੇ ਅਗੇ ਏਹ ਚੀਜ ਕੀ ਨੇ, ਛਡੋਂ ਏਨਾਂ ਦੀ ਅਲਖ ਮੁਕਾਇ ਕੇ ਤੇ।
ਜਿਥੋਂ ਚਲ ਕੇ ਆਏ ਨੇ ਇਹ ਪਾਜੀ, ਉਥੇ ਤਕ ਹੁਣ ਛੱਡੋ ਪੁਚਾਇ ਕੇ ਤੇ।

ਮਾਰੋ ਪਾਬਰਾ ਗੋਰਿਆਂ ਰੋਲ ਕਰਕੇ ਮਜ਼ਾ ਏਹਨਾਂ ਨੂੰ ਛਡੋ ਚਖਾਇ ਕੇ ਤੇ।
ਹਥ ਏਨਾਂ ਨੂੰ ਪਾਉ ਖਾ ਤੁਸੀਂ ਸੇਰੇ, ਰੋਂਦੇ ਜਾਣ ਏਹ ਮਾਰੋ ਕੁਹਾਏ ਕੇ ਤੇ।
ਪਤਾ ਲਗੇ ਫਿਰ ਵਿਚ ਸੰਸਾਰ ਸਾਰੇ, ਤੁਸੀਂ ਤੁਰੋ ਖਾਂ ਮਤੇ ਪਕਾਇ ਕੇ ਤੇ।
ਰੌਲਾ ਪਾ ਦਿਉ ਚਲ ਕੇ ਮੁਲਕ ਅੰਦਰ, ਮਲਖੋਂ ਬਿਲਿਆਂ ਕਢ ਧਕਾਇ ਕੇ ਤੇ।
ਯਾਦ ਰਖਣ ਤੁਹਾਨੂੰ ਏਹ ਜੁਗਾ ਤਾਈਂ, ਛਡੋਂ ਕੰਨਾ ਨੂੰ ਹਥ ਲੁਆਇ ਕੇ ਤੇ।
ਪਹਿਲੇ ਦਿਨ ਸੀ ਐਸਾ ਪਰਚਾਰ ਹੋਇਆ, ਦਿਤਾ ਮੈਂ ਸੁਣਾ ਲਖਾਇ ਕੇ ਤੇ।
ਦਇਆ ਕਰੀਂ ਮਹਾਰਾਜ ਤੂੰ ਦਾਸ ਉਪਰ, ਸਰਨ ਆਪ ਦੀ ਡਿਗਾ ਹਾਂ ਆਏ ਕੇ ਤੇ।
ਸਿੰਘ ਦਾਸ ਵਸਾਖ ਨੂੰ ਬਖਸ ਲੈਣਾ, ਪੈਜ ਨਾਮੇ ਦੀ ਰਖੀ ਤੂੰ ਧਾਇ ਕੇ ਤੇ।

ਸਾਰਾ ਦਿਨ ਹੀ ਜੋੜ ਸੀ ਮੇਲ ਰਿਹਾ, ਉਠ ਸੂਰਮੇ ਜ਼ੁਲਮ ਸਣਾਵਦੇ ਸੀ।
ਭਾਰਤ ਵਰਸ ਨੂੰ ਜਿਵੇਂ ਹੈ ਚੂਰ ਕੀਤਾ, ਸਿੰਘ ਗੱਜ ਕੇ ਵੀਰੋ ਬਤਾਂਵਦੇ ਸੀ।
ਸੋਹਣ ਸਿੰਘ ਤੇ ਸਿੰਘ ਕਰਤਾਰ ਸਮਝੋ, ਸੋਹਣੇ ਉਠ ਕੇ ਹੱਥ ਦਖਾਂਵਦੇ ਸੀ।
ਜਗਤ ਰਾਮ ਤੇ ਸਿੰਘ ਸੰਤੋਖ ਭਾਈ, ਪਾਸ ਮਤੇ ਏਹ ਫੇਰ ਕਰਾਵਦੇ ਸੀ।

ਜੁਆਲਾ ਸਿੰਘ ਤੇ ਦੂਸਰਾ ਦਾਸ ਸਮਝੋ, ਕਈ ਵੀਰਾ ਦਾ ਦਿਲ ਉਲਟਾਂਵਦੇ ਸੀ।
ਊਧਮ ਸਿੰਘ ਤੇ ਕੇਸਰ ਜੀ ਸਿੰਘ ਭਾਈ, ਸੋਹਣੀ ਉਠ ਕੇ ਧੂੜ ਧੁਮਾਵਦੇ ਜੀ।
ਨੌਦ ਸਿੰਘ ਤੇ ਦੂਸਰੇ ਕੇਹਰ ਸਿੰਘ ਜੀ, ਕਈਆ ਨਾਲ ਇਹ ਬਹਿਸ-ਬਸਾਵਦੇ ਜੀ*।
ਬਿਸਨ ਸਿੰਘ ਤੇ ਕਾਂਸ਼ੀ ਜੀ ਰਾਮ ਦੂਜਾ, ਹਰਨਾਮ ਸਿੰਘ ਨੂੰ ਨਾਲ ਰਲਾਵਦੇ ਜੀ।
ਹਜ਼ਾਰਾ ਸਿੰਘ ਤੇ ਮੁਨਸੀ ਜੀ ਰਾਮ ਸਮਝੋ, ਬਹਤ ਵੀਰਾਂ ਨੂੰ ਏਹ ਸਮਝਾਂਵਦੇ ਜੀ।
ਭਾਗ ਸਿੰਘ ਤੇ ਕਾਹਨ ਜੀ ਸਿੰਘ ਭਾਈ, ਸੋਹਣੇ ਸੋਚ ਗੁਰਮਤੇ ਪਕਾਵਦੇ ਸੀ।
ਸਾਰਾ ਦਿਨ ਹੀ ਜਲਸਾ ਸੀ ਖੂਬ ਰਿਹਾ, ਬਣਤਾਂ ਸੋਹਣੀਆ ਰਲ ਬਣਾਵਦੇ ਸੀ।
ਗੱਜ ਵੱਜ ਕੇ ਸਿੰਘ ਸੀ ਸੂਰਮੇ ਜੀ, ਦਿਲੋਂ ਮਰਨਾ ਜਾ ਮਾਰਨਾ ਚਾਂਹਵਦੇ ਸੀ।

ਕਈ ਉਠ ਕੇ ਜੋਧੇ ਸੀ ਉਸ ਜਗ੍ਹਾ, ਨਾਮ ਆਪਣਾ ਦਰਜ ਕਰਾਂਵਦੇ ਸੀ।
ਬਹਤ ਬਣ ਜੀ ਗਏ ਸਹੈਕ ਉਥੇ, ਮਿੰਬਰ ਬਣ ਕਈ ਨਾਮ ਲਖਾਂਵਦੇ ਸੀ।
ਮੁਲਕ ਮਲਿਆ ਆਣ ਕਰ ਗੋਰਿਆਂ ਨੇ, ਜੋਸ਼ ਵਿਚ ਆ ਮੁੱਛਾਂ ਨੂੰ ਤਾਂਵਦੇ ਸੀ।
ਵੇਖ ਕਰਨੀਆਂ ਸੂਰਮੇ ਉਸ ਜਗ੍ਹਾ, ਦਿਲ ਆਪਣੇ ਬਹੁਤ ਪਛਤਾਂਵਦੇ ਸੀ।
ਸਾਨੂੰ ਹੋ ਕੀ ਗਿਆ ਹੈ ਮੁਰਦਿਓ ਓਏ, ਕਈ ਵੀਰਾਂ ਨੂੰ ਟੁੰਬ ਜਗਾਵਦੇ ਸੀ।
ਆਪਾਂ ਮੁਲਕ ਵਿਸਾਰ ਵੈਰਾਨ ਕੀਤਾ, ਕਈ ਸੋਚ ਸਲਾਹ ਦੁੜਾਵਦੇ ਸੀ।
ਜਨਮ ਪਾਇ ਕੇ ਭਲਾ ਨਾ ਕੰਮ ਕੀਤਾ, ਦਿਲੋਂ ਸੋਚ ਕਰ ਨੀਵੀਆਂ ਪਾਵਦੇ ਸੀ।
ਦਿੱਤੇ ਨਾਮ ਲਿਖਾ ਸੀ ਬਹੁਤਿਆ ਨੇ, ਪਰਚਾਰ ਸੁਣਕਰ ਜੋਸ ਮੇਂ ਆਵਦੇ ਸੀ।
ਮਲਕ ਚਲ ਕਰ ਧੂੜ ਧੁਮਾ ਦਈਏ, ਸਾਰੇ ਵੀਰ ਕਚੀਚੀਆਂ ਖਾਵਦੇ ਸੀ।

* ਇਕ ਪਾਰਟੀ ਉਥੇ ਹੋਰ ਸੀ, ਜੋ ਦੇਸ ਸੇਵਾ ਮੇਂ ਰੋੜਾ ਅਟਕਾਦੀ ਸੀ ਉਸਕੇ ਸਾਥ ਬਹਿਸ ਏਹ ਦੋਵੇਂ ਵੀਰ ਸਦਾ ਕਰਦੇ ਸੀ।

ਏਹਨਾਂ ਜ਼ਾਲਮਾਂ ਮੁਲਖ 'ਚ ਕਹਿਰ ਕੀਤੈ, ਗੌਰਮਿੰਟ ਦਾ ਜ਼ੁਲਮ ਘਟਾਵਦੇ ਸੀ।
ਚੰਦਾ ਦਿਤਾ ਲਿਖਾ ਫਿਰ ਸਾਰਿਆਂ ਨੇ, ਡਾਲਾ ਵੀਰ ਫੇਰ ਕੱਠਾ ਕਰਾਂਵਦੇ ਸੀ।
ਜਤਨ ਹੋ ਰਿਹਾ ਮੁਲਕ ਦੇ ਭਲੇ ਦਾ ਜੀ, ਖੇਡ ਆਪ ਮਹਾਰਾਜ ਵਰਤਾਂਵਦੇ ਸੀ।
ਸੋਹਣੇ ਰਲਕੇ ਵੀਰਾਂ ਗੁਰਮਤੇ ਕੀਤੇ, ਪਰਚਾ ਕੱਢੀਏ ਬਣਤ ਬਣਾਵਦੇ ਸੀ।
ਆਸਾ ਵੀਰਾਂ ਦੀ ਗੁਰਾਂ ਨੇ ਪੂਰੀ ਕੀਤੀ, ਸੁਕਰ ਸਿੰਘ ਫਿਰ ਸਾਰੇ ਮਨਾਵਦੇ ਸੀ।
ਜਿਧਰ ਹਥ ਪੌਂਦੇ ਕੰਮ ਰਾਸ ਹੁੰਦਾ, ਸੋਹਣਾ ਰਲ ਫਿਰ ਸਾਥ ਨਿਭਾਂਵਦੇ ਸੀ।
ਸ਼ਾਮ ਪਈ ਫਿਰ ਵੀਰ ਸਲਾਹ ਕਰਕੇ, ਜਲਸਾ ਖ਼ਤਮ ਕਰ ਕੂਚ ਬੁਲਾਂਵਦੇ ਸੀ।
ਸਿੰਘ ਦਾਸ ਵਸਾਖ ਬਿਆਨਦਾ ਜੀ, ਅਡੋ ਅਡ ਫਿਰ ਘਰਾਂ ਨੂੰ ਜਾਂਵਦੇ ਸੀ।

ਸਟਾਕ ਟੌਣ ਮੇਂ ਵੀਰ ਗੁਰਮਤੇ ਕਰਕੇ, ਅਡੋ ਅਡ ਸੀ ਗਏ ਪੱਧਾਰ ਸੰਤੋ।
ਸੋਹਣ ਸਿੰਘ ਤੇ ਦੂਸਰੇ ਕੇਸਰ ਸਿੰਘ ਜੀ, ਸੋਹਣਾ ਏਹਨਾਂ ਦਾ ਚਿਤ ਉਦਾਰ ਸੰਤੋ।
ਕਾਸ਼ੀ ਰਾਮ ਤੇ ਊਧਮ ਜੀ ਸਿੰਘ ਜਾਣੋ, ਭਾਗ ਸਿੰਘ ਸੀ ਨਾਲ ਹੋਸ਼ਿਆਰ ਸੰਤੋ।
ਕਰਤਾਰ ਸਿੰਘ ਜੀ ਛੇਵਾਂ ਜੀ ਨਾਲ ਏਹਨਾਂ, ਸਾਰੇ ਆਏ ਸੀ ਕਰ ਵੀਚਾਰ ਸੰਤੋ।
ਸਾਡੇ ਗਏ ਫਿਰ ਮਿਲ ਖਿਆਲ ਵੀਰੋ, ਸੋਹਣਾ ਹੋਇਆ ਫਿਰ ਸਾਡਾ ਪਿਆਰ ਸੰਤੋ।
ਕਈ ਦਿਨ ਫਿਰ ਕਠੇ ਜੀ ਰੈਹ ਕਰਕੇ, ਰਹੇ ਕਈ ਦਲੀਲਾਂ ਨੂੰ ਧਾਰ ਸੰਤੋ।
ਦਿਨੇ ਰਾਤ ਹੀ ਮੁਲਕ ਦੀ ਸੋਚ ਲਗੀ, ਨਾਲੇ ਰਹੇ ਸਾਂ ਨਾਮ ਚਤਾਰ ਸੰਤੋ।
ਜਿਵੇਂ ਮੁਲਕ ਦਾ ਵੀਰ ਜੀ ਭਲਾ ਹੋਵੇ, ਜੁਗਤ ਰਿਹਾ ਬਣਾ ਕਰਤਾਰ ਸੰਤੋ।
ਸੋਹਣਾ ਹੋਇਆ ਫਿਰ ਸਾਡਾ ਪ੍ਰੇਮ ਵੀਰੋ, ਕੀਤੀ ਦਇਆ ਸੀ ਸਿਰਜਨੇਹਾਰ ਸੰਤੋ।
ਦੂਜੇ ਆਏ ਸੀ ਮੁੜ ਵਿਕਟੋਰੀਆ ਨੂੰ, ਏਧਰ ਬਹੁਤ ਸੀ ਕਾਰ ਵਿਹਾਰ ਸੰਤੋ।

ਜੇਹੜੇ ਗਏ ਕਮੇਟੀ ਬਣਾ ਏਥੇ, ਆਣ ਉਸਦਾ ਕੀਤਾ ਸੁਧਾਰ ਸੰਤੋ।

ਸੋਹਣ ਸਿੰਘ ਤੇ ਦੂਜੇ ਕਰਤਾਰ ਸਿੰਘ ਜੀ, ਸਾਡੇ ਪਾਸ ਏਹ ਰਹੇ ਬਲਹਾਰ ਸੰਤੋ।

ਸੋਹਣ ਸਿੰਘ ਜੀ ਜਾ ਕਰ ਦੂਰ ਨੇੜੇ, ਕਰਦੇ ਸਿੰਘਾਂ ਨੂੰ ਜਾ ਤਿਆਰ ਸੰਤੋ।

ਜ਼ਾਲਮ ਜ਼ੁਲਮ ਜੋ ਰਹੇ ਕਮਾ ਵੀਰੋ, ਦਸ ਰਹੇ ਸੀ ਜਾ ਨਿਤਾਰ ਸੰਤੋ।

ਸੁੰਦਰ ਵੀਰ ਜੀ ਜਾ ਵਿਚਾਰ ਦੱਸਕੇ, ਕਰਦੇ ਸਿੰਘਾਂ ਦਾ ਚਿਤ ਓਦਾਰ ਸੰਤੋ।

ਸਿੰਘ ਦਾਸ ਵਸਾਖ ਦੀ ਬੇਨਤੀ ਜੀ, ਕਰੇ ਮੇਹਰ ਜੀ ਆਪ ਦਾਤਾਰ ਸੰਤੋ।

¤ ¤ ¤

# 14.

## ਅੰਡੇਮਾਨ ਦਾ ਕੁੰਭੀ ਨਰਕ[1]

ਅੰਡੇਮਾਨ ਵਿਚ ਡਾਕੂ ਨੇ ਤਿੰਨ ਵੱਡੇ, ਸੀ.ਸੀ.[2] ਮਰੇ[3] ਤੇ ਬੈਰੀ[4] ਪਛਾਣ ਤਿੰਨੇ।
ਰਹੇ ਖ਼ੂਨ ਨਿਚੋੜ ਨੇ ਕੈਦੀਆ ਦਾ, ਇਕ ਦੂਜਿਉਂ ਵੱਧ ਬੇ ਈਮਾਨ ਤਿੰਨੇ।
ਜੋ ਚਾਹੁੰਦੇ ਜ਼ੁਲਮ ਨੇ ਕਰੀ ਜਾਂਦੇ, ਬੇਰਹਿਮ, ਬੇਸ਼ਰਮ ਸੈਤਾਨ ਤਿੰਨੇ।
ਅਖੀਂ ਵੇਖਿਆ ਸਿੰਘ ਵਸਾਖ ਲਿਖਿਆ, ਜਾਨ ਕੈਦੀਆਂ ਦੀ ਪਏ ਖਾਣ ਤਿੰਨੇ।

ਖ਼

[੧ ਦਸੰਬਰ ੧੯੧੫ ਦੌਰਾਨ ਪਹਿਲੇ ਕੇਸ ਦੇ, ੪੦ ਗ਼ਦਰੀ ਦੇਸ਼ ਭਗਤ ਅੰਡੇਮਾਨ ਪਹੁੰਚੇ, ਉਹਨਾ ਨੇ ਉਥੋਂ ਦੇ ਹਾਲਾਤ ਦਾ ਪਹਿਲਾ ਹੀ ਪਤਾ ਸੀ। ਉਹਨਾ ਨੇ ਜਹਾਜ਼ ਤੇ ਹੀ ਇਕਠੇ ਮੀਟਿੰਗ ਕਰਕੇ ਰਾਹ ਵਿਚ ਹੀ ਮਤਾ ਪਕਾਇਆ ਕਿ -"ੳ) ਮਸ਼ਕਤ ਕੀਤੀ ਜਾਏ ਪਰ ਜੋ ਵਿਤੋਂ ਬਾਹਰੀ ਨਾ ਹੋਵੇ, ਅ) ਜੇਲ੍ਹ ਕਰਮਚਾਰੀਆ ਨਾਲ ਸਲੀਕੇ ਨਾਲ ਵਿਹਾਰ ਕੀਤਾ ਜਾਏ, ਪਰ ਜੇ ਕੋਈ ਕਰਮਚਾਰੀ ਨਾਜਾਇਜ਼ ਬੇਇਜ਼ਤੀ ਕਰੇ ਤਾ ਉਹਦਾ ਮੁਕਾਬਲਾ, ਕੌਮੀ ਅਣਖ ਨੂੰ ਵੰਗਾਰ ਸਮਝ ਕੇ ਕੀਤਾ ਜਾਏ ਅਤੇ ੲ) ਜੇਲ੍ਹ ਵਿਚ ਕੋਈ ਵੀ ਚੀਜ਼ ਬਾਹਰੋਂ ਚੋਰੀ ਮੰਗਵਾਕੇ ਨਾ ਵਰਤੀ ਜਾਏ ਕਿਉਂਕਿ ਇਸ ਨਾਲ ਕੌਮੀ ਤੇ ਪਾਰਟੀ ਵਕਾਰ ਨੂੰ ਠੇਸ ਪਹੁੰਚਦੀ ਹੈ।" ਪਰ ਇਸ ਅਣਖੀਲੇ ਵਤੀਰੇ ਦੀ ਜੋ ਕੀਮਤ ਇਹਨਾਂ ਨੂੰ ਚੁਕਾਉਣੀ ਪਈ, ਉਹਦੀ ਕੁਝ ਕੁ ਝਲਕ ਅਗਲੇ ਪੰਨਿਆ ਵਿਚ ਮਿਲਦੀ ਹੈ (ਫੋਟੋ ਸੈਲੂਲਰ ਜੇਲ੍ਹ ਪੰਨਾ ੧੩੪)

੨ Chief Commissioner

੩ Jail Superintendent Murrey

੪ Jailor – Berry – ਸੰਪਾਦਕ]

## ਦਸੰਬਰ ੧੯੧੫ ਦੌਰਾਨ
## ਕਾਲੇ ਪਾਣੀ ਪਹੁੰਚਣ ਵਾਲੇ ਗ਼ਦਰੀ ਦੇਸ਼ ਭਗਤ ਬੰਦੀ

| ਲੜੀ ਨੰ: | ਨਾਂ | ਪਿਤਾ ਦਾ ਨਾਂ | ਪਤਾ |
|---|---|---|---|
| ੧ | ਭਾਈ ਬਲਵੰਤ ਸਿੰਘ | ਸ੍ਰੀ ਮੀਰ ਸਿੰਘ | ਸਠਿਆਲਾ, ਅੰਮ੍ਰਿਤਸਰ |
| ੨ | ਭਾਈ ਕਾਲਾ ਸਿੰਘ | ਸ੍ਰੀ ਗੁਲਾਬ ਸਿੰਘ | ਅੰਮ੍ਰਿਤਸਰ |
| ੩ | ਭਾਈ ਕੇਸਰ ਸਿੰਘ | ਸ੍ਰੀ ਭੂਪ ਸਿੰਘ | ਠੱਠਗੜ੍ਹ, ਅੰਮ੍ਰਿਤਸਰ |
| ੪ | ਭਾਈ ਖੁਸਾਲ ਸਿੰਘ | ਸ੍ਰੀ ਸੁਚੇਤ ਸਿੰਘ | ਪੱਧਰੀ, ਅੰਮ੍ਰਿਤਸਰ |
| ੫ | ਭਾਈ ਸਾਉਣ ਸਿੰਘ | ਸ੍ਰੀ ਖੁਸ਼ਾਲ ਸਿੰਘ | ਚੱਬਾ, ਅੰਮ੍ਰਿਤਸਰ |
| ੬ | ਭਾਈ ਸੋਹਨ ਸਿੰਘ | ਸ੍ਰੀ ਕਰਮ ਸਿੰਘ | ਭਕਨਾ, ਅੰਮ੍ਰਿਤਸਰ |
| ੭ | ਭਾਈ ਵਸਾਵਾ ਸਿੰਘ | ਸ੍ਰੀ ਮੀਹਾ ਸਿੰਘ | ਗਿਲਵਾਲੀ, ਅੰਮ੍ਰਿਤਸਰ |
| ੮ | ਭਾਈ ਹਰਨਾਮ ਸਿੰਘ | ਸ੍ਰੀ ਗੁਰਦਿੱਤ ਸਿੰਘ | ਕੋਟਲਾ, ਹੁਸ਼ਿਆਰਪੁਰ |
| ੯ | ਭਾਈ ਜਗਤ ਰਾਮ | ਸ੍ਰੀ ਦਿੱਤੂ ਮਲ | ਹਰਿਆਣਾ, ਹੁਸਿਆਰਪੁਰ |
| ੧੦ | ਭਾਈ ਹਿਰਦੇ ਰਾਮ | ਸ੍ਰੀ ਗੱਜਣ ਸਿੰਘ | ਮੰਡੀ, ਮੰਡੀ ਰਿਆਸਤ |
| ੧੧ | ਭਾਈ ਨਿਧਾਨ ਸਿੰਘ | ਸ੍ਰੀ ਸੁੰਦਰ ਸਿੰਘ | ਚੁੱਘਾ, ਫੀਰੋਜ਼ਪੁਰ |
| ੧੨ | ਭਾਈ ਪਰਮਾਨੰਦ | ਸ੍ਰੀ ਤਾਰਾ ਚੰਦ | ਕੜਿਆਲ ਜਿਹਲਮ |
| ੧੩ | ਭਾਈ ਪਰਮਾਨੰਦ | ਸ੍ਰੀ ਗਇਆ ਪ੍ਰਸਾਦ | ਸੁਕਰਾਦਾ ਖਰਕਾ, ਹਮੀਰਪੁਰ |
| ੧੪ | ਭਾਈ ਪ੍ਰਿਥਵੀ ਸਿੰਘ | ਸ੍ਰੀ ਸ਼ਾਦੀ ਸਿੰਘ | ਲਾਲੜੂ, ਰਿਆਸਤ ਪਟਿਆਲਾ |
| ੧੫ | ਭਾਈ ਰਾਮਸਰਨ ਦਾਸ | ਸ੍ਰੀ ਸੰਤ ਰਾਮ | ਕਪੂਰਥਲਾ, ਰਿਆਸਤ ਕਪੂਰਥਲਾ |
| ੧੬ | ਭਾਈ ਬਿਸਨ ਸਿੰਘ | ਸ੍ਰੀ ਜਵਾਲਾ ਸਿੰਘ | ਦਦੇਹਰ, ਅੰਮ੍ਰਿਤਸਰ |
| ੧੭ | ਭਾਈ ਬਿਸ਼ਨ ਸਿੰਘ | ਸ੍ਰੀ ਕੇਸਰ ਸਿੰਘ | ਦਦੇਹਰ, ਅੰਮ੍ਰਿਤਸਰ |
| ੧੮ | ਭਾਈ ਹਜ਼ਾਰਾ ਸਿੰਘ | ਸ੍ਰੀ ਬੇਲਾ ਸਿੰਘ | ਦਦੇਹਰ, ਅੰਮ੍ਰਿਤਸਰ |
| ੧੯ | ਭਾਈ ਜਵਾਲਾ ਸਿੰਘ | ਸ੍ਰੀ ਘਨੱਈਆ ਸਿੰਘ | ਠੱਠੀਆਂ, ਅੰਮ੍ਰਿਤਸਰ |
| ੨੦ | ਭਾਈ ਲਾਲ ਸਿੰਘ | ਸ੍ਰੀ ਮੀਹਾ ਸਿੰਘ | ਭੂਰੇ, ਅੰਮ੍ਰਿਤਸਰ |
| ੨੧ | ਭਾਈ ਮੰਗਲ ਸਿੰਘ | ਸ੍ਰੀ ਸਰਮੁਖ ਸਿੰਘ | ਲਾਲਪੁਰ, ਅੰਮ੍ਰਿਤਸਰ |
| ੨੨ | ਭਾਈ ਸੇਰ ਸਿੰਘ | ਸ੍ਰੀ ਕੇਸਰ ਸਿੰਘ | ਵੇਈਂ ਪੂਈਂ, ਅੰਮ੍ਰਿਤਸਰ |
| ੨੩ | ਭਾਈ ਊਧਮ ਸਿੰਘ | ਸ੍ਰੀ ਮੇਵਾ ਸਿੰਘ | ਕਸੇਲ, ਅੰਮ੍ਰਿਤਸਰ |
| ੨੪ | ਭਾਈ (ਸੰਤ) ਵਸਾਖਾ ਸਿੰਘ | ਸ੍ਰੀ ਦਿਆਲ ਸਿੰਘ | ਦਦੇਹਰ, ਅੰਮ੍ਰਿਤਸਰ |

| | | | |
|---|---|---|---|
| ੨੫ | ਭਾਈ ਚੂਹੜ ਸਿੰਘ | ਸ੍ਰੀ ਬੂਟਾ ਸਿੰਘ | ਲੀਲਾਂ, ਲਧਿਆਣਾ |
| ੨੬ | ਭਾਈ ਗੁਰਮੁਖ ਸਿੰਘ | ਸ੍ਰੀ ਹੁਸ਼ਨਾਕ ਸਿੰਘ | ਲਲਤੋਂ, ਲੁਧਿਆਣਾ |
| ੨੭ | ਭਾਈ ਇੰਦਰ ਸਿੰਘ | ਸ੍ਰੀ ਆਲਾ ਸਿੰਘ | ਮਾਲ੍ਹਾ, ਲਧਿਆਣਾ |
| ੨੮ | ਭਾਈ ਭਾਨ ਸਿੰਘ | ਸ੍ਰੀ ਸਾਵਨ ਸਿੰਘ | ਸੁਨੇਤ, ਲੁਧਿਆਣਾ |
| ੨੯ | ਭਾਈ ਰੋੜਾ ਸਿੰਘ | ਸ੍ਰੀ ਵਸਾਵਾ ਸਿੰਘ | ਰੋਡੇ, ਮੋਗਾ |
| ੩੦ | ਭਾਈ ਕਿਹਰ ਸਿੰਘ | ਸ੍ਰੀ ਨਿਹਾਲ ਸਿੰਘ | ਮਰਹਾਨਾ, ਅੰਮ੍ਰਿਤਸਰ |
| ੩੧ | ਭਾਈ ਗੁਰਦਿੱਤ ਸਿੰਘ | ਸ੍ਰੀ ਗੁਰਮੁਖ ਸਿੰਘ | ਸੁਰ ਸਿੰਘ, ਅੰਮ੍ਰਿਤਸਰ |
| ੩੨ | ਭਾਈ ਇੰਦਰ ਸਿੰਘ | ਸ੍ਰੀ ਗੰਡਾ ਸਿੰਘ | ਭਸੀਣ, ਅੰਮ੍ਰਿਤਸਰ |
| ੩੩ | ਭਾਈ ਇੰਦਰ ਸਿੰਘ | ਸ੍ਰੀ ਮੂਲਾ ਸਿੰਘ | ਸੁਰ ਸਿੰਘ, ਅੰਮ੍ਰਿਤਸਰ |
| ੩੪ | ਭਾਈ ਜਵੰਦ ਸਿੰਘ | ਸ੍ਰੀ ਉਤਮ ਸਿੰਘ | ਸੁਰ ਸਿੰਘ, ਅੰਮ੍ਰਿਤਸਰ |
| ੩੫ | ਭਾਈ ਕਾਲਾ ਸਿੰਘ | ਸ੍ਰੀ ਘਸੀਟਾ ਸਿੰਘ | ਸੁਰ ਸਿੰਘ, ਅੰਮ੍ਰਿਤਸਰ |
| ੩੬ | ਭਾਈ ਮਦਨ ਸਿੰਘ | ਸ੍ਰੀ ਮੱਲ ਸਿੰਘ | ਗਾਗਾ, ਲਾਹੌਰ |
| ੩੭ | ਭਾਈ ਪਿਆਰਾ ਸਿੰਘ | ਸ੍ਰੀ ਲੱਖਾ ਸਿੰਘ | ਲੰਗੇਰੀ, ਹੁਸਿਆਰਪੁਰ |
| ੩੮ | ਭਾਈ ਸਿਵ ਸਿੰਘ | ਸ੍ਰੀ ਮੁਨਸ਼ੀ ਸਿੰਘ | ਕੋਟਲਾ, ਹੁਸ਼ਿਆਰਪੁਰ |
| ੩੯ | ਭਾਈ ਰੂੜ ਸਿੰਘ | ਸ੍ਰੀ ਅਤਰ ਸਿੰਘ | ਚੂਹੜਚੱਕ, ਮੋਗਾ |
| ੪੦ | ਭਾਈ ਰੁਲੀਆ ਸਿੰਘ | ਸ੍ਰੀ ਜਗਤ ਸਿੰਘ | ਸਰਾਭਾ, ਲੁਧਿਆਣਾ |

→ ਸੰਪਾਦਕ।

## ਕਾਲੇ ਪਾਣੀ ਦੀਆਂ ਬੀਮਾਰੀਆਂ ਤੇ ਔਕੜਾਂ

ਕਾਲੇ ਪਾਣੀ ਦੀ ਆਬੋ ਹਵਾ ਗੰਦੀ, ਹੋ ਜਾਂਵਦੀ ਬਹੁਤ ਹੈ ਲਿਫ ਉਥੇ।
ਖਾਂਸੀ ਆਣ ਬੁਖਾਰ ਹੈ ਜੋਰ ਪੈਂਦਾ, ਹੋ ਜਾਦੀ ਹੈ ਵੀਰੋ ਤਪਦਿਕ ਉਥੇ।
ਜਲ ਪੀਣ ਨੂੰ ਵਰਖਾ ਦਾ ਮਿਲੇ ਉਥੇ, ਕੈਦੀ ਹੋ ਰਹੇ ਹੈਨ ਜੀ ਡਿਕ ਉਥੇ।
ਹਿੰਦੀ ਵੀਰਾਂ ਨੂੰ ਮੁਲਖੋਂ ਲਿਜਾ ਕਰਕੇ, ਵਿਚ ਨਰਕ ਦੇ ਰਹੇ ਨੇ ਸਿਟ ਉਥੇ।

ਛੀਸਦੀ ਨਾ ਮੁੜਕੇ ਪੰਜ ਔਦੇ, ਜਗ੍ਹਾ ਜ਼ਾਲਮਾਂ ਲਈ ਜੋ ਇਕ ਉਥੇ।
ਸਾਡੇ ਅਠ* ਸੀ ਵੀਰ ਸ਼ਹੀਦ ਹੋਏ, ਡਾਹੀ ਜ਼ਾਲਮਾਂ ਸਾਹਮਣੇ ਹਿਕ ਉਥੇ।
ਗਾਲ ਰਹੇ ਨੇ ਕੈਦੀ ਪੁਰਾ ਉਥੇ, ਪਲਸ ਹਿੰਦੂ ਤੇ ਮੋਮਨ ਹੈ ਸਿਖ ਉਥੇ।
ਗੋਰੇ ਪੁਲਸ ਦੇ ਰਹਿੰਦੇ ਨੇ ਚਾਰ ਸੌ ਜੀ, ਨਾਲ ਅਫ਼ਸਰਾਂ ਦੇ ਹੋਕੇ ਇਕਮਿਕ ਉਥੇ।
ਕਰੀਂ ਜਾਲਮਾ ਤੂੰ ਫਨਾਹ ਛੇਤੀ, ਜ਼ਾਲਮ ਜ਼ੁਲਮ ਕਮਾਂਵਦੇ ਨਿਤ ਉਥੇ।
ਰੱਬਾ ਮੁਲਖ ਨੂੰ ਲਿਆ ਤੂ ਮੋੜ ਛੇਤੀ, ਅੰਡੇਮਾਨ ਦੇ ਵਿਚ ਜੇ ਵੀਰ ਉਥੇ।
ਸੇਵਾਦਾਰ ਵਸਾਖ ਨੂੰ ਦਰਸ ਦੇਵੀਂ, ਮੈਨੂੰ ਦਰਸ ਦੀ ਰਹੀ ਸੀ ਸਿਕ ਉਥੇ।

¤ ¤ ¤

[* (ਵੇਖਵਾ ਪੰਨਾ ੧੫; ਫੁਟਨੋਟ ੧-੮)। — ਸੰਪਾਦਕ]

# 15.

## ਕਾਲੇ ਪਾਣੀ ਮੇਂ ਕਮੇਟੀ* ਨਾਲ ਸਾਡੇ ਬਚਨ

ਅੰਡੇਮਾਨ ਫਿਰ ਵੀਰੋ ਕਮੇਟੀ ਪਹੁੰਚੀ, ਅਸਾਂ ਉਸਨੂੰ ਜੁਲਮ ਦਤਾਇਆ ਸੀ।
ਵਰਤੇ ਕਹਿਰ ਜੋ ਅੰਡੇਮਾਨ ਅੰਦਰ, ਚੰਗੀ ਤਰ੍ਹਾਂ ਫਿਰ ਅਸਾਂ ਬਤਾਇਆ ਸੀ।
ਸੱਤ ਚਿੱਠੀਆਂ ਦਿਤੀਆ ਲਿਖ ਕਰਕੇ, ਹੱਛੀ ਤਰ੍ਹਾਂ ਵਿਚ ਜੁਲਮ ਲਖਾਇਆ ਸੀ।
ਜ਼ਾਲਮ ਜ਼ੁਲਮ ਜੋ ਰੋਜ਼ ਕਮਾ ਰਹੇ ਸੀ, ਬੋਲ ਮੁਖੋਂ ਭੀ ਕਹਿ ਸੁਣਾਇਆ ਸੀ।
ਵਰਤੇ ਜੁਲਮ ਜੋ ਦਸੇ ਕਮੇਟੀ ਨੂੰ ਜੀ, ਹਾਂ ਉਨ੍ਹਾਂ ਦੇ ਮੁਖੋਂ ਕਰਾਇਆ ਸੀ।
ਅਖੀਰ ਨਿਬੜੀ ਏਹੋ ਸੀ ਬਾਤ ਵੀਰੇ, ਕਾਲਾ ਪਾਣੀ ਫਿਰ ਅਸਾ ਤੁੜਾਇਆ ਸੀ।
ਗੌਰਮਿੰਟ ਫਿਰ ਫੈਸਲੇ ਕਰ ਸਾਰੇ ਨਸਰ ਵਿਚ ਅਖਬਾਰਾਂ ਕਰਾਇਆ ਸੀ।
ਅੰਡੇਮਾਨ ਹੈ ਅਸਾਂ ਨੇ ਤੋੜ ਦਿਤਾ, ਗੌਰਮਿੰਟ ਐਲਾਨ ਕਢਾਇਆ ਸੀ।
ਥੋੜ੍ਹੇ ਕੈਦੀ ਭੀ ਮੁਲਖ ਭਿਜਵਾਏ ਉਥੋਂ, ਟਟ ਗਿਆ ਜੁ ਨਜ਼ਰ ਫਿਰ ਆਇਆ ਸੀ।
ਪਿਛੋਂ ਸੋਚ ਵਿਚਾਰ ਫਿਰ ਜਾਲਮਾ ਨੇ, ਨਵਾ ਹੋਰ ਹੀ ਢੰਗ ਅਪਣਾਇਆ ਸੀ।
ਅੰਡੇਮਾਨ ਵਿਚ ਜਾਲ ਵਛਾਏ ਮਿਠੇ, ਹਿੰਦੀ ਵੀਰਾਂ ਨੂੰ ਉਥੇ ਵਰਗਲਾਇਆ ਸੀ।

[* ਹਿੰਦੋਸਤਾਨ ਦੀ ਸਰਕਾਰ ਨੇ ੨੮ ਅਪ੍ਰੈਲ, ੧੯੧੯ ਨੂੰ "ਇੰਡੀਅਨ ਜੇਲ੍ਹਜ਼ ਕਮੇਟੀ" ਦਾ ਗੱਠਨ ਕੀਤਾ ਸੀ ਜਿਸ ਨੇ ਸਾਰੇ ਜੇਲ੍ਹ ਸਿਸਟਮ ਖ਼ਾਸ ਕਰਕੇ ਅੰਡੇਮਾਨ ਦਾ ਜਾਇਜ਼ਾ ਲੈਣਾ ਸੀ। ਇਹ ਕਮੇਟੀ ਜਨਵਰੀ ੧੯੨੦ ਦੌਰਾਨ ਅੰਡੇਮਾਨ ਗਈ ਸੀ। ਇਸਨੇ ਅੰਡੇਮਾਨ ਦੀ ਜੇਲ੍ਹ ਨੂੰ ਬੰਦ ਕਰਣ ਦੀ ਸਿਫ਼ਾਰਸ਼ ਕੀਤੀ ਸੀ। — ਸੰਪਾਦਕ]

ਆਖ ਵੇਖ ਕੇ ਕੈਦੀਆ ਹਿੰਦੀਆਂ ਨੂੰ, ਝੂਠੇ ਲਾਲਚਾਂ ਵਿਚ ਫਸਾਇਆ ਸੀ।
ਤੁਹਾਨੂੰ ਅਮਕਾ ਫ਼ੈਦਾ ਅਸੀਂ ਦੇਈਏ ਸਾਰੇ ਕੈਦੀਆ ਮਗਰ ਲਗਾਇਆ ਸੀ।
ਅਸੀਂ ਸਾਰੇ ਹਾ ਏਥੇ ਹੀ ਰਹਿਣਾ ਚਾਹੁੰਦੇ, ਹਿੰਦੀ ਕੈਦੀਆਂ ਤੋਂ ਅਖਵਾਇਆ ਸੀ।
ਬਸ ਫੇਰ ਕੀ ਦਾਅ ਸੀ ਲਗ ਗਿਆ, ਏਹਨਾਂ ਜ਼ਾਲਮਾ ਲੋਣਾ ਜੋ ਚਾਹਿਆ ਸੀ।
ਅੰਡੇਮਾਨ ਫਿਰ ਤੋੜਨੋ ਰੋਕ ਲੀਤਾ, ਸਭ ਕੈਦੀ ਫਿਰ ਉਥੇ ਰਖਾਇਆ ਸੀ।
ਏਹਨਾ ਜ਼ਾਲਮਾ ਦਾ ਮਨਸ਼ਾ ਹੋਇਆ ਪੂਰਾ, ਕਿਸੇ ਏਹਨਾ ਨੂੰ ਨਾ ਅਟਕਾਇਆ ਸੀ।
ਅਗੇ ਵਾਗ ਹੀ ਏਹ ਨੇ ਜ਼ੁਲਮ ਕਰਦੇ, ਰਖ ਕੈਦੀ ਸਭ ਓਥੇ ਖਪਾਇਆ ਸੀ।
ਹਣ ਲਿਖ ਤੂੰ ਅਗਲਾ ਹਾਲ ਭਾਈ, ਤੇਰੇ ਨਾਲ ਜੋ ਕਹਿਰ ਵਰਤਾਇਆ ਸੀ।
ਸੇਵਾਦਾਰ ਵਸਾਖ ਤੇ ਦਇਆ ਕਰਨੀ, ਸਰਨ ਆਪਦੀ ਤਕ ਮੈਂ ਆਇਆ ਸੀ।

ਜਲਾਵਤਨ ਕਰ ਜ਼ਾਲਮਾਂ ਕਸਰ ਕਢੀ, ਪਿਛੋਂ ਮਲਕ* ਵੀ ਸਾਨੂੰ ਭਲਾਇਆ ਸਮਝੋ।
ਕਰਦੇ ਮੇਹਰ ਜਦ ਗੁਰ ਦਿਆਲ ਹੋ ਕੇ, ਤਦੋਂ ਦਖ ਮੇਂ ਨਾਮ ਧਿਆਇਆ ਸਮਝੋ।
ਸਾਡੇ ਸੀਸ ਸਨ ਜ਼ਾਲਮਾ ਚੂਰ ਕੀਤੇ, ਗਰਾ ਸਿਦਕ ਸੀ ਵਾਹਵਾ ਰਖਾਇਆ ਸਮਝੋ।
ਦੇਵੀਂ ਆਣ ਦੀਦਾਰ ਮਹਾਰਾਜ ਛੇਤੀ, ਜਿਵੇਂ ਭਗਤਾਂ ਨੂੰ ਦਰਸ ਦਿਖਾਇਆ ਸਮਝੋ।
ਸਿੰਘ ਦਾਸ ਵਸਾਖ ਨੂੰ ਬਖਸ ਲੈਣਾ, ਜਿਵੇਂ ਭਗਤਾਂ ਨੂੰ ਪਾਰ ਲੰਘਾਇਆ ਸਮਝੋ।

¤ ¤ ¤

* ਹਿੰਦੋਸਤਾਨ ਅੰਦਰ ਇਹਨਾ ਅਤਿਆਚਾਰਾ ਬਾਰੇ ਕੋਈ ਚਰਚਾ ਨਹੀਂ ਸੀ ਹੋ ਰਹੀ। — ਸੰਪਾਦਕ|

# 16.

## ਮਾਸਟਰ ਚਤਰ ਸਿੰਘ ਜੀ* ਜ਼ਿੰਦਾ ਸ਼ਹੀਦ

ਹਾਲ ਲਿਖੂ ਮੈ ਦੂਸਰਾ ਫੇਰ ਵੀਰੋ, ਚਤਰ ਸਿੰਘ ਦਾ ਪਹਿਲਾਂ ਲਿਖਾਏ ਦੇਵਾਂ।
ਮਾਸਟਰ ਚਤਰ ਸਿੰਘ ਕਰਨੀਆ ਕੀਤੀਆ ਜ, ਸਾਰੇ ਵੀਰਾ ਨੂੰ ਹੁਨ ਬਤਾਏ ਦੇਵਾ।
ਅੰਡੇਮਾਨ ਜੋ ਵੀਰ ਤੇ ਜੁਲਮ ਹੋਏ, ਪਿਆਰੇ ਵੀਰਾਂ ਨੂੰ ਮੈਂ ਸੁਨਾਏ ਦੇਵਾਂ।
ਜ਼ੁਲਮ ਜ਼ਾਲਮਾ ਦਾ ਸਿਦਕ ਵੀਰ ਜੀ ਦਾ, ਨਕਸ਼ਾ ਖਿਚ ਮੈਂ ਥੋੜ੍ਹਾ ਵਖਾਏ ਦੇਵਾਂ।
ਵਾਹ ਕਰਨੀਆਂ ਤੇਰੀਆਂ ਵੀਰ ਮੇਰੇ, ਤਵਾਰੀਖ ਵਿਚ ਦਰਜ ਕਰਾਏ ਦੇਵਾਂ।
ਅਕਾਲ ਪੁਰਖ ਵਸਾਖ ਤੇ ਦਇਆ ਕਰਨੀ, ਪਹਿਲੇ ਆਪ ਨੂੰ ਸੀਸ ਝੁਕਾਏ ਦੇਵਾ।

ਤਥਾ

ਪਤਾ ਵੀਰ ਜੀ ਆਪ ਨੂੰ ਸ਼ੈਦ ਹੋਵੇ ਜ਼ੁਲਮ ਜਾਲਮਾ ਜਦੋਂ ਕਮਾਇਆ ਸੀ।

---

[* ਮਾਸਟਰ ਚਤਰ ਸਿੰਘ, ਪਿੰਡ ਮਨੇਲੀ, ਨੇੜੇ ਚਮਕੌਰ ਸਾਹਿਬ, ਜ਼ਿਲਾ ਫਤਿਹਗੜ੍ਹ ਸਾਹਿਬ (ਜਨਮ ੧੮੮੯. ਸਹਗਵਾਸ ੩੧-੧੨-੧੯੬੩)। ਆਪ ੧੯੧੪ ਵਿਚ ਖਾਲਸਾ ਸਕੂਲ ਲਾਇਲਪੁਰ ਮਾਸਟਰ ਸਨ। ਕੌਮੀ ਨਿਰਾਦਰੀ ਦਾ ਬਦਲਾ ਲੈਣ ਲਈ ਖਾਲਸਾ ਕਾਲਜ ਅੰਮ੍ਰਿਤਸਰ ਦੇ ਅੰਗਰੇਜ਼ ਪ੍ਰਿੰਸੀਪਲ ਤੇ ਹਮਲੇ ਲਈ ਗਏ, ਪਰ ਗ਼ਲਤੀ ਨਾਲ ਇਕ ਹੋਰ ਗੋਰੇ ਪਰਫੈਸਰ ਨੂੰ ਜ਼ਖਮੀ ਕਰ ਦਿੱਤਾ। ਇਹ ਵਾਕਿਆ ੧੬ ਦਸੰਬਰ, ੧੯੧੪ ਦਾ ਹੈ। ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਪਾਕੇ ਲਾਹੌਰ ਸੈਂਟਰਲ ਜੇਲ੍ਹ ਭੇਜੇ ਗਏ। ਟੋਪੀ ਪਾਉਣ ਲਈ ਮਜਬੂਰ ਕੀਤਾ ਗਿਆ, ਇਹਨਾ ਮੁਕਾਬਲਾ ਕੀਤਾ, ਜਬਰ ਹੋਇਆ, ਤੇ ਇਹਨਾ ਨੂੰ ਅੰਬਾਲੇ ਜੇਲ੍ਹ ਵਿਚ ਭੇਜ ਦਿੱਤਾ। ਪਿਛੋਂ ਗ਼ਦਰੀ ਕੈਦੀਆ ਨਾਲ ਅੰਡੇਮਾਨ ਭੇਜ ਦਿੱਤਾ ਗਿਆ। ਸਾਰਿਆ ਨੇ ਇਹਨਾ ਨੂੰ ਸਮਝਾਇਆ ਕਿ ਤੁਸੀਂ ਅਗੇ, ਲਾਹੌਰ ਜੇਲ੍ਹ 'ਚ ਹੀ ਬਹੁਤ ਕਸ਼ਟ ਝੇਲੇ ਹਨ, ਤੇ ਨਾਲੇ ਕਾਨੂੰਨੀ ਲਿਹਾਜ਼ ਨਾਲ ਵੀ ਤੁਸੀ ਵਖਰੇ ਕਰ ਕੇ ਸਜਾ ਪਾਈ ਹੈ - ਸੋ ਤੁਸੀਂ ਸਾਡੀ ਚਿੰਤਾ ਨਾ ਕਰੋ ਪਰ ਜਿਵੇਂ ਬਾਬਾ ਵਸਾਖਾ ਸਿੰਘ ਜੀ ਨੇ ਲਿਖਿਆ ਹੈ ਸੂਰਮੇ ਕਾਹਨੂੰ ਚੁਪ ਰਹਿ ਸਕਦੇ ਨੇ। ਦਾਸ ਨੇ ਪਿਛਲੇ ਦਿਨੀ ਇਹਨਾ ਦੇ ਪਰਵਾਰ ਨੂੰ ਭਾਲ ਕੇ ਇਹਨਾ ਦੀ ਫੋਟੋ ਹਾਸਲ ਕੀਤੀ ਹੈ (ਫੋਟੋ ਪੰਨਾ ੧੩੫) — ਸੰਪਾਦਕ]

ਗਰਦਵਾਰਾ ਜੋ ਦਿੱਲੀ ਦੇ ਵਿਚ ਵੀਰੋ, ਰਕਾਬ[1] ਗੰਜ ਨੂੰ ਪਾਪੀਆਂ ਢਾਇਆ ਸੀ।
ਕਾਨਪੁਰ ਦੀ ਵੀਰੋ ਮਸੀਤ ਤਾਈਂ, ਇਹਨਾਂ ਧੱਕੇ ਦੇ ਨਾਲ ਗਿਰਾਇਆ ਸੀ।
ਅੰਮ੍ਰਿਤਸਰ[2] ਦੇ ਸਰ ਦਾ ਜਲ ਭਾਈ, ਗੌਰਮਿੰਟ ਨੇ ਬੰਦ ਕਰਾਇਆ ਸੀ।
ਕਾਲਜ ਖਾਲਸਾ[3] ਤਾਈਂ ਸਮੇਟਣੇ ਨੂੰ, ਹੱਥ ਢੰਗ ਦੇ ਨਾਲ ਇਹਨਾ ਪਾਇਆ ਸੀ।
ਦੇਣ ਸਿਖਿਆ ਉਲਟੀ ਇਹ ਬੱਚਿਆ ਨੂੰ, ਇਹਨਾਂ ਨਵਾ ਹੀ ਢੰਗ ਅਪਨਾਇਆ ਸੀ।
ਵਾਧੇ ਜ਼ਾਲਮਾ ਬਹੁਤ ਸੀ ਹੋਰ ਕੀਤੇ, ਮਤਾ ਪਾਮਰਾ ਭੈੜਾ ਪਕਾਇਆ ਸੀ।
ਭਾਰਤਵਰਸ਼ ਨਾ ਜਿਸ ਤਰ੍ਹਾਂ ਉਠ ਸਕੇ, ਦੱਬੀ ਰਖੀਏ ਇਹਨਾਂ ਠਹਿਰਾਇਆ ਸੀ।
ਕੀਤੀ ਮਿਹਰ ਮਹਾਰਾਜ ਦਿਆਲ ਹੋਏ, ਟੁੰਬ ਸਤਿਗੁਰਾ ਸਾਨੂੰ ਜਗਾਇਆ ਸੀ।
ਤੱਤੀ ਤਵੀ ਤੇ ਬੈਠ ਪਾਤਸ਼ਾਹ ਪੰਜਵੇਂ, ਤੇਰਾ ਭਾਣਾ ਜੀ ਮੀਠਾ ਅਲਾਹਿਆ ਸੀ।
ਨਾਵੇਂ ਸਤਿਗੁਰਾ ਦਿੱਲੀ 'ਚ ਸੀਸ ਦੇਕੇ, ਸਾਕਾ ਧਰਮ ਦੇ ਹੇਤ ਵਰਤਾਇਆ ਸੀ।
ਕਠੇ ਅਸੀਂ ਅਮਰੀਕਾ ਦੇ ਵਿਚ ਹੋਏ, ਦਸਵਾਂ ਪਾਤਸਾਹ ਯਾਦ ਫਿਰ ਆਇਆ ਸੀ।
ਮਤੀ ਦਾਸ ਬਜ਼ੁਰਗ ਵੀ ਯਾਦ ਆਏ, ਸੀਸ ਆਰੇ ਦੇ ਨਾਲ ਚਿਰਾਇਆ ਸੀ।
ਕਟਵਾਏ ਬੰਦ ਸੀ ਮਨੀ ਸਿੰਘ ਭਾਈ, ਤਾਰੂ ਸਿੰਘ ਨਾ ਚਿਤ ਡੋਲਾਇਆ ਸੀ।
ਪੁਤਰ ਸਣੇ ਸੁਬੇਗ ਸਹੀਦ ਹੋਇਆ, ਮਤਾਬ ਮੱਸੇ ਦਾ ਸਿਰ ਲੈ ਆਇਆ ਸੀ।
ਬਾਬਾ ਸਿੰਘ ਫਿਰ ਦੀਪ ਜੀ ਯਾਦ ਆਏ, ਖੰਡਾ ਜਿਸ ਤਰ੍ਹਾਂ ਸੂਰਮੇ ਵਾਹਿਆ ਸੀ।

---

੧ ਵਾਇਸਰਾਏ ਭੁੱਵਨ ਜੋ ਹੁੰਨ ਰਾਸਟਰਪਤੀ ਭੁੱਵਨ ਕਹਾਉਂਦਾ ਹੈ, ਇਹਦੀ ਉਸਾਰੀ ਜਦੋ ੧੯੧੧-੧੨ ਦੌਰਾਨ ਹੋ ਰਹੀ ਸੀ ਤਾ ਇਹਦਾ ਚੌਗਿਰਦਾ ਮੋਕਲਾ ਕਰਣ ਲਈ ਗੁਰਦਵਾਰਾ ਰੱਕਾਬ ਗੰਜ ਸਾਹਿਬ ਦੀ ਬਾਹਰਲੀ ਕੰਧ ਢਾਹੁਣੀ ਸੁਰੂ ਕੀਤੀ ਗਈ, ਜਿਸਤੇ ਸਿੱਖ ਪੰਥ 'ਚ ਵਿਆਪਕ ਰੋਹ ਦੀ ਲਹਿਰ ਉਠ ਖੜੀ ਹੋਈ ਸੀ।

੨ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਵਿਤਰ ਸਰੋਵਰ ਦੀ ਜਲ ਸਪਲਾਈ ਸਰਕਾਰੀ ਮਹਿਕਮੇ ਨਹਿਰ ਵਲੋਂ ਹੁੰਦੀ ਸੀ, ਜੋ ਅਚਾਨਕ ਬਿਨਾ ਵਜ੍ਹਾ ਬੰਦ ਕਰ ਦਿਤੀ ਗਈ ਸੀ।

੩ ਸਿੱਖ ਪੰਥ ਅੰਦਰ ਇਹ ਧਾਰਨਾ ਚੱਲ ਰਹੀ ਸੀ ਕਿ ਅੰਗਰੇਜ਼ ਖਾਲਸਾ ਕਾਲਿਜ ਦੇ ਵਿਦਿਆਰਥੀਆ ਨੂੰ ਈਮਾਈ ਬਣਾਉਣ ਤੇ ਤੁਲੇ ਹੋਏ ਹਨ, ਇਸੇ ਲਈ, ਇਕ ਵੀ ਦੇਸੀ ਪਰੋਫੈਸਰ ਨਹੀਂ ਰੱਖਦੇ। — ਸੰਪਾਦਕ]

ਬਾਬੇ ਕੇਸਰੀ ਬਾਣਾ ਸਜਾਇਆ ਜਿਵੇਂ, ਗੁਰਬਖਸ਼ ਸਿੰਘ ਨਜ਼ਰ ਫਿਰ ਆਇਆ ਸੀ।
ਫੇਰ ਪੰਜਾਬ ਤੋਂ ਹਰੀ ਸਿੰਘ ਸੂਰੇ, ਦਬਦਬਾ ਜਿਵੇਂ ਬਠਾਇਆ ਸੀ।
ਅਸੀਂ ਉਨ੍ਹਾਂ ਦੇ ਪੁੱਤ ਤੇ ਪੋਤਰੇ ਹਾਂ, ਅਸਾਂ ਐਵੇਂ ਕਿਉਂ ਜਨਮ ਗਵਾਇਆ ਸੀ।
ਉਠੋ ਸੇਰੋ ਉਏ ਸੁਰਤ ਸੰਭਾਲ ਤੁਸੀਂ, ਤੁਸਾਂ ਐਵੇਂ ਕਿਉਂ ਵਕਤ ਖੁੰਝਾਇਆ ਸੀ।
ਮੁਲਕ ਚਲ ਕੇ ਮਰੀਏ ਜਾ ਮਾਰ ਦੇਈਏ, ਕਠੇ ਹੋ ਅਖਬਾਰ ਕਢਾਇਆ ਸੀ।
ਸਿੰਘ ਸੂਰਮੇ ਆਨ ਮੈਦਾਨ ਗੱਜੇ, ਸਭ ਸਿੰਘਾਂ ਨੇ ਮੁੱਛਾਂ ਨੂੰ ਤਾਇਆ ਸੀ।
ਜੰਗ ਯੌਰਪ ਦਾ ਫੇਰ ਸੀ ਸੁਰੂ ਹੋਇਆ, ਕੋਮਾਗਾਟਾ ਜਹਾਜ਼ ਮੁੜ ਆਇਆ ਸੀ।
ਜ਼ੁਲਮ ਪਿਛਲਾ ਵੇਖ ਸਾਂ ਤਪੇ ਹੋਏ, ਬੱਜ ਬੱਜ* ਨੇ ਹੋਰ ਤਪਾਇਆ ਸੀ।
ਕਠੇ ਹੋ ਫਿਰ ਅਸਾਂ ਗੁਰਮੱਤਾ ਕੀਤਾ, ਜ਼ੁਲਮ ਜਾਲਮਾਂ ਹੱਦ ਟਪਾਇਆ ਸੀ।
ਜਥੇ ਬੰਨ੍ਹ ਕੇ ਅਸੀਂ ਫਿਰ ਮੁਲਕ ਪਹੁੰਚੇ, ਕਈਆਂ ਵੀਰਾਂ ਨੂੰ ਆਨ ਸਮਝਾਇਆ ਸੀ।
ਰੌਲਾ ਮਚਿਆ ਆਣ ਫਿਰ ਮੁਲਖ ਅੰਦਰ, ਹਰ ਥਾਂ ਪਰਚਾਰ ਕਰਾਇਆ ਸੀ।

ਖਾਲਸਾ ਕਾਲਜ ਪਹੁੰਚੇ ਸਨ ਚਤਰ ਸਿੰਘ ਜੀ, ਕੰਮ ਮਾਸਟਰੀ ਛੱਡ ਛਡਾਇਆ ਸੀ।
ਜ਼ੁਲਮ ਹੋਂਵਦਾ ਵੇਖਿਆ ਸ਼ੇਰ ਸੂਰੇ, ਜੋਸ ਵਿਚ ਸਰੀਰ ਦੇ ਛਾਇਆ ਸੀ।
ਸੇਰ ਸੋਚਿਆ ਮਰਾ ਜਾਂ ਮਾਰ ਦੇਵਾਂ, ਐਵੇਂ ਰਹਿਣਾ ਨਾ ਸੇਰ ਨੂੰ ਭਾਇਆ ਸੀ।
ਹਥ ਲੈ ਗੰਡਾਸਾ ਫਿਰ ਸੇਰ ਸੂਰੇ, ਜ਼ਾਲਮ ਮਾਰਨ ਦਾ ਦਾਅ ਤਕਾਇਆ ਸੀ।
ਸਿੰਘ ਕੁਦ ਕੇ ਜਾ ਪਿਆ ਸ਼ੇਰ ਵਾਂਗੂੰ, ਵਾਰ ਉਹਨੇ ਗੰਡਾਸੇ ਦਾ ਵਾਹਿਆ ਸੀ।

[* ਕਲਕਤੇ ਦੀ ਉਹ ਬੰਦਰਗਾਹ ਜਿਥੇ ੨੯ ਸਤੰਬਰ, ੧੯੧੪ ਨੂੰ ਕੋਮਾਗਾਟਾ ਮਾਰੂ ਜਹਾਜ਼ ਦੇ ਕੈਨੇਡਾ ਤੋਂ ਨਮੋਸ਼ੀ ਖੱਟ ਕੇ ਪਰਤੇ ਹਿੰਦੀਆਂ ਦਾ ਗੋਲੀਆ ਨਾਲ "ਸਵਾਗਤ" ਕੀਤਾ ਗਿਆ ਸੀ। ਇਸ ਖੂਨੀ ਸਾਕੇ 'ਚ ੧੯ ਸ਼ਹੀਦ ਤੇ ਕਈ ਫਟੜ ਹੋਏ ਸੀ – ਸੰਪਾਦਕ]

ਜਦੋਂ ਵੇਖਿਆ ਸ਼ੇਰ ਨੇ ਉਹ ਨਾਹੀਂ,[੧] ਸੂਰਾ ਦਿਲ ਮੇਂ ਬਹੁਤ ਪਛਤਾਇਆ ਸੀ।
ਸ਼ੇਰ ਬੋਲਿਆ ਤੈਨੂੰ ਨਹੀਂ ਮਾਰਨਾ ਸੀ, ਮੈਂ ਤਾਂ ਦੂਸਰੇ ਵਾਸਤੇ ਆਇਆ ਸੀ।

ਕੁੱਤੇ ਖੈਰਖਾਹ ਲਾਂਭ ਤੋਂ ਪਏ ਬਹੁਤੇ, ਬੰਨ੍ਹ ਸਿੰਘ ਕਚਹਿਰੀ ਪੁਚਾਇਆ ਸੀ।
ਦਿੱਤਾ ਜ਼ਾਲਮਾ ਵੀਰ ਨੂੰ ਹੁਕਮ ਫਾਸੀ, ਵਕੀਲ ਸਿੰਘ ਦੇ ਪਿਤਾ ਕਰਾਇਆ ਸੀ।
ਫਾਂਸੀ ਤੋੜਕੇ ਉਮਰ ਫਿਰ ਕੈਦ ਕੀਤਾ, ਅੰਮ੍ਰਿਤਸਰੋਂ ਲਾਹੌਰ ਫਿਰ ਆਇਆ ਸੀ।
ਸਾਡਾ ਓਥੇ ਮਕੱਦਮਾ ਚਲਦਾ ਸੀ, ਰੱਬ ਜੇਲ੍ਹ ਮੇਂ ਵੀਰ ਮਿਲਾਇਆ ਸੀ।
ਟੋਪੀ ਸਿੰਘ ਨੂੰ ਦੇਵਦੇ ਪਹਿਨਣੇ ਨੂੰ, ਪਹਿਨੀ ਵੀਰ ਨਾ ਦੁਖ ਉਠਾਇਆ ਸੀ।
ਕੁਛ ਦਿਨ ਫਿਰ ਰਹੇ ਸੀ ਕੋਲ ਸਾਡੇ, ਫੇਰ ਜੇਲ੍ਹ ਅੰਬਾਲੇ ਪਚਾਇਆ ਸੀ।
ਜਦੋਂ ਸਾਡਾ ਮੁਕਦਮਾ ਨਿਬੜ ਚੁਕਾ, ਅੰਡੇਮਾਨ ਫਿਰ ਸਾਡੇ ਨਾਲ ਆਇਆ ਸੀ।
ਜਦੋਂ[੨] ਸਾਡੇ ਤੇ ਜੁਲਮ ਫਿਰ ਹੋਣ ਲਗਾ, ਅਸਾਂ ਆਖ ਅਲਹਿਦਾ ਰਖਵਾਇਆ ਸੀ।
ਭਲਾ ਸੂਰਮੇ ਕਦੋਂ ਪਿਛਾਹ ਰਹਿੰਦੇ, ਰੈਹਣਾ ਵੀਰ ਨਾ ਪਿਛੇ ਫਿਰ ਭਾਇਆ ਸੀ।
ਜਦੋਂ ਵੇਖਿਆ ਸਾਡੇ ਤੇ ਕਹਿਰ ਵਰਤੇ, ਸੁਪਰਡੰਟ ਨੂੰ ਆਖ ਸੁਣਾਇਆ ਸੀ।
'ਬਾਜ ਆ ਜੁਲਮ ਕਮਾ ਨਾਹੀਂ', ਸੁਪਰਡੰਟ ਨੂੰ ਆਖ ਸੁਣਾਇਆ ਸੀ।
ਸੁਪਰਡੰਟ ਨਾ ਕੋਈ ਪਰਵਾਹ ਕੀਤੀ, ਅਗੋਂ ਹਸ ਕੇ ਸਿਰ ਹਲਾਇਆ ਸੀ।
'ਟੁਮਰੇ' ਲਗਦੇ ਕੀ ਨੇ ਦੂਜੇ ਭਾਈ, ਤਾੜ ਫਾੜ ਕੇ ਸਰੀਂ ਵਖਾਇਆ ਸੀ।

---

੧ ਰਾਤ ਦੇ ਹਨੇਰੇ ਵਿਚ ਭੁਲੇਖੇ ਨਾਲ ਕਿਸੇ ਹੋਰ ਅੰਗਰੇਜ਼ ਪਰੋਫੈਸਰ ਤੇ ਹਮਲਾ ਕਰ ਦਿੱਤਾ।

੨ ਜਦ ਸਾਡੇ ਤੇ ਜਲਮ ਹੋਣ ਲਗਾ ਅਸਾ ਆਪ ਮਾਸਟਰ ਜੀ ਨੂੰ ਕਹਿ ਕਰ ਲਾਂਬੇ ਰਖਿਆ ਕਿਉਂਕਿ ਮਾਸਟਰ ਜੀ ਪਹਿਲੇ ਹੀ ਬਹੁਤ ਤਕਲੀਫ ਸਹਾਰ ਚੁੱਕੇ ਸਨ। ਜਦੋਂ ਏਹਨਾ ਨੂੰ ਟੋਪੀ ਲਾਹੌਰ ਦੇਂਦੇ ਸਨ ਤਦ ਮਾਸਟਰ ਜੀ ਪਹਿਨਦੇ ਨਹੀਂ ਸਨ, ਤਦੋਂ ਵੀ ਬਹੁਤ ਤਕਲੀਫ ਦਿੰਦੇ ਰਹੇ। ਫੇਰ ਕਾਲੇ ਪਾਣੀ ਵੀ ਔਂਦੇ ਸਾਰ ਏਹਨਾਂ ਤੇ ਜਰਬ ਪਹੁੰਚੀ ਸੀ, ਤਦ ਅਸਾਂ ਕਿਹਾ ਸੀ ਸਾਥੋਂ ਅਲੈਹਦਾ ਆਰਾਮ ਮੇਂ ਰਹੋ। ਪਰ ਸ਼ੇਰ ਕਦੋਂ ਆਰਾਮ ਕਰਦੈ। ਸਾਡੀ ਤਕਲੀਫ ਵੇਖ ਕਰ ਇਕ ਦਮ ਆਪਦਾ ਸੀਸ ਹੌਵਨ ਮੇਂ ਡਾਲ ਦੀਆ ਜੋ ਅਜੇ ਤੱਕ ਉਥੇ ਹੀ ਹਨ। ਧੰਨ ਸਿਖੀ!

ਸਿੰਘ ਪੀ ਗਿਆ ਵਿਚੇ ਹੀ ਵਿਚ ਗੁਸਾ, ਦਿਲੋਂ ਹੋਰ ਹੀ ਦਾਅ ਤਕਾਇਆ ਸੀ।
ਵਜ਼ਨ ਹੋਂਵਦਾ ਮਹੀਨੇ ਦੇ ਬਾਅਦ ਸੀ ਜੀ, ਫੇਰ ਨਵਾ ਮਹੀਨਾ ਚੜ੍ਹ ਆਇਆ ਸੀ।
ਅਸੀਂ ਸਾਰੇ ਤਾ ਕੋਠੀਆ ਬੰਦ ਸਾਂ ਜੀ, ਚਤਰ ਸਿੰਘ ਜੀ ਵਜ਼ਨ ਨੂੰ ਆਇਆ ਸੀ।
ਸੁਪਰਡੰਟ ਨੇ ਸਿੰਘ ਦਾ ਵਜ਼ਨ ਕੀਤਾ, ਵਜ਼ਨ ਲਿਖ ਕਰ ਟਿਕਟ ਫੜਾਇਆ ਸੀ।
ਤਦੋਂ ਸਿੰਘ ਨੇ ਤਕਿਆ ਹੁਣ ਮੌਕਾ, ਸੁਪਰਡੰਟ ਦੇ ਹੂਰਾ ਲਗਾਇਆ ਸੀ।
ਮਾਰ ਮਾਰ ਕੇ ਸਿੰਘ ਨੇ ਕਸਰ ਕੱਢੀ, ਸੁਪਰਡੰਟ ਨੂੰ ਉਥੇ ਹੀ ਢਾਹਿਆ ਸੀ।
ਵਾਹ ਸੂਰਮੇ ਰਖ ਵਖਾਈ ਸਿੰਘੋ, ਮਜ਼ਾ ਜੁਲਮ ਦਾ ਚੰਗਾ ਚਖਾਇਆ ਸੀ।
ਖੈਰਖਾਹ ਫਿਰ ਬਹੁਤ ਆ ਪਏ ਸੀ ਜੀ, ਸਾਡੇ ਵੀਰ ਨੂੰ ਮਾਰ ਸੁਟਾਇਆ ਸੀ
ਮਾਰ ਭੁੱਖ ਨੇ ਸ਼ੇਰ ਨੂੰ ਘੈਲ ਕੀਤਾ, ਸੇਰ ਪਿੰਜਰੇ ਪਾ ਸੁਕਾਇਆ ਸੀ।
ਸੇਵਾਦਾਰ ਵਸਾਖ ਖੁਦ ਨਾਲ ਸੀ ਜੀ, ਮੇਰਾ ਖੂਨ ਭੀ ਉਥੇ ਮੁਕਾਇਆ ਸੀ।

ੴ

## ਮਾਸਟਰ ਜੀ ਨੂੰ ਕੁੱਟ ਤੇ ਤਸੀਹੇ

ਗੁਮਟੀ ਵਿਚ ਸੀ ਮਾਸਟਰ ਨੂੰ ਮਾਰ ਰਹੇ, ਕੁਟ ਮਾਰ ਕੇ ਚੰਮ ਉਧੇੜਿਓ ਨੇ।
ਚਤਰ ਸਿੰਘ ਜੀ ਕੱਲੇ ਤੇ ਜ਼ਾਲਮ ਬਹੁਤੇ, ਸਿੰਘ ਸਾਹਿਬ ਨੂੰ ਮਾਰ ਕੇ ਗੇਰਿਓ ਨੇ।
ਕਈ ਕੇਸਾ ਦੀ ਕਰ ਬੇਅਦਬੀ ਰਹੇ, ਕਈਆ ਲਤਾਂ ਤੋਂ ਫੜ ਕਰ ਰੇੜ੍ਹਿਓ ਨੇ।
ਧੂਹ ਕਰ ਲੈ ਗਏ ਕੋਠੀ ਦੇ ਵਿਚ ਭਾਈ, ਸਾਥੋਂ ਕੱਲਾ ਹੀ ਵੀਰ ਨਖੇੜਿਓ ਨੇ।
ਚਤਰ ਸਿੰਘ ਹੀ ਜਾਣਦਾ ਉਹ ਵੇਲਾ, ਜਿਸ ਦੇ ਨਾਲ ਹਸਾਬ ਨਬੇੜਿਓ ਨੇ।
ਲਿਖ ਕਠੀ ਦਾ ਹਾਲ ਵਸਾਖ ਅਗੇ, ਜ਼ੁਲਮ ਕਰ ਜੋ ਪਾਪ ਸਹੇੜਿਓ ਨੇ।

ੴ

## ਕੋਠੀ ਦਾ ਹਾਲ

ਰੂ ਪਿੰਜਦਾ ਜਿਸ ਤਰ੍ਹਾ ਹੈ ਪੇਂਜਾ, ਐਸਾ ਚੂਰ ਕਰ ਕੋਠੀ ਮੇਂ ਡਾਰ ਦਿੱਤਾ।
ਬੇੜੀ ਪੈਹਲਾਂ ਹੀ ਵੀਰ ਨੂੰ ਲਗੀ ਸੀ ਜੀ, ਕੜੀ ਪੁਠੀ ਲਾ ਵੀਰ ਉਲਾਰ ਦਿੱਤਾ।
ਗੁਲੀ ਡੰਟਾ ਬਣਾ ਕਰ ਸੁਟਿਓ ਨੇ, ਬਾਹਰੋਂ ਕੋਠੀ ਨੂੰ ਜਿੰਦਰਾ ਮਾਰ ਦਿੱਤਾ।
ਕਈ ਦਿਨਾਂ ਤੱਕ ਖਾਣਾ ਨਾ ਦਿੱਤਾ ਵੀਰੋ, ਪਹਿਰਾ ਕੋਠੀ ਦੇ ਅਗੇ ਖਲ੍ਹਾਰ ਦਿੱਤਾ।
ਜਿਵੇਂ ਨਿਕਲ ਕਰ ਭੌਰ ਉਡਾਰ ਹੋਵੇ, ਐਸਾ ਜ਼ਾਲਮਾਂ ਕਰ ਵਿਹਾਰ ਦਿੱਤਾ।
ਕਈ ਦਿਨ ਫਿਰ ਅਸੀਂ ਰਹੇ ਵੇਖਦੇ ਜੀ, ਜਾਲਮ ਜ਼ੁਲਮ ਦਾ ਭਾਰ ਉਲਾਰ ਦਿੱਤਾ।
ਅਸੀਂ ਵੇਖ ਕਚੀਚੀਆ ਵੱਟਦੇ ਸਾਂ, ਸਿੰਘਾ ਦੇ ਫਿਰ ਛੱਡ ਜੈਕਾਰ ਦਿੱਤਾ।
ਅਮਰ ਸਿੰਘ[1] ਤੇ ਬਿਸਨ ਜੀ ਸਿੰਘ[2] ਭਾਈ, ਏਹਨਾਂ ਜ਼ਾਲਮਾ ਤਾਈਂ ਲਲਕਾਰ ਦਿੱਤਾ।
ਗਜ ਵੱਜ ਕੇ ਇਹਨਾਂ ਨੇ ਕਿਹਾ ਚੰਗਾ, ਏਹਨਾ ਜ਼ਾਲਮਾਂ ਤਾਈਂ ਵੰਗਾਰ ਦਿੱਤਾ।
ਚਤਰ ਸਿੰਘ ਤੇ ਜ਼ੁਲਮ ਜੋ ਕਰੋ ਤੁਸੀਂ, ਕਰੋ ਸਾਡੇ ਤੇ ਚੰਗਾ ਫਟਕਾਰ ਦਿੱਤਾ।
ਚਤਰ ਸਿੰਘ ਨੂੰ ਜਿਸ ਤਰ੍ਹਾਂ ਰਖੋ ਤੁਸੀਂ, ਰਖੋ ਸਾਨੂੰ ਭੀ ਉਸਾ ਪ੍ਰਕਾਰ ਦਿੱਤਾ।
ਹੇ ਪਾਪੀਓ ਭੈੜਿਓ ਜ਼ਾਲਮੋਂ ਉਏ, ਤੁਸਾ ਵੀਰ ਤੇ ਕਹਿਰ ਗੁਜ਼ਾਰ ਦਿੱਤਾ।

[੧ ਬਾਬਾ ਅਮਰ ਸਿੰਘ "ਇੰਜੀਨੀਅਰ", ਪਿੰਡ ਸੇਰਪੁਰ ਕਲਾ, ਲੁਧਿਆਣਾ। ਇਹ ਗ਼ਦਰੀ ਸੰਗਰਾਮੀਏ ਬਰਮਾ (ਮਾਂਡਲੇ) ਕੇਸ ਵਿਚ ਪਹਿਲਾ ਫਾਸੀ, ਫਿਰ ਘਟਾਕੇ ਉਮਰ ਕੈਦ ਕਾਲੇ ਪਾਣੀ ਦੀ ਸਜਾ ਪਾਕੇ ਅੰਡੇਮਾਨ ਭੇਜ ਦਿੱਤੇ ਗਏ। ਉਸ ਤੋਂ ਪਹਿਲਾ ਇਹ ਇਕ ਜਰਮਨ ਰੇਲਵੇ ਕੰਪਣੀ ਵਿਚ ਇੰਜੀਨੀਅਰ ਸਨ। ੨੦ ਸਾਲ ਤੋਂ ਉਪਰ ਜੇਲ੍ਹ ਕਟੀ। ਦੂਜੀ ਜੰਗ ਦੋਰਾਨ ਪੂਰਬੀ ਏਸ਼ੀਆ ਵਿਚ ਇੰਡੀਅਨ ਇੰਡੀਪੇਂਡੈਂਸ ਲੀਗ ਦਾ ਮੁਢ ਬੱਨ੍ਹਿਆ। ਆਜਾਦ ਹਿੰਦ ਫ਼ੌਜ ਦੀ ਨੀਂਹ ਰਖੀ (ਫੋਟੋ ਪੰਨਾ ੧੩੬).

੨ ਬਾਬਾ ਬਿਸਨ ਸਿੰਘ ਸਪੁਤਰ ਸ ਜਵਾਲਾ ਸਿੰਘ, ਪਿੰਡ ਦਦੇਹਰ, ਅੰਮ੍ਰਿਤਸਰ। ਪਿੰਡ ਦਦੇਹਰ ਦੇ ਦੋ ਸਿਰਨਾਵੀਏ ਸਨ। ਇਕ ਬਾਬਾ ਬਿਸਨ ਸਿੰਘ 'ਭਲਵਾਨ' (ਫੋਟੋ ਪੰਨਾ ੧੩੭) ਜੋ ਬਾਬਾ ਵਸਾਖਾ ਸਿੰਘ ਜੀ ਦੇ ਭਤੀਜੇ ਸਨ ਤੇ ਦੂਜੇ ਇਹ ਸਨ। ਇਹਨਾ ਦੋਹਾਂ ਨੂੰ ਉਮਰ ਕੈਦ ਕਾਲੇ ਪਾਣੀ, ਜਾਇਦਾਦ ਜਬਤੀ ਦੀ ਸਜ਼ਾ ਹੋਈ ਸੀ। ਜ਼ਿਕਰ ਯੋਗ ਹੈ ਪਿੰਡ ਦਦੇਹਰ ਵਿਚੋਂ ਦੋ ਵਸਾਖਾ ਸਿੰਘ ਵੀ ਸਨ - ਇਕ ਸੰਤ ਬਾਬਾ ਜੀ ਤੇ ਦੂਸਰੇ ਬਾਬਾ ਵਸਾਖਾ ਸਿੰਘ ਸਪਤਰ ਸਰਦਾਰ ਈਸਰ ਸਿੰਘ ਸੀ, ਜਿਨ੍ਹਾ ਨੂੰ ਦੂਸਰੇ ਲਾਹੌਰ ਸਾਜ਼ਸ ਕੇਸ 'ਚ ਉਮਰ ਕੈਦ ਕਾਲੇ ਪਾਣੀ, ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਸੀ (ਫੋਟੋ ਪੰਨਾ ੧੩੮)।

— ਸੰਪਾਦਕ]

ਆਓ ਅਸੀਂ ਭੀ ਖੜੇ ਤਿਆਰ ਹਾ ਉਏ, ਸਾਨੂੰ ਤੁਸਾ ਕਿਉਂ ਪਿਛੇ ਵਸਾਰ ਦਿੱਤਾ।
ਸੁਪਰਡੰਟ ਫਿਰ ਜਾਲਮ ਨੇ ਸਜ਼ਾ ਦਿੱਤੀ, ਕੋਠੀ ਬੰਦ ਕਰ ਡੰਟਾ ਸੀ ਡਾਰ ਦਿੱਤਾ।
ਦੋਵੇ ਸੇਰ ਏਹ ਵੀਰ ਜੀ ਬੰਦ ਹੋਏ, ਸਮਾਧੀ ਲਾ ਕਰ ਨਾਮ ਚਿਤਾਰ ਦਿੱਤਾ।
ਤੂੰ ਹੀ ਏਕ ਤੋਂ ਹੋ ਅਨੇਕ ਰਿਹੋਂ, ਭਾਣਾ ਆਪ ਵਰਤਾ ਕਰਤਾਰ ਦਿੱਤਾ।
ਕਰੀਂ ਦਇਆ ਤੂੰ ਸਿੰਘ ਵਸਾਖ ਉਤੇ, ਜਿਵੇਂ ਭਗਤਾਂ ਨੂੰ ਪਾਰ ਉਤਾਰ ਦਿੱਤਾ।

ਚਤਰ ਸਿੰਘ ਦਾ ਜਿਲ੍ਹਾ ਅੰਬਾਲਾ* ਵੀਰੇ, ਪਿੰਡ ਭੁਲਾ ਮੈਂ ਭੁਲਣੇ ਹਾਰ ਭਾਈ।
ਮੁਰੱਬੇ ਏਨਾ ਦੇ ਬਾਪ ਨੂੰ ਮਿਲੇ ਸੀ ਜੀ, ਲੈਲਪੁਰ ਦੇ ਸਮਝ ਵਿਚਕਾਰ ਭਾਈ।
ਹਾਸਲ ਵਿਦਿਆ ਵੀਰ ਹੈ ਬਹੁਤ ਕੀਤੀ, ਲੰਮਾ ਕੱਦ ਹੈ ਸੋਹਣੀ ਮੁਨਾਰ ਭਾਈ।
ਗੋਰਾ ਰੰਗ ਹੈ ਵੀਰ ਦਾ ਬਹੁਤ ਸੋਹਣਾ, ਚਿਹਰਾ ਹਸਮੁਖਾ ਲਿਓ ਵਿਚਾਰ ਭਾਈ।
ਅਜੇ ਉਥੇ ਹੀ ਜ਼ਲਮ ਸਹਾਰ ਰਹੇ ਨੇ, ਧੰਨ ਮਾਤਾ ਹੈ ਜਨਣੇਹਾਰ ਭਾਈ।
ਧੰਨ ਸਿਦਕ ਹੈ ਆਪਦਾ ਵੀਰ ਮੇਰੇ, ਮੈਂ ਜਾਵਾਂ ਬਲਿਹਾਰ ਬਲਿਹਾਰ ਭਾਈ।
ਤੇਰਾ ਨਾਮ ਹੈ ਸਦਾ ਅਟੱਲ ਰਹਿਸੀ, ਕੀਤਾ ਬਹੁਤ ਹੈ ਤੂੰ ਉਪਕਾਰ ਭਾਈ।
ਸੇਵਾਦਾਰ ਵਸਾਖ ਅਰਜ਼ੋਈ ਕਰਦਾ ਮਿਲੀਂ, ਆਣਕੇ ਦੇਈਂ ਦੀਦਾਰ ਭਾਈ।

ਮ

## ਮਾਸਟਰ ਚਤਰ ਸਿੰਘ ਜੀ ਨੂੰ ਖਾਣਾ ਤੇ ਜਲ ਦੀਆ

ਜਦੋਂ ਵੇਖਿਆ ਜ਼ਾਲਮਾ ਸਿੰਘ ਭੜਕੇ, ਜਲ ਖਾਣਾ ਫਿਰ ਆਖ ਦੁਆਇਓ ਨੇ।

[* ਮਾਸਟਰ ਜੀ ਦਾ ਪਿੰਡ ਮਨੌਲੀ, ਹੁਣ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ 'ਚ ਹੈ। – ਸੰਪਾਦਕ]

ਕਾਰੀਗਰ ਮੰਗਵਾਕਰ ਜੇਲ੍ਹ ਅੰਦਰ, ਜੰਗਲਾ ਕੋਠੀ ਦੇ ਅਗੇ ਬਣਵਾਇਓ ਨੇ।
ਸ਼ੇਰ ਸੂਰੰ ਦੀ ਲਾਹ ਹੱਥ ਕੜੀ ਵੀਰੋ, ਜਲ ਮੰਗਵਾ ਅਸ਼ਨਾਨ ਕਰਵਾਇਓ ਨੇ।
ਪੈਹਰਾ ਜੰਗਲੇ ਅਗੇ ਫਿਰ ਟਹਿਲਦਾ ਰਹੇ, ਸ਼ੇਰ ਇਸ ਤਰ੍ਹਾ ਪਿੰਜਰੇ ਪਾਇਓ ਨੇ।
ਪੰਜ ਸਾਲ ਫਿਰ ਇਸ ਤਰ੍ਹਾਂ ਰੱਖ ਵੀਰੋ, ਸੇਰ ਵਾਂਗ ਕਮਾਨ ਸੁਕਾਇਓ ਨੇ।
ਖਾਣਾ ਦੇਣ ਘਟੀਆ ਨਾਲੇ ਬੰਦ ਰਖਣ, ਪੰਜ ਸਾਲ ਫਿਰ ਐਸੇ ਲੰਘਾਇਓ ਨੇ।
ਹੋ ਗਿਆ ਫਿਰ ਸੇਰ ਬਿਮਾਰ ਬਹੁਤਾ, ਵਿਚ ਪਿੰਜਰੇ ਸ਼ੇਰ ਤੜਫਾਇਓ ਨੇ।
ਅਗੇ ਸੁਣੋ ਖਾ ਹਾਲ ਫਿਰ ਵੀਰ ਮੇਰੇ, ਬੇੜੀ ਲਾ ਜਿਓਂ ਬਾਹਰ ਟਹਿਲਾਇਓ ਨੇ।
ਸੇਵਾਦਾਰ ਵਸਾਖ ਉਦੋਂ ਵੇਖਦਾ ਸੀ, ਬੇੜੀ ਲਾ ਕਰ ਬਾਹਰ ਕਢਵਾਇਓ ਨੇ।

¤

## ਮਾਸਟਰ ਚਤਰ ਸਿੰਘ ਜੀ ਦੀ ਬੇੜੀ ਲਾਹੁਣੀ
## ਅੱਧਾ ਘੰਟਾ ਬਾਹਰ ਟਹਿਲਾਈ ਕਰੌਣੀ

ਸੋਹਨ ਸਿੰਘ* ਜੀ ਭਕਨੇ ਵਾਲੇ ਭਾਈ, ਕੀਤੀ ਵੀਰ ਨੇ ਭਲੀ ਵਿਚਾਰ ਭਾਈ।
ਸੁਪਰਡੰਟ ਨੂੰ ਆਖਿਆ ਚੰਗੀ ਤਰ੍ਹਾਂ, ਬੇੜੀ ਮਾਸਟਰ ਦੀ ਦਿਓ ਉਤਾਰ ਭਾਈ।
ਨਾਲੇ ਕੋਠੀਓਂ ਕਢ ਦਿਉ ਬਾਹਰ ਉਹਨੂੰ, ਭਲੀ ਤੁਸਾਂ ਦੀ ਚਾਹੀਏ ਏਹ ਕਾਰ ਭਾਈ।
ਜੇਕਰ ਤੁਸਾ ਨਹੀ ਮੰਨਣੀ ਬਾਤ ਮੇਰੀ, ਮੈਨੂੰ ਦਿਉ ਤਕਲੀਫ ਵਿਚ ਡਾਰ ਭਾਈ।
ਸੁਣਕੇ ਸੜ ਗੀਆ ਮਰੀ ਇਹ ਬਾਤ ਵੀਰੋ, ਜਿਵੇ ਰੂਈ ਸੇ ਅਗਣੀ ਮਾਰ ਭਾਈ।
ਸੋਹਣ ਸਿੰਘ ਤਕਲੀਫ ਮੇਂ ਡਾਰ ਦੀਆ, ਮਰੀ ਗਿਆ ਜੋ ਜੇਲ੍ਹ ਤੋਂ ਬਾਹਰ ਭਾਈ।

[* ਬਾਬਾ ਸੋਹਨ ਸਿੰਘ ਭਕਨਾ ਨੇ ਇਹ ਭੁੱਖ ਹੜਤਾਲ ੨੧ ਜੁਲਾਈ ੧੯੨੦ ਨੂੰ ਸ਼ੁਰੂ ਕੀਤੀ ਸੀ। —ਸੰਪਾਦਕ]

ਕੁਝ ਦਿਨ ਪਿਛੋ ਬਦਲ ਗਿਆ ਮਰੀ*, ਬਾਰਕਰ ਆ ਸੀ ਗਿਆ ਉਸਿਆਰ ਭਾਈ।
ਪਿਛੇ ਕਿਹਾ ਸੀ ਜੋ ਸੋਹਣ ਸਿੰਘ ਨੇ, ਬਾਰਕਰ ਕੀਤਾ ਸੀ ਉਹ ਵਿਹਾਰ ਭਾਈ।
ਅੱਧਾ ਘੰਟਾ ਫਿਰ ਬਾਹਰ ਟਹਿਲਾਂਵਦੇ ਸੀ, ਬੇੜੀ ਦਿਤੀ ਸੀ ਤਦ ਉਤਾਰ ਭਾਈ।
ਐਸਾ ਛੱਡ ਕਰ ਅਸੀਂ ਰਿਹਾ ਹੋਏ, ਪਿਛੋ ਜਾਣਦਾ ਸਿਰਜਣੇਹਾਰ ਭਾਈ।
ਧੰਨ ਸਤਿਗੁਰ ਧੰਨ ਹੈ ਸਿੱਖ ਉਸਦੇ, ਮੈਂ ਜਾਵਾ ਬਲਿਹਾਰ ਬਲਿਹਾਰ ਭਾਈ।
ਕਰੇ ਮੇਹਰ ਜੇ ਸਾਹਿਬ ਵਸਾਖ ਉਤੇ, ਦਰਸ ਆ ਕਰ ਦੇਵੇਂ ਕਰਤਾਰ ਭਾਈ।

¤ ¤ ¤

[* ਸੁਪਰਡੰਟ ਮਰੀ (Murray) ਦੀ ਜਗ੍ਹਾ ਬਾਰਕਰ ਆ ਗਿਆ ਸੀ, ਉਹਨੇ ਮਾਸਟਰ ਜੀ ਦੀ ਬੇੜੀ ਉਤਾਰੀ ਸੀ। – **ਸੰਪਾਦਕ**]

# 17.

## ਜਦ ਭਾਨ ਸਿੰਘ* ਨੂੰ ਮਾਰਿਆ ਗਿਆ

## ਸਾਡਾ ਸੁਪਰਡੰਟ ਨਾਲ ਸੰਵਾਦ

ਛੇ ਨੰਬਰ ਦੇ ਵਿਚ ਸਾਂ ਅਸਾਂ ਵੀਰੋ, ਭਾਨ ਸਿੰਘ ਨੂੰ ਜਦੋਂ ਕੁਟਾਇਆ ਸੀ।

ਕੰਮ ਛੱਡ ਕਰ ਸਾਰੇ ਸਾਂ ਬੈਠ ਰਹੇ, ਸੁਪਰਡੰਟ ਤੇ ਜੇਲ੍ਹਰ ਫਿਰ ਆਇਆ ਸੀ।

ਪੰਝੀ ਤੀਹ ਸਨ ਨਾਲ ਉਸ ਖੈਰਖਾਹ ਜੀ, ਜੋਸ਼ ਸਾਡੇ ਦਿਲੀਂ ਸਮਾਇਆ ਸੀ।

ਤਾੜ ਫਾੜ ਕਰ ਸੁਪਰਡੰਟ ਪੁਛੇ ਮੈਨੂੰ, ਓਹ ਪੁਛਦਾ ਕਰੋਧ ਵਿਚ ਆਇਆ ਸੀ।

'ਕੰਮ ਕਰੇਗਾਂ ਕਿ ਤੂੰ ਨਾਹੀਂ', ਸਾਨੂੰ ਧੌਂਸ ਦੇ ਨਾਲ ਧਮਕਾਇਆ ਸੀ।

'ਭਾਨ ਸਿੰਘ ਨੂੰ ਕਿਉਂ ਕੁਟਾਇਆ ਤੁਸਾਂ', ਅਸਾਂ ਜੋਸ਼ ਮੇਂ ਆਖ ਸੁਣਾਇਆ ਸੀ।

[* ਸ਼ਹੀਦ ਭਾਨ ਸਿੰਘ, ਪਿੰਡ ਸੁਨੇਤ, ਜ਼ਿਲਾ ਲੁਧਿਆਣਾ (ਜਨਮ ੧੮੮੫, ਸ਼ਹੀਦੀ ੯-੯ ੧੯੧੭)। ਇਹਨਾਂ ਨੂੰ ਪਹਿਲੇ ਕੇਸ ਵਿਚ ਉਮਰ ਕੈਦ ਕਾਲੇ ਪਾਣੀ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਸੀ। ਇਹ 'ਮੁਸ਼ੱਕਤ' - (ਮਜ਼ਦੂਰੀ) ਬੜੀ ਚੰਗੀ ਤਰ੍ਹਾ ਕਰਦੇ ਸਨ। ਫਰਵਰੀ ੧੯੧੭ ਦੇ ਇਕ ਦਿਨ ਇਹ ਆਪਣੀ 'ਮੁਸ਼ਕਤ' ਦੇਣ ਲਈ ਲਾਈਨ ਵਿਚ ਖੜੇ ਸਨ ਕਿ ਇਕ ਗੋਰੇ ਸਿਪਾਹੀ ਨੇ ਅੰਗਰੇਜ਼ੀ ਵਿਚ ਕੌਮੀ ਨਿਰਾਦਰੀ ਦੇ ਕੁਝ ਸ਼ਬਦ ਆਖੇ, ਜੋ ਇਹਨਾ ਸਮਝ ਲਏ ਕਿਉਂਕਿ ਇਹਨਾ ਨੂੰ ਫੌਜੀ ਨੌਕਰੀ ਦੌਰਾਨ ਕੁਝ ਅੰਗਰੇਜ਼ੀ ਦਾ ਗਿਆਨ ਹੋ ਗਿਆ ਸੀ। ਇਹਨਾ ਨੇ ਵੀ ਕਰਾਰਾ ਜਵਾਬ ਅੰਗਰੇਜ਼ੀ ਵਿਚ ਦੇ ਦਿੱਤਾ। ਪੇਸ਼ੀ ਹੋਈ, ਸਜ਼ਾ ਛੇ ਮਹੀਨੇ ਕੋਠੀ ਬੰਦ, ਬੇੜੀ, ਸਜ਼ਾ ਭੁਗਤ ਰਹੇ ਸਨ। ਇਕ ਦਿਨ ਜੋਸ਼ ਵਿਚ ਆਕੇ 'ਗ਼ਦਰ' ਅਖਬਾਰ ਦੇ ਪਹਿਲੇ ਪੰਨੇ ਤੇ ਲਿਖੀ ਗੁਰਬਾਣੀ ਦੀ ਤੁਕ ਪ੍ਰੇਮ ਨਾਲ ਗਾ ਰਹੇ ਸਨ - **ਜੋ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ**। ਏਨੇ ਨੂੰ ਬੇਰੀ (Berry) ਜੇਲ੍ਹਰ ਆ ਗਿਆ। ਬੁਰਾ ਭਲਾ ਕਹਿਣ ਲੱਗਾ। ਭਾਈ ਭਾਨ ਸਿੰਘ ਨੇ ਅਗਲੇ ਦਿਨ ਹਥਕੜੀ ਲੁਆਣੋਂ ਇਨਕਾਰ ਕਰ ਦਿੱਤਾ ਇਸੇ ਸੰਘਰਸ਼ ਦਾ ਅੰਤ ੯-੯-੧੯੧੭ ਨੂੰ ਉਹਨਾ ਦੀ ਸ਼ਹੀਦੀ 'ਚ ਹੋਇਆ। ਇਹਨਾਂ ਦੀ ਫ਼ੋਟੋ ਇਹਨਾ ਦੇ ਪਰਵਾਰ ਕੋਲੋਂ ਲੈ ਕੇ ਆਉਣ ਦਾ ਸਭਾਗ ਦਾਸ ਨੂੰ ਪ੍ਰਾਪਤ ਹੋਇਆ ਸੀ। ਹਵਾਲਾ "ਜੀਵਨ ਸੰਗਰਾਮ" ਕ੍ਰਿਤ ਬਾਬਾ ਸੋਹਨ ਸਿੰਘ ਭਕਨਾ, ਸੰਪਾਦਕ ਪ੍ਰੋ: ਮਲਵਿੰਦਰ ਜੀਤ ਸਿੰਘ (ਫੋਟੋ ਪੰਨਾ ੧੧੬) — **ਸੰਪਾਦਕ**]

ਸਵਾਲ ਜਵਾਬ ਕੜਾਕੇ ਜੀ ਦਾਰ ਹੋਏ, ਚਾਰ ਪੰਜ ਵੇਰ ਐਸਾ ਚਤਾਇਆ ਸੀ।
ਗੁਸਾ ਖਾ ਕਰ ਸਜ਼ਾ ਸੀ ਦੇ ਗਿਆ, ਸਾਨੂੰ ਕੋਠੀ ਮੇਂ ਬੰਦ ਕਰਾਇਆ ਸੀ।
ਡੰਡਾ ਬੇੜੀ ਹੱਥਕੜੀ ਲੁਆ ਕਰਕੇ, ਖਾਣਾ ਬਹੁਤ ਹੀ ਥੋੜਾ ਲਖਾਇਆ ਸੀ।
ਸਾਰੇ ਵੀਰਾ ਨੂੰ ਜ਼ਾਲਮ ਜੀ ਸਜ਼ਾ ਦੇ ਕੇ, ਦੂਜੇ ਨੰਬਰਾਂ ਵਲ ਫਿਰ ਧਾਇਆ ਸੀ।
ਪਹਿਲੇ ਨੰਬਰ ਮੇਂ ਜ਼ਾਲਮ ਸੀ ਪਹੁੰਚ ਗਿਆ, ਬਿਸ਼ਨ ਸਿੰਘ ਨੂੰ ਹੁਕਮ ਸੁਣਾਇਆ ਸੀ।
ਹੱਥਕੜੀ ਲਗੇ ਫਿਰ ਲੌਣ ਬਿਸਨ ਸਿੰਘ[1] ਨੂੰ, ਅਗੋਂ ਸ਼ੇਰ ਨੇ ਆਖ ਬਤਾਇਆ ਸੀ।
ਸੁਪਰਡੰਟ ਨੂੰ ਆਖਿਆ ਸ਼ੇਰ ਸੂਰੇ, ਮੌਕਾ ਰੱਬ ਨੇ ਚੰਗਾ ਬਣਾਇਆ ਸੀ।
ਹੱਥਕੜੀ ਨਹੀ ਲੁਔਣੀ ਲਾ ਲੈ ਜ਼ੋਰ ਸਾਰਾ, ਵਾਹਵਾ ਸ਼ੇਰ ਨੇ ਹਥ ਵਖਾਇਆ ਸੀ।
ਕੱਠੇ ਗੋਰੇ ਤੂੰ ਕਰਕੇ ਡਾਹ ਸਾਰੇ, ਸੁਪਰਡੰਟ ਨੂੰ ਆਖ ਸੁਨਾਇਆ ਸੀ।
ਆ ਪਾਜੀਆ ਵੇਖ ਤੂੰ ਹਥ ਛੇਤੀ, ਹੱਥਕੜੀ ਲਾ ਤੂੰ ਜਿਸ ਤਰ੍ਹਾਂ ਆਇਆ ਸੀ।
ਮਰੂੰ ਆਪ ਜਾ ਚੀਰ ਦਊਂ ਤੁਸਾਂ ਤਾਈਂ, ਭਾਨ ਸਿੰਘ ਨੂੰ ਤੁਸਾਂ ਕਿਓਂ ਢਾਹਿਆ ਸੀ।
ਦੂਰ ਕੋਠੀ ਤੋਂ ਜ਼ਾਲਮ ਸੀ ਬਾਹਰ ਖੜੇ, ਇੱਕ ਦੂਜੇ ਦੇ ਵਲ ਤਕਾਇਆ ਸੀ।
ਲਾ ਸਕੇ ਨਾ ਕੋਠੀ ਦਾ ਜਿੰਦਰਾ ਜੀ, ਇਕ ਦੂਜੇ ਦੇ ਪਿਛੇ ਮੁੜ ਆਇਆ ਸੀ।
ਪਿਛੋਂ ਭੇਜਿਆ ਮੁਲਖੀ[2] ਫਿਰ ਇਕ ਅਫਸਰ, ਓਹਨੇ ਸਿੰਘ ਦਾ ਵਾਸਤਾ ਪਾਇਆ ਸੀ।
ਹੱਥਕੜੀ ਲੈ ਤੂ ਹੁਣ ਲੁਆ ਭਾਈ ਤੇਰਾ ਭਾਈ, ਮੈਂ ਤੇਰੇ ਪਾਸ ਆਇਆ ਸੀ।
ਹੱਥਕੜੀ ਲਈ ਫਿਰ ਸਿੰਘ ਲੁਆ ਵੀਰੋ, ਕਹਿਣਾ ਮੁਲਖੀ ਦਾ ਮਨਣਾ ਭਾਇਆ ਸੀ।
ਬਿਸਨ ਸਿੰਘ ਦਾ ਹਾਲ ਵੀ ਸੁਣੋ ਪਿਛਲਾ, ਜਨਮ ਕਸ਼ਟ ਜਿਵੇਂ ਇਸਨੇ ਪਾਇਆ ਸੀ।
ਸੇਵਾਦਾਰ ਵਸਾਖ ਦੀ ਬੇਨਤੀ ਜੀ, ਸਿੰਘ ਹੱਥਕੜੀ ਦੇ ਨਾਲ ਟੰਗਾਇਆ ਸੀ।

¤ ¤ ¤

---

੧ ਬਿਸਨ ਸਿੰਘ ਪਹਿਲਵਾਨ, ਬਾਬਾ ਜੀ ਦੇ ਭਤੀਏ – ਸੰਪਾਦਕ]
੨ ਹਿੰਦੋਸਤਾਨੀ

## 18.

## ਭਲਵਾਨ ਬਿਸ਼ਨ ਸਿੰਘ ਦਾ ਜਨਮ – ਬੱਲ ਤੇ ਕਸ਼ਟ

ਬਿਸਨ ਸਿੰਘ ਭਤੀਆ ਜੀ ਦਾਸ ਦਾ ਏ, ਜਨਮ ਕੰਮ ਏਹਦਾ ਦਿਆ ਬਤਾ ਭਾਈ।
ਚਾਚੇ ਤਾਇਆਂ ਦੇ ਜਾਣੇ ਭਰਾ ਅਸੀਂ, ਕੇਸਰ ਸਿੰਘ ਤੇ ਮੈਂ ਲਿਖਾ ਭਾਈ।
ਸੋਭਾ ਸਿੰਘ ਦਾ ਏਹ ਪੜੋਤਰਾ ਜੀ, ਦੇਵਾ ਸਿੰਘ ਦਾ ਪੋਤਾ ਸੁਣਾ ਭਾਈ।
ਕੇਸਰ ਸਿੰਘ ਦੇ ਘਰ ਸਪੂਤ ਹੋਇਆ, ਨਿਹਾਲ ਕੌਰ ਦੀ ਕੁਖੋਂ ਗਿਣਾ ਭਾਈ।
ਸੰਨ ਬਿਕਰਮੀ ਅਠਾਰਾਂ ਸੌ ਚਾਲੀਆ ਜੀ, ਜਨਮ ਲਿਆ ਸੀ ਆਪ ਨੇ ਆ ਭਾਈ।
ਨਿਹਾਲ ਕੌਰ ਨੇ ਪਾਲਿਆ ਪ੍ਰੇਮ ਸੇ ਜੀ, ਖੂਬ ਪਾਲਿਆ ਲਾਡ ਲਡਾ ਭਾਈ।
ਥੋੜ੍ਹੀ ਗੁਰਮਖੀ ਉਰਦੂ ਪੜ੍ਹ ਕੇ ਤੇ, ਮਾਲ ਚਾਰਿਆ ਬਾਹਰ ਲਿਜਾ ਭਾਈ।
ਮਾਲ ਚਾਰਦੇ ਚਾਚਾ ਭਤੀਜਾ ਰੱਲ ਕੇ, ਕਈ ਸਾਲ ਪ੍ਰੇਮ ਵਧਾ ਭਾਈ।
ਅਸੀਂ ਰਸਾਲੇ ਮੈਂ ਜਾ ਸਾਂ ਹੋਏ ਭਰਤੀ, ਏਹ ਗਿਆ ਸੀ ਚੀਨ ਨੂੰ ਧਾ ਭਾਈ।
ਕੁਝ ਦਿਨ ਸੰਘਈ ਮੇਂ ਰਿਹਾ ਸਮਝ, ਪਿਛੋਂ ਹੋਈ ਕਰਤਾਰ ਰਜ਼ਾ ਭਾਈ।
ਪਿਤਾ ਏਸਦੇ ਪਿਛੋਂ ਜੀ ਹੋਏ ਪੂਰੇ, ਏਸ ਕਰਕੇ ਘਰ ਗਿਆ ਆ ਭਾਈ।
ਥੋੜ੍ਹੇ ਸਾਲ ਫਿਰ ਘਰ ਮੇ ਰਹਿ ਕਰਕੇ, ਦੋਵੇ ਚੀਨ ਨੂੰ ਗਏ ਭਰਾ ਭਾਈ।
ਕਾਮਾਗਾਟਾ ਜਹਾਜ ਜਦ ਤਿਆਰ ਹੋਇਆ, ਚੜ੍ਹਿਆ ਉਸਦੇ ਵਿਚ ਸੀ ਜਾ ਭਾਈ।
ਬਲਵੰਤ ਸਿੰਘ ਭਾਈ ਏਹਦਾ ਪਿੰਡ ਆਇਆ, ਇੰਦਰ ਸਿੰਘ ਨੂੰ ਲਿਆ ਰਲਾ ਭਾਈ।

ਗੁਰਦਿੱਤ ਸਿੰਘ ਨਾਲ ਏਹਨਾ ਕਸਟ ਝੱਲੇ, ਸਭ ਜਾਣਦਾ ਖਲਕ ਖੁਦਾ ਭਾਈ।
ਰੋਸਨ ਦੁਨੀਆਂ ਦੇ ਵਿਚ ਏਹ ਹੋਏ ਵੀਰੋ, ਦੁਖ ਝੱਲੇ ਨੇ ਬੇਬਹਾ ਭਾਈ।
ਛਾਤੀ ਡਾਹਕੇ ਉਥੇ ਨੇ ਕਸ਼ਟ ਝਲੇ, ਲਿਆ ਆਪ ਕਰਤਾਰ ਬਚਾ ਭਾਈ।
ਜਦੋਂ ਅਸੀਂ ਅਮਰੀਕਾ ਤੋਂ ਆਏ ਵਾਪਸ, ਏਹ ਵੀ ਆਏ ਸੀ ਮੁੜ ਪਿਛਾਂਹ ਭਾਈ।
ਚਿਰੀਂ ਵਿਛੜੇ ਦੋਵੇ ਜਾ ਪਹੁੰਚੇ ਆਕੇ, ਘਰ ਮਿਲੇ ਸਾ ਜਫੀਆ ਪਾ ਭਾਈ।
ਕੰਮ ਦੁਹਾ ਨੇ ਰਲ ਸੀ ਸੁਰੂ ਕੀਤਾ, ਨਾਲ ਰੱਲੇ ਸੀ ਕਈ ਭਰਾ ਭਾਈ।
ਰੰਗ ਗੋਰਾ ਤੇ ਕਦ ਹੈ ਬਹੁਤ ਲੰਮਾ, ਹੱਡ ਮੋਟੇ ਨੇ ਰਹੇ ਸੁਹਾ ਭਾਈ।
ਮੁਖ ਉਤੇ ਨੇ ਚੀਚਕ ਦੇ ਦਾਗ ਨਿੰਮ੍ਹੇ, ਹਸਮੁਖਾ ਜੀ ਹੈ ਸੁਭਾਅ ਭਾਈ।
ਜਦੋ ਅਸੀਂ ਸੀ ਵੀਰ ਜੀ ਘਰ ਹੁੰਦੇ, ਸੋਚੀ ਖੇਡਦਾ ਰਿਹਾ ਸੀ ਜਾ ਭਾਈ।
ਦੋ ਸੌ ਤੀਹ ਪੌਡ ਇਸਦਾ ਵਜਨ ਸੀ ਜੀ, ਕਸਰਤ ਕਰਦਾ ਸੀ ਘਿਉ ਫਿਰ ਖਾ ਭਾਈ।
ਨੇਤ ਹਈ ਕਰਤਾਰ ਦੀ ਸੁਣੋ ਵੀਰੋ, ਕੌਮ ਘਾਤੀਆਂ ਲਗਾ ਸੀ ਦਾਅ ਭਾਈ।
ਧੰਨ ਮਾਤਾ ਤੇ ਧੰਨ ਹੈ ਪਿਤਾ ਭਾਈ, ਪਰਉਪਕਾਰ ਹੁਣ ਰਿਹਾ ਕਮਾ ਭਾਈ।
ਬੰਨ੍ਹ ਨਗਰ ਦਦੇਹਰ ਤੋਂ ਸੂਰਮੇ ਨੂੰ, ਦਿਤਾ ਫਿਰ ਲਾਹੌਰ ਪੁਚਾ ਭਾਈ।
ਸਾਡਾ ਹੋਇਆ ਮੁਕੱਦਮਾ ਕੱਠਾ ਵੀਰੋ, ਅੰਡੇਮਾਨ ਫਿਰ ਗਿਆ ਸੀ ਆ ਭਾਈ।
ਜਾਇਆ ਦਾਤ ਸਭ ਕੀਤੀ ਸੀ ਜਬਤ ਸਿੰਘੋ, ਉਮਰ ਕੈਦ ਸੀ ਦਿੱਤੀ ਸੁਣਾ ਭਾਈ।
ਏਥੇ ਹਥਕੜੀ ਲਈ ਲੁਆ ਪਿਛੋਂ, ਹਥ ਜ਼ਾਲਮ ਨੂੰ ਪਹਿਲਾ ਦਿਖਾ ਭਾਈ।
ਕਰੀਂ ਮੇਹਰ ਮਹਾਰਾਜ ਤੂੰ ਦਇਆ ਧਾਰੀਂ, ਦਿਆ ਆਪਨੂੰ ਸੀਸ ਝੁਕਾ ਭਾਈ।
ਸਿੰਘ ਦਾਸ ਵਸਾਖ ਨੂੰ ਦਰਸ ਦੇਵੀਂ, ਤੇਰਾ ਰਿਹਾ ਮੈਂ ਨਾਮ ਧਿਆ ਭਾਈ।

ਖ ਖ ਖ

# 19.

## ਅੰਡੇਮਾਨ – ਹੋਰ ਬ੍ਰਿਤਾਂਤ

ਕਾਲਾ ਸਿੰਘ[1] ਤੇ ਰੂੜ ਸਿੰਘ[2] ਭਾਈ, ਲਾਲ ਸਿੰਘ[3] ਜੀ ਨਾਲ ਸੁਹਾਇਆ ਜੀ।
ਜਦੋਂ ਮਾਰਿਆ ਵੀਰ ਜੀ ਭਾਨ ਸਿੰਘ ਨੂੰ, ਸੁਣਕੇ ਏਨਾ ਨੇ ਮਛਾ ਨੂੰ ਤਾਇਆ ਜੀ।
ਆਏ ਵਿਚ ਕਰੋਧ ਦੇ ਇਹ ਤਿੰਨੋ, ਜੋਸ ਏਹਨਾ ਦੇ ਦਿਲੀਂ ਸਮਾਇਆ ਜੀ।
ਮੁਸਕੱਤ ਤਿੰਨਾ ਨੇ ਮਾਰੀ ਭੁਆ ਕਰਕੇ, ਰੌਲਾ ਜੇਲ੍ਹ ਦੇ ਵਿਚ ਫਿਰ ਪਾਇਆ ਜੀ।
ਹੋਈ ਖ਼ੱਬਰ ਫਿਰ ਸੁਪਰ ਜੀ ਡੰਟ ਆਇਆ, ਜਿਵੇ ਰਬ ਸਬੱਬ ਬਣਾਇਆ ਜੀ।
ਪੰਜੀ ਤੀਹ ਸਨ ਨਾਲ ਜੀ ਖੈਰ ਖਾਹੀਏ, ਦੋ ਨੰਬਰ ਮੇਂ ਕੱਠ ਹੋ ਆਇਆ ਜੀ।
ਮਾਰ ਚੌਕੜੇ ਕੋਠੀ ਮੇਂ ਸਿੰਘ ਬੈਠੇ, ਸੁਪਰਡੰਟ ਨੂੰ ਵੇਖ ਰੋਹ ਆਇਆ ਜੀ।

---

[1] ਬਾਬਾ ਕਾਲਾ ਸਿੰਘ, ਪਿੰਡ ਸੁਰਸਿੰਘ, ਅੰਮ੍ਰਿਤਸਰ। ਇਹ ਅਮਰੀਕਾ ਤੋਂ ਗ਼ਦਰ ਕਰਨ ਲਈ ਜਨਵਰੀ ੧੯੧੫ 'ਚ ਵਾਪਸ ਆਏ। ਲਾਹੌਰ ਪਾਰਟੀ ਦੇ ਅੱਡੇ ਤੋਂ ੧੯-੨-੧੯੧੫ ਨੂੰ ਫੜ ਲਏ ਗਏ। ਪਹਿਲੇ ਕੇਸ ਵਿਚ ਉਮਰ ਕੈਦ ਕਾਲੇ ਪਾਣੀ, ਜਾਇਦਾਦ ਜ਼ਬਤੀ ਦੀ ਸਜਾ ਪਾਈ (ਫੁੱਟ ਪੰਨਾ ੧੩੯)।

[2] ਬਾਬਾ ਰੂੜ੍ਹ ਸਿੰਘ, ਪਿੰਡ ਚੂਹੜ ਚੱਕ, ਜ਼ਿਲਾ ਮੋਗਾ। ੨੯-੮-੧੯੧੪ ਨੂੰ ਅਮਰੀਕਾ ਤੋਂ ਗ਼ਦਰ ਲਈ ਵਾਪਸ ਆਏ। ਇਹ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸੀ। ਪਹਿਲੇ ਲਾਹੌਰ ਕੇਸ ਵਿਚ ਉਮਰ ਕੈਦ ਕਾਲੇ ਪਾਣੀ, ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ੧੯੨੯ ਵਿਚ ਰਿਹਾ ਹੋਏ। ਬਾਬਾ ਵਸਾਖਾ ਸਿੰਘ ਹੋਰਾ ਨਾਲ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਵਿਚ ਕੰਮ ਕੀਤਾ। ਕਿਸਾਨ ਲਹਿਰਾ ਤੇ ਮੋਰਚਿਆ ਅੰਦਰ ਅਖੀਰਲੇ ਦੰਮ ਤੀਕ ਹਿਸਾ ਲੈਂਦੇ ਰਹੇ (ਫੁੱਟ ਪੰਨਾ ੧੨੬)।

[3] ਬਾਬਾ ਲਾਲ ਸਿੰਘ, ਪਿੰਡ ਭੁਰੇ, ਅੰਮ੍ਰਿਤਸਰ। ਇਹਨਾ ਨੂੰ ੨੧-੩-੧੯੧੫ ਨੂੰ ਗ਼ਦਰ ਲਹਿਰ ਵਿਚ ਹਿਸਾ ਲੈਣ ਕਰਕੇ ਗਰਿਫਤਾਰ ਕੀਤਾ ਗਿਆ। ਉਮਰ ਕੈਦ ਕਾਲਾ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ।

ਏਹਨਾ ਤਿੰਨਾ ਨੇ ਸੁਪਰਡੰਟ ਨੂੰ ਚੰਗੀ ਤਰ੍ਹਾਂ ਝਾੜ ਪਾ ਕਰ ਸਰਮਿੰਦੇ ਕੀਤਾ ਤੇ ਨਾ ਹੀ ਉਹਨੂੰ ਆਉਂਦੇ ਨੂੰ ਦੇਖ ਕੇ ਉਠੇ, ਤੇ ਫੇਰ ਜਾਲਮ ਸੜਬਲ ਹੋਇਆ ਏਹਨਾ ਨੂੰ ਸਜ਼ਾ ਦੇ ਗਿਆ। – ਸੰਪਾਦਕ

ਭਖਿਆ ਹੋਇਆ ਔਗਿਆਰੀ ਦੇ ਵਾਂਗ ਜ਼ਾਲਮ, ਸਿੰਘਾਂ ਤਾਈਂ ਫਿਰ ਆਣ ਧਮਕਾਇਆ ਜੀ।
ਮੈਨੂੰ ਔਂਦੇ ਨੂੰ ਵੇਖ ਕਰ ਬੈਠ ਰਹੇ ਓ, ਮੇਰਾ ਖ਼ੌਫ਼ ਹੈ ਤੁਸਾ ਭੁਲਾਇਆ ਜੀ।
ਕਾਮ ਕਰੋਗੇ ? ਨਹੀਂ ਕਰਦੇ !, ਜ਼ਾਲਮ ਜੋਸ਼ ਮੇਂ ਆਣ ਧਮਕਾਇਆ ਜੀ।
ਸਿੰਘਾ ਕੜਕ ਕੇ ਸੋਹਣੇ ਜਵਾਬ ਦਿੱਤੇ, ਤੁਸਾ ਜਾਲਮੋਂ ਜ਼ੁਲਮ ਕਮਾਇਆ ਜੀ।
ਭਾਨ ਸਿੰਘ ਨੂੰ ਮਾਰ ਕਰ ਪਾਪੀਓ ਉਏ, ਕੁਟ ਕੁਟ ਕੇ ਤੁਸਾ ਗਿਰਾਇਆ ਜੀ।
ਸਾਨੂੰ ਦਿਉ ਜਵਾਬ ਕਿਉਂ ਮਾਰਿਆ ਹੈ, ਸਾਡੇ ਦਿਲਾ ਨੂੰ ਤੁਸੀਂ ਤਪਾਇਆ ਜੀ।
ਜਿੰਨਾ ਚਿਰ ਅਨਸਾਫ ਨ ਕਰੋ ਤੁਸੀਂ, ਕੰਮ ਕਰਨਾ ਨਾ ਅਸਾ ਠਹਿਰਾਇਆ ਜੀ।
ਜੀਣ ਏਸ ਤੋਂ ਮਰਨਾ ਹੈ ਬਹੁਤ ਚੰਗਾ, ਤੁਸਾਂ ਜ਼ਾਲਮੋ ਜ਼ੁਲਮ ਕਮਾਇਆ ਜੀ।
ਸੁਪਰਡੰਟ ਨੇ ਵੀਰਾ ਨੂੰ ਸਜ਼ਾ ਦਿਤੀ, ਹੁਕਮ ਨਾਲ ਕਰੋਧ ਸੁਣਾਇਆ ਜੀ।
ਹੱਥਕੜੀ ਲਾ ਕਰ ਹਥਾ ਦੇ ਵਿਚ ਸਿੰਘੋ, ਉਤ੍ਹਾ ਛੱਤ ਦੇ ਨਾਲ ਟੰਗਾਇਆ ਜੀ।
ਡੰਡਾਬੇੜੀ ਜੀ ਲਤਾਂ ਮੇਂ ਲਾ ਕਰਕੇ, ਖਾਣਾ ਬਹੁਤ ਹੀ ਘਟ ਲਖਾਇਆ ਜੀ।
ਕਪੜੇ ਸਾਰੇ ਹੀ ਠੰਡ ਮੇ ਲਾਹ ਲਏ ਸੀ, ਬੰਨ੍ਹ ਵੀਰਾਂ ਨੂੰ ਸਿੰਘੋ ਸੁਕਾਇਆ ਜੀ।
ਏਹਨਾ ਜ਼ੁਲਮ ਜਗਤਿਆਂ ਨਾਲੋਂ ਵੀਰੋ, ਕਈ ਹਿੱਸੇ ਅਗਾਹ ਟਪਾਇਆ ਜੀ।
ਪੰਜ ਸਾਲ ਫਿਰ ਜ਼ੁਲਮ ਕਮਾਏ ਬਹੁਤੇ, ਪਿਆਰੇ ਵੀਰਾਂ ਨੂੰ ਮਾਰ ਸਟਵਾਇਆ ਜੀ।
ਇਟ ਖੜਕਦੀ ਰਹੀ ਸੀ ਦਿਨ ਰਾਤੇ, ਜ਼ੋਰ ਜ਼ਾਲਮਾਂ ਪੱਬਾ ਤੇੜੀ ਲਾਇਆ ਜੀ।
ਕਸਰ ਜੁਲਮ ਦੀ ਛਡੀ ਨਾ ਜਾਲਮਾਂ ਨੇ, ਸਿਦਕ ਸਿੰਘਾ ਨੇ ਵੀਰੋ ਵਖਾਇਆ ਜੀ।
ਸਿੰਘਾਂ ਦੁਖਾਂ ਮੇਂ ਸੁਖ ਮਨਾਇਆ ਜੀ, ਸਦਾ ਵਾਹਿਗੁਰੂ ਨਾਮ ਧਿਆਇਆ ਜੀ।
ਅਕਾਲ ਪੁਰਖ ਜੀ ਮੇਰੇ ਤੇ ਦਇਆ ਕਰਨੀ, ਜਿਵੇਂ ਭਗਤਾਂ ਨੂੰ ਪਾਰ ਲੰਘਾਇਆ ਜੀ।
ਸਿੰਘ ਦਾਸ ਵਸਾਖ ਨੂੰ ਬਖਸ ਲੈਣਾ, ਸ਼ਰਨ ਆਪਦੀ ਤਕ ਮੈਂ ਆਇਆ ਜੀ।

ਭਾਨ ਸਿੰਘ[੧] ਨੂੰ ਜਦੋਂ ਫੇਰ ਮਾਰਿਆ ਸੀ, ਅਸਾਂ ਸਾਰਿਆਂ ਮਤਾ ਪਕਾਇਆ ਸੀ।
ਸੁਪਰਡੰਟ ਜਦ ਆ ਗਿਆ ਜੇਲ੍ਹ ਅੰਦਰ, ਅਸਾਂ ਸਭ ਨੇ ਆਖ ਸੁਣਾਇਆ ਸੀ।
ਸਾਡਾ ਵੀਰ ਕਿਉਂ ਮਾਰ ਕਰ ਘਾਇਲ ਕੀਤਾ, ਸੁਪਰਡੰਟ ਨੂੰ ਜ਼ੁਲਮ ਬਤਾਇਆ ਸੀ।
ਅਸਾ ਆਖਿਆ ਭੈੜਿਓ ਜ਼ਾਲਮੋ ਉਏ, ਸਾਡਾ ਵੀਰ ਕਿਉਂ ਮਾਰ ਮੁਕਾਇਆ ਸੀ।
ਜੜ੍ਹ ਤੁਸਾ ਦੀ ਜਾਲਮੋ ਪੁਟੀ ਜਾਵੇ, ਸਾਡਾ ਵੀਰ ਕਿਉਂ ਮਾਰ ਗਿਰਾਇਆ ਸੀ।
ਬਚਨ ਸੁਣਕੇ ਸਾਡੇ ਜੀ ਸੜ ਗਿਆ, ਜ਼ੁਲਮ ਸਾਡੇ ਤੇ ਬਹੁਤ ਕਮਾਇਆ ਸੀ।
ਸਾਨੂੰ ਕੋਠੀਆਂ ਦੇ ਵਿਚ ਬੰਦ ਕਰਕੇ, ਸੁਪਰਡੰਟ ਨੇ ਹੁਕਮ ਸੁਣਾਇਆ ਸੀ।
ਡੰਡਾ ਬੇੜੀ ਫਿਰ ਸਾਨੂੰ ਲੁਆ ਕਰਕੇ, ਨਾਲ ਹਥਕੜੀ ਸਾਨੂੰ ਟੰਗਾਇਆ ਸੀ।
ਵੱਖ ਕਪੜੇ ਸਾਡੇ ਲੁਹਾ ਰਖੇ, ਵਿਚ ਠੰਡ ਦੇ ਨੰਗਾ ਰਖਾਇਆ ਸੀ।

ਕਸਰ ਜ਼ੁਲਮ ਦੀ ਰੱਜ੍ਹ ਕੇ ਕਢੀ ਚੰਗੀ, ਖਾਣਾ ਬਹੁਤ ਹੀ ਘਟ ਕਰਾਇਆ ਸੀ।
ਜਦੋਂ ਵੇਖਿਆ ਨਹੀਂ ਅਨਸਾਫ ਕਰਦੇ, ਤਿੰਨਾਂ ਵੀਰਾਂ ਨਾ ਖਾਣਾ ਹੈ ਖਾਇਆ ਸੀ।
ਸੋਹਣ ਸਿੰਘ ਤੇ ਦੂਜਾ ਜਵੰਦ ਸਿੰਘ[੨] ਜੀ, ਪਿਰਥੀ ਸਿੰਘ[੩] ਜੀ ਨਾਲ ਰਲ੍ਹਾਇਆ ਸੀ।
ਏਹਨਾ ਤਿੰਨਾ ਨੇ ਆਖਿਆ ਮਰਨ ਚੰਗਾ, ਐਸਾ ਸਾਨੂੰ ਨਾ ਜੀਵਨਾ ਭਾਇਆ ਸੀ।

---

੧ ਜਦ ਭਾਈ ਭਾਨ ਸਿੰਘ ਨੂੰ ਦੂਸਰੀ ਵਾਰੀ ਮਾਰਿਆ ਤਾ ਉਸ ਵਕਤ ਅੱਸੀ ਕੁਝ ਥੋੜ੍ਹਾ ਬਾਲ੍ਹਾ ਸਾਰੇ ਵਿਹਾਰ (ਭਾਵ ਕਾਇਦੇ ਅਨਸਾਰ) ਕਰਦੇ ਸਾ। ਮਗਰ ਅਫਸਰ ਤੇ ਕਰਮਚਾਰੀ ਸਾਡੇ ਨਾਲ ਹਮੇਸ਼ਾ ਜਾਣਕੇ ਛੇੜਖਾਨੀ ਕਰਦੇ ਰਹਿੰਦੇ ਸਨ, ਤਾਕਿ ਅਸੀਂ ਕੋਈ ਘੜੀ ਆਰਾਮ ਨਾਲ ਨਾ ਰਹਿ ਸਕੀਏ ਜੀ। ਉਹ ਸਾਨੂੰ ਛੇ ਛੇ ਮਹੀਨੇ ਕੋਠੀ ਬੰਦ, ਬੇੜੀ ਡੰਡਾ ਹਥਕੜੀ, ਖਾਣਾ ਕੰਮਤੀ, ਠੰਡੇ ਮੌਸਮ 'ਚ ਕਪੜੇ ਲਹਾ ਲੈਣੇ, ਐਸੀ ਸਜ਼ਾ ਦੇ ਕੇ ਭੁਗਤੌਣੀ ਜਦ ਪੂਰੀ ਹੋਣ ਤੇ ਔਣੀ ਫਿਰ ਨਵੀਂ।

[੨ ਬਾਬਾ ਜਵੰਦ ਸਿੰਘ, ਪਿੰਡ ਸੁਰ ਸਿੰਘ, ਜ਼ਿਲਾ ਅੰਮ੍ਰਿਤਸਰ। ਅਰਮੀਕਾ ਤੋਂ ਜਨਵਰੀ ੧੯੧੫ 'ਚ ਪਰਤੇ, ਗਦਰ ਪਾਰਟੀ ਦੇ ਲਾਹੌਰ ਵਾਲੇ ਠਿਕਾਣੇ ਤੋਂ ੧੯-੨-੧੯੧੫ ਨੂੰ ਗਰਿਫਤਾਰ ਹੋਕੇ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜਾ ਪਾਈ

੩ ਬਾਬਾ ਪ੍ਰਿਥੀ ਸਿੰਘ, ਪੰਨਾ ੫੩ ਤੇ। — **ਸੰਪਾਦਕ**]

ਛੇ ਮਾਹ ਨਾ ਵੀਰਾਂ ਨੇ ਖਾਣਾ ਖਾਇਆ, ਵਿਚ ਦੁਖ ਦੇ ਸੁਖ ਮਨਾਇਆ ਸੀ।
ਚਲੇ ਪੂਰੇ ਹੋ ਜ਼ਾਲਮਾ ਸਮਝਿਆ ਜਾ, ਡਾਕਟਰ ਫਿਰ ਭੱਜਕੇ ਆਇਆ ਸੀ।
ਸਾਡੇ ਵੀਰਾ ਚੁਕਾ ਕਰ ਭੰਗੀਆ ਤੋਂ, ਹਸਪਤਾਲ ਦੇ ਵਿਚ ਪੁਚਾਇਆ ਸੀ।
ਰਸਤੇ ਨੱਕ ਦੇ ਨਾਲ ਮਸ਼ੀਨ ਦੇ ਜੀ, ਅੰਦਰ ਦੁਧ ਅੱਧ ਸੇਰ ਸੁਟਾਇਆ ਸੀ।
ਮੁੜਕੇ ਕੋਠੜੀ ਮੇਂ ਤਿੰਨੇ ਲਿਆ ਸੁਟੇ, ਤਿੰਨਾਂ ਵੀਰਾਂ ਨੂੰ ਬੰਦ ਕਰਾਇਆ ਸੀ।
ਸਾਮ ਪਈ ਤਾ ਓਦਾਂ ਹੀ ਫੇਰ ਵੀਰੋ, ਤਿੰਨਾ ਵੀਰਾਂ ਨੂੰ ਦੁਧ ਪਲਾਇਆ ਸੀ।
ਛੇ ਮਾਹਿ ਫਿਰ ਏਵੇ ਜੀ ਰਹੇ ਤਿੰਨੇ, ਕਸ਼ਟ* ਬਹੁਤ ਹੀ ਵੀਰਾਂ ਉਠਾਇਆ ਸੀ।
ਹੋ ਜਾਵਣਾ ਚਾਹੁਣ ਸ਼ਹੀਦ ਤਿੰਨੇ, ਸਚੇ ਆਪ ਕਰਤਾਰ ਬਚਾਇਆ ਸੀ।

¤ ¤ ¤

[* ਇਸ ਭੁਖ ਹੜਤਾਲ ਵਿਚ ਬਾਬਾ ਸੋਹਨ ਸਿੰਘ ਭਕਨਾ ਅਨੁਸਾਰ ੨੯ ਰਾਜਸੀ ਕੈਦੀਆ ਨੇ ਹਿਸਾ ਲਿਆ ਜਿਨ੍ਹਾ ਵਿਚ ਪਹਿਲੇ ਕੇਸ ਦੇ ਕੈਦੀਆ ਤੋ ਇਲਾਵਾ ਬਰਮਾ ਤੋਂ ਆਏ ਗਦਰ ਪਾਰਟੀ ਦੇ ਕੈਦੀ ਤੇ ਨਵੇ ਆਏ ਬੰਗਾਲੀ ਕੈਦੀ ਵੀ ਸ਼ਾਮਲ ਹੋਏ। – **ਸੰਪਾਦਕ**]

# 20.

## ਦੇਸ਼ ਭਗਤਾਂ ਦੇ ਦੁਖੀ ਪਰਵਾਰ

ਦੇਸ ਭਗਤਾਂ ਦੇ ਦੁਖੀ ਪਰਵਾਰ ਸਮਝੋ, ਰਲਕੇ ਦੁਖ ਵੰਡਾਉ ਜੀ ਵੀਰ ਸਾਰੇ।
ਸਾਂਝਾ ਕੰਮ ਏ ਸਾਰੇ ਇਲਾਕਿਆਂ ਦਾ, ਸੇਵਾ ਏਸ ਨੂੰ ਸਿਧੇ ਹੋ ਤੀਰ ਸਾਰੇ।
ਵੱਡਾ ਕੰਮ ਕੀ ਦਸ ਰਿਹਾਂ ਆਪ ਨੂੰ ਮੈਂ, ਕੱਢ ਲਵੋ ਜੇ ਤੁਸੀਂ ਲਕੀਰ ਸਾਰੇ।
ਆਪਸ ਵਿਚ ਤਫ਼ਾਕ ਜੇ ਕਰੋ ਭਾਈਓ, ਚੀਰ ਪਰਬਤਾਂ ਕਰ ਦਈਏ ਲੀਰ ਸਾਰੇ।
ਸਮਝ ਆਪਦੇ ਸਿਰ ਤੇ ਕਰਜ ਵੀਰੋ, ਜਲਦੀ ਲਾਹ ਦਈਏ ਪਾਉ ਵਹੀਰ ਸਾਰੇ।
ਮਾਤਾ ਪਿਤਾ ਤੇ ਉਹਨਾਂ* ਦੇ ਬਾਲ ਬੱਚੇ, ਹੋ ਗਏ ਸੁਕ ਕੇ ਵਾਂਗ ਕਰੀਰ ਸਾਰੇ।
ਹਾਲਤ ਵੇਖੀਏ ਉਨ੍ਹਾਂ ਦੀ ਜਾਏ ਜੇਕਰ, ਨੈਣੀਂ ਵਗ ਤੁਰਦਾ ਵੀਰੋ ਨੀਰ ਸਾਰੇ।
ਸੇਵਾ ਦਸ ਰਿਹਾਂ ਜਿਨ੍ਹਾਂ ਘਰਾਣਿਆਂ ਦੀ, ਕੌਮੀ ਹੋਏ ਨੇ ਇਹ ਫਕੀਰ ਸਾਰੇ।
ਮਾਰ ਹੰਭਲਾ ਹੋਏ ਦਲੇਰ ਭਾਈਓ, ਤੋੜ ਦੁਖਾਂ ਦੀ ਦੇਈਏ ਜੰਜੀਰ ਸਾਰੇ।
ਰਿਹਾ ਉਹਨਾਂ ਦਾ ਕੋਈ ਭੀ ਆਸਰਾ ਨਾ, ਰੱਲ ਕੇ ਤੁਸੀਂ ਬਨ੍ਹਾਉ ਹੁਣ ਧੀਰ ਸਾਰੇ।

ਜੂਝ ਗਏ ਜੋ ਮੁਲਕ ਦੀ ਸੇਵ ਅੰਦਰ, ਕਰੋ ਉਹਨਾਂ ਦੀ ਹੁੱਣ ਸੰਭਾਲ ਸਾਰੇ।
ਬਾਲ ਬੱਚੇ ਦੀ ਲੈਕਰ ਖਬਰ ਛੇਤੀ, ਬਣੋ ਉਹਨਾਂ ਦੇ ਤੁਸੀਂ ਰਖਵਾਲ ਸਾਰੇ।

---
* ਦੇਸ ਭਗਤਾਂ ਦੇ।

ਛੇਤੀ ਕਰਕੇ ਬੰਦੇ ਜੀ ਬਸਤ ਸੋਹਣਾ, ਬਾਲ ਬਚਿਆ ਦਿਓ ਖਾ ਪਾਲ ਸਾਰੇ।
ਸਾਡੇ ਸ਼ੇਰਾ ਨੂੰ ਪਾ ਕੇ ਜੇਲ੍ਹ ਅੰਦਰ, ਜ਼ਾਲਮ ਰਹੇ ਨੇ ਉਹਨਾ ਨੂੰ ਗਾਲ ਸਾਰੇ।
ਲਵੋ ਉਹਨਾ ਦੀ ਤੁਸੀਂ ਹੁਨ ਸਾਰ ਛੇਤੀ, ਕਰੋ ਉਹਨਾ ਦੇ ਵਲ ਖ਼ਿਆਲ ਸਾਰੇ।
ਜਿਵੇਂ ਜੁਲਮ ਦੀ ਜੜ ਉਖੇੜ ਦੇਈਏ, ਕਰੋ ਜਾਲਮਾ ਤੁਸੀਂ ਨਿਢਾਲ ਸਾਰੇ।
ਜੇਲ੍ਹਾ ਵਿਚੋਂ ਜੀ ਕਢੀਏ ਵੀਰ ਸੋਹਣੇ, ਜੇਲ੍ਹਾ ਤੋੜਕਰ ਦਈਏ ਖਾਂ ਡਾਲ ਸਾਰੇ।
ਗੌਰਮਿੰਟ ਜਾਂ ਕਰੇ ਰਿਹਾ ਛੇਤੀ, ਨਹੀਂ ਤਾਂ ਤੋੜੋ ਗੁਲਾਮੀ ਜੰਜਾਲ ਸਾਰੇ।

¤ ¤ ¤

# A SIKH MYSTIC*

Our views about Sikh mysticism are based on the Guru Granth and the Gurus' lives which are the true mirror reflecting their system. Dissenters may still claim that we have expressed only an interpretation which cannot be taken to be axiomatic. In order to dispel the possibility of any doubt, we have already given authoritative interpretation of Guru Hargobind himself, which he expressed in his dialogue with saint Ram Das. We now propose presenting a brief sketch of the life of a recent Sikh mystic, Baba Wasakha Singh. His views will show how he understands the gospel of the Gurus and the path laid by them.

According to the unanimous opinion of his knowledgeable contemporaries, Baba Wasakha Singh was a mystic of eminence. He was held in the highest esteem by the Sikhs and other communities in the Punjab. He was born in 1877 at Dader in the district of Amritsar. His uncle Baba Khushal Singh was also a well-known mystic. According to Babaji, as he was affectionately called, he attained, by the Grace of God, the mystic union at an early age. After his marriage and some years of service in the country, he went to America as a Punjabi emigrant to that land. There also he earned the respect of all those who came in touch with him. He was looked upon by them as a person of religious eminence. He gave his entire bank balance as a contribution for raising the first Sikh Gurdwara (shrine) in Stockton. He was a guide and helper to all the needy persons. The First World War broke out in 1914

* **Courtesy** – *Sikhism Theology and Mysticism* by S. Daljit Singh, Chapter 26, pp. 293-299

India was then under the British yoke Indians in the (United) States planned to raise a revolt against the British. A revolutionary organisation, called the Ghadr Party was started. Babaji became one of its principal members. In 1914 most of these revolutionaries came to India. They made contacts in the Indian army and among the people so as to organise the rebellion. But the revolt could not be a success because the plans leaked out. Babaji was arrested, tried for treason and transported to Andamans as a life convict. Scores of people were sent to the gallows. His property in India was confiscated. As regards his property in the USA, it had already been donated for the public cause.

It is, however, pertinent to state that it was a time when Gandhi and Tilak were cooperating with the British in their war effort. All we wish to indicate is that it was the mystic intuition of Babaji that urged him to join the revolutionary party and raise the revolt. Another Sikh mystic, Sant Randhir Singh, who had also joined the *Ghadr* movement, was arrested and sentenced to life imprisonment. Babaji's health broke down because of the unhealthy climate and the tortures he was subjected to in the Andaman Jail. Following a government order of general amnesty on winning the First World War, he was released after serving a sentence of 4 or 5 years in the jail there.

On arrival in India the first step he took was to organise a committee in order to raise funds for aid and stipendiary assistance to political sufferers and their dependents. As the head of this Committee, he became, both for the surface and the underground revolutionaries, the chief contact man in the political organisation Consequently he continued to be an obvious suspect in the eyes of the Government. The police always kept him and his activities under strict surveillance.

Following the Jallianwala Bagh massacre and the Akali agitation for the management of Sikh shrines, Punjab was in political ferment. Babaji joined these struggles. As a Sikh mystic he was deeply

respected in the community. He was appointed the chief (*Jathedar*) of the Akal Takht — the highest religio-political seat of the Sikhs. Again, when the desilting operations were undertaken by the Sikhs at the Tarn Tarn shrine, he was chosen by the Sikh community as the leader (*Jathedar*) among the five *Piaras* (Beloved ones). During that period, there arose a conflict among the members of the top religious organisation of the Sikhs. By common consent he was appointed the arbitrator to settle the differences.

But, all the same, his other political activities continued unabated. Frequently, and for years he was jailed or interned. Most of Babaji's associates were members of the Communist or the Socialist parties, all fighting for socio-political causes and freedom of the country. Here is one of the appeals he issued to his countrymen : "Each one of you should help and join the freedom fighters in their war for independence. Slavery is a great curse. If you cannot help the struggle for freedom, at least desist from obstructing and opposing the efforts of the patriots. You have been praying for the victory of the British so as to save them from defeat at the hands of Germans. Can you not at least pray for those engaged in the fight for freedom of your own country ? Is not death better than the present slavery ?" A few more words about his political views. He said that it was the Will of God that all men should live as equals and disparity among them should go. All forces, even the biggest Empires and Powers, if they came in the way of this progressive movement initiated by God, would be crushed. He used to observe jokingly, "Sikhs feel I am not a good Sikh because most of my associates and co-workers, are communists who have no faith in God. On the other hand, communists say that I can never be a good communist because my first loyalty is to God."

*Hans Sarvar* gives an account of the lives and views of a noted chain of Sikh mystics who lived between 1830 and 1950. In that book Babaji finds a prominent mention as one of the great personalities. The editor, (Sant Harbhajan Singh ji) himself a mystic, describes him as an outstanding living mystic. Most of his early

morning was spent in his devotional remembrance of God and in meditation. Those in trouble made all kinds of requests to him for alleviating their sufferings. Invariably he prayed for them. Many cases have been verified in which he had done the healing. He never tried to take credit for the healing that took place. When anyone made a request, he would say, "let us pray together to God to help us." And he would pray to God thereafter.

True, Babaji's views about mysticism were deeply dyed by the Guru Granth and the lives of the Sikh Gurus. All the same, his statements about mysticism are very clear on the issues we have discussed earlier. We record the translation of extracts from a poem written by Babaji while he was in the Andaman jail.

"Some persons say that there is no God. They proclaim and spread this falsehood. I hereby state the truth, true God has shown His presence to the *Bhagats* (mystics)." "Many *Mahatmas* have stressed that one should give up the house-holder's life and have resort to the seclusion of the forest. There, they suggest, one should take to ascetic practices, give up food and clothing, and starve the beautiful human body to a skeleton. For the purpose, they recommend all kinds of self inflicted tortures, including hanging oneself upside down, standing erect all the time and smearing the head and the body with ashes. Some get themselves beheaded at Kashi, others have their limbs mutilated. Do not imagine that it is easy to have one's head removed in the name of God. But, hail, Guru Nanak and the ten Gurus, who have shown a lovely, glorious and straight path, without fruitless self-tormenting of the body. No practice of self-mortification can destroy the snake of egoism (*Haumen*). Live as a householder in the world, and follow the advice of the Gurus for earning your living by honest means and for sharing your income with others. Live well and keep your body, house and clothes neat and clean, remembering God all the time Give good education both to your boys and girls. Be on your guard against the wiles of the egoself and follow the way of *Naam*. The ego misleads you. Beware of it and keep yourself on

to the path of God, always remembering Him. Control your ego, otherwise it is likely to lead you into difficulties and land you in deep waters. Be strong and bold enough to keep it under check, because few can escape its machinations. Practice your meditation and concentration in order to keep the mind in tune with the Word of God, thereby hearing the unstruck music. If you keep your mind attuned to God (*Waheguru*), you will remain tranquil and in peace, and have no pain and suffering. Always raise your voice against those who are tyrannical to man. Bring those who shun the poor and the weak on to the right path. There is but one God and we are all his children. Let us love one and all. Fill your heart with the love of God, second serve your country and, third, use your earnings for the service of man. Practice these three virtues and educate your children to do the same. God approves and acclaims those who imbibe these values."

The editor of *Hans Sarvar*, while recording the above poem, writes that Babaji's views are well-known, namely, the howsoever religious devotion and meditations (*Bhakti*) one may practise and, whatever might be one's conduct and merits, if one has not at heart the love of man or compassion for him, one is hardly a worthwhile Sikh (mystic). Further, that if anyone is unjust or oppressive, all his meditations or *Samadhis* and *Bhajan* are of no avail. He writes that Babaji's whole life had been spent in fighting those who were tyrannical and unjust to man.

Having given the background, let us now record his views on mysticism. He observed, "It is a great achievement to have the mystic experience of God. I cannot describe the depth of bliss one finds in that state. But the Gurus' mysticism goes ahead and higher than that. While being in tune with God, one has to do good in the world and undertake the service of man. It is a higher stage than the one of mystic bliss. This is the stage of Guru's Sikhism. You know how difficult it is for an ordinary person to give up the worldly pleasures and possessions and instead follow the path of God. It is even more difficult for the mystic to come out of the state of his

intense and tranquil bliss in order to serve man. But, that is the Will of God. It is the highest mystic stage to serve the poor and the downtrodden and yet remain in union with Him." At another time he said, "The mystic bliss is so intense that a moment's disconnection with it would be like death to me, but the higher stage than that is not to remain enthralled in it, but, side by side, to work consistently for the well-being of suffering humanity." This statement solves another point of Sikh mysticism, viz., that even during his life the mystic never loses touch with God and the mystic union is never interrupted. Some mystic disciples of Babaji were anxious that he should devote himself primarily to missionary work concerning Sikhism rather than spend his time in socio-political activities which were a great strain on his feeble health, especially during his old age. He replied, "You know what is the Will (*Raza*) of God for me; you also know that in doing political work I am only carrying out His Will and not my own will. In wanting me to remain engrossed in mystic bliss and in doing missionary work (*Dharam parchar*) do you want that in God's Court I should be counted among those who avoided to carry out His Will (*Raza*)." This reply settled the issue. In the same context, he spoke on another occasion, "Some persons want me to do missionary work regarding the mystic way to God. Such work would be a life of peace and ease for me. People would come, bow themselves before me, touch my feet and listen to my lectures. Do you think a life of such comfort is difficult for me ? But, brothers, this is not the way the Sikh Gurus taught us. A Sikh's first duty is to work for the welfare of man and react to injustice and wrong wherever it is and whatever be the cost." At another time he said, "What kind of devotion (*Bhakti*) is that in which one remains engrossed in one's meditations and the poor suffer all around us. This is not mysticism. A Guru's Sikh must work and serve the poor."

Babaji's observation about the Will of God shows, as also stated in the *Japji*, that a mystic becomes aware of the right role he is called upon to play and that he must carry out His Will in the world.

On another occasion, a devout Sikh addressed him, "Babaji, I feel I should go to Russia, the land of disbelief in God, and convey and preach there the lofty message of the Sikh Gurus." For sometime Babaji listened to this and then said, "What would you teach to the Russians that they should also become political slaves like us ?" By this one sentence he not only punctured the bubble of a misconception about religion, but also enunciated clearly what were the right priorities for a mystic or a devout Sikh.

We have given a brief description of Baba Wasakha Singh's ideas about the duties and role of a Sikh mystic and of anyone trying to tread the path of God. Like the Sikh Gurus, he justified the use of force for a righteous cause.

If one were to trace merely his political activities during the struggle for freedom and righteousness, without taking into account his mystic achievements, one would get an entirely wrong impression about his religious or mystic personality. Once a lawyer, who was aware only of Babaji's socio-political activities, observed, "They say Babaji is a great mystic, but from my acquaintance with him, all I can say is that he is an honest, good and devoted political fighter without any personal ambitions." All this, in a way, explains how persons ignorant of true mysticism, or with narrow religious ideas, grossly misunderstand and misinterpret the role of Guru Gobind Singh as a true religious leader merely because of his militant activities and the creation of the Khalsa.

The life of Baba Wasakha Singh shows that in Sikh mysticism there is no divorce between God's life and the moral life, and between the life of a mystic and the life of one who reacts against all kinds of economic, social and political injustice and oppression. In fact, both activities are inter-linked and the one leads to the other.

The above statements about the life and views of a recent Sikh mystic show how identical are his views with those we have expressed regarding Sikh mysticism. In the spiritual life, love of God and man is of primary importance. From this follows the greatest relevance of socio-political work in order to achieve the

equality of man. One has to be on guard against the pitfalls of ego-centrism which lead to human sufferings. In the same way, the mystic has to avoid being satisfied with the joys of union with God. He should not fail to carry out His will in the socio-political field.

We find that the views of Baba Wasakha Singh are in tune with those of the Gurus. Few would suggest seriously that his mystic experience and ideas are not typical, but are just personal to him. Separately, we have given the views of some recent Hindu mystics. Their ideas are quite the same as those expressed by the mystics of Upanisadic period. Both Baba Wasakha Singh and most of the recent Hindu mystics have lived in an identical cultural background and practically in the same period of time. And, yet, while there is a striking similarity between the ideas and ideals of the Sikh Gurus and those of Babaji, there is a complete contrast between the experiences of the latter and those of the modern Hindu mystics. Similarly, the experience of the modern Hindu mystics are entirely congruous with those of the Upanisadic sagas expressed over 2500 years earlier. All this leads to the evident conclusion that it is the character of the mystic experience itself that governs the conduct and the views of the mystic and not the cultural background in which he is brought up and lives. For, we have also seen that 'Christian mystics', with a common cultural background, have expressed very variant views. Unless one doubts the very validity of all mystic experience, it is not possible to explain, on any other ground, the similarities and contrasts pointed out above. The views of Baba Wasakha Singh give an authentic interpretation of Sikh mysticism. They also clarify the contrast between Prophetic mysticism and Quietist or Merger mysticism.

¤ ¤ ¤

# APPENDIX-2

## ਤਸਵੀਰਾਂ ਦਾ ਵੇਰਵਾ


1. ਬਾਬਾ ਵਸਾਖਾ ਸਿੰਘ ਜੀ — xv
2. ਬਾਬਾ ਗੁਰਦਿਤ ਸਰਹਾਲੀ (ਕੋਮਾਗਾਟਾ ਮਾਰੂ) — 115
3. ਸ਼ਹੀਦ ਭਾਨ ਸਿੰਘ (ਸੁਨੇਤ - ਲੁਧਿਆਣਾ) — 116
4. ਸ਼ਹੀਦ ਰਾਮ ਰਖਾ ( ਸਸੋਲੀ - ਹੋਸ਼ਿਆਰਪੁਰ) — 117
5. ਸਹੀਦ ਬੁਢਾ ਸਿੰਘ (ਫਿਲੋਕੇ - ਗੁਜਰਾਂਵਾਲਾ) — 118
6. ਸਹੀਦ ਕਿਹਰ ਸਿੰਘ (ਮਰਹਾਨਾ - ਅੰਮ੍ਰਿਤਸਰ) — 119
7. ਬਾਬਾ ਵਸਾਖਾ ਸਿੰਘ, ਬਾਬਾ ਜਵਾਲਾ ਸਿੰਘ ਅਤੇ ਭਾਈ ਸੰਤੋਖ ਸਿੰਘ — 120
8. ਪੰਡਤ ਪਰਮਾਨੰਦ (ਝਾਸੀ - ਯੂ ਪੀ ) — 121
9. ਬਾਬਾ ਹਜ਼ਾਰਾ ਸਿੰਘ (ਦਦੇਹਰ - ਅੰਮ੍ਰਿਤਸਰ) — 122
10. ਲਾਲਾ ਹਰਦਿਆਲ, ਐਮ ਏ (ਦਿੱਲੀ) — 123
11. ਭਾਈ ਪਰਮਾਨੰਦ (ਕਰਿਆਲਾ - ਜਿਹਲਮ) — 124
12. ਬਾਬਾ ਪ੍ਰਿਥੀ ਸਿੰਘ (ਲਾਲੜੂ - ਪਟਿਆਲਾ) — 125
13. ਬਾਬਾ ਰੂੜ ਸਿੰਘ (ਚੂਹੜ ਚੱਕ - ਮੋਗਾ) — 126
14. ਬਾਬਾ ਸੋਹਨ ਸਿੰਘ (ਭਕਨਾ - ਅੰਮ੍ਰਿਤਸਰ) — 127

15. ਬਾਬਾ ਕੇਸਰ ਸਿੰਘ ( ਠੱਠਗੜ੍ਹ - ਅੰਮ੍ਰਿਤਸਰ) 128

16. ਸਹੀਦ ਊਧਮ ਸਿੰਘ ( ਕਸੇਲ - ਅੰਮ੍ਰਿਤਸਰ) 129

17. ਬਾਬਾ ਮੰਗਲ ਸਿੰਘ (ਲਾਲਪੁਰ - ਅੰਮ੍ਰਿਤਸਰ) 130

18. ਸ਼ਹੀਦ ਪੰਡਤ ਕਾਂਸੀ ਰਾਮ (ਮੜੌਲੀ - ਰੋਪੜ) 131

19. ਪੰਡਤ ਜਗਤ ਰਾਮ (ਹਰਿਆਨਾ - ਹੋਸ਼ਿਆਰਪੁਰ) 132

20. ਸਹੀਦ ਕਰਤਾਰ ਸਿੰਘ (ਸਰਾਭਾ - ਲੁਧਿਆਣਾ) 133

21. ਸੈਲੂਲਰ ਜੇਲ੍ਹ - ਅੰਡੇਮਾਨ 134

22. ਮਾਸਟਰ ਚਤਰ ਸਿੰਘ (ਮਨੇਲੀ - ਫਤਿਹਗੜ੍ਹ ਸਾਹਿਬ) 135

23. ਬਾਬਾ ਅਮਰ ਸਿੰਘ 'ਇੰਜੀਨੀਅਰ' (ਸ਼ੇਰਪੁਰ ਕਲਾ ਲੁਧਿਆਣਾ) 136

24. ਬਾਬਾ ਬਿਸ਼ਨ ਸਿੰਘ 'ਭਲਵਾਨ' ਬਾਬਾ ਵਸਾਖਾ ਸਿੰਘ ਦੇ ਭਤੀਜੇ (ਸਪੁਤਰ ਸ: ਕੇਸਰ ਸਿੰਘ) 137

25. ਬਾਬਾ ਬਿਸਨ ਸਿੰਘ ਸਪੁਤਰ ਸ: ਜਵਾਲਾ ਸਿੰਘ (ਦਦੇਹਰ - ਅੰਮ੍ਰਿਤਸਰ) 138

26. ਬਾਬਾ ਕਾਲਾ ਸਿੰਘ (ਸਰਸਿੰਘ ਅੰਮ੍ਰਿਤਸਰ) 139

27. ਬਾਬਾ ਬਾਜ ਸਿੰਘ (ਰਈਆ - ਅੰਮ੍ਰਿਤਸਰ) 140

## ਬਾਬਾ ਗੁਰਦਿਤ ਸਰਹਾਲੀ (ਕੌਮਾਗਾਟਾ ਮਾਰੂ)



(ਵੇਰਵਾ ਪੰਨਾ ੧੪, ਫੁਟਨੋਟ ਨੰ: ੩)

## ਸ਼ਹੀਦ ਭਾਨ ਸਿੰਘ (ਸੁਨੇਤ - ਲੁਧਿਆਣਾ)



(ਵੇਖਦਾ ਪੰਨਾ ੯੫ ਦੇ ਹੇਠਾਂ, ਫੁਟਨੋਟ *)

## ਸ਼ਹੀਦ ਰਾਮ ਰਖਾ (ਸਸੌਲੀ ਹੋਸਿਆਰਪੁਰ)



(ਵੇਰਵਾ ਪੰਨਾ ੧੫, ਫ਼ੁਟਨੋਟ ਨੰ: ੩)

# ਸ਼ਹੀਦ ਬੁਢਾ ਸਿੰਘ (ਫਿਲੋਕੇ - ਗੁਜਰਾਂਵਾਲਾ)



(ਵੇਰਵਾ ਪੰਨਾ ੧੫, ਫੁਟਨੋਟ ਨੰ: ੫)

## ਸ਼ਹੀਦ ਕਿਹਰ ਸਿੰਘ (ਮਰਹਾਨਾ - ਅੰਮ੍ਰਿਤਸਰ)



(ਵੇਰਵਾ ਪੰਨਾ ੧੫, ਫ਼ੁਟਨੋਟ ਨੰ: ੭)

## ਬਾਬਾ ਵਸਾਖਾ ਸਿੰਘ, ਬਾਬਾ ਜਵਾਲਾ ਸਿੰਘ ਅਤੇ ਭਾਈ ਸੰਤੋਖ ਸਿੰਘ



(ਵੇਖਵਾ ਪੰਨਾ ੧੬, ਫੁਟਨੋਟ ਨੰ: ੧)

## ਪੰਡਤ ਪਰਮਾਨੰਦ (ਝਾਂਸੀ - ਯੂ.ਪੀ.)



(ਵੇਰਵਾ ਪੰਨਾ ੧੯, ਫੁਟਨੋਟ ਨੰ: ੨)

## ਬਾਬਾ ਹਜ਼ਾਰਾ ਸਿੰਘ (ਦਦੇਹਰ - ਅੰਮ੍ਰਿਤਸਰ)



(ਵੇਖੋ ਪੰਨਾ ੪੮, ਫੁਟਨੋਟ ਨੰ: ੩)

## ਲਾਲਾ ਹਰਦਿਆਲ, ਐਮ. ਏ. (ਦਿੱਲੀ)




(ਵੇਰਵਾ ਪੰਨਾ ੫੫, ਫੁਟਨੋਟ ਨੰ: ੧)

## ਭਾਈ ਪਰਮਾਨੰਦ (ਕਰਿਆਲਾ – ਜਿਹਲਮ)



(ਵੇਰਵਾ ਪੰਨਾ ੫੫, ਫੁਟਨੋਟ ਨੰ: ੨)

## ਬਾਬਾ ਪ੍ਰਿਥੀ ਸਿੰਘ (ਲਾਲੜੂ - ਪਟਿਆਲਾ)



(ਵੇਰਵਾ ਪੰਨਾ ੬੨, ਫੁਟਨੋਟ ਨੰ: ੧)

## ਬਾਬਾ ਰੂੜ੍ਹ ਸਿੰਘ (ਚੂਹੜ ਚੱਕ - ਮੋਗਾ)



(ਵੇਖਣਾ ਪੰਨਾ ੯੯, ਫੁਟਨੋਟ ਨੰ: ੨)

## ਬਾਬਾ ਸੋਹਨ ਸਿੰਘ (ਭਕਨਾ - ਅੰਮ੍ਰਿਤਸਰ)



(ਵੇਰਵਾ ਪੰਨਾ ੭੨, ਫੁਟਨੋਟ ਨੰ: ੧)

## ਬਾਬਾ ਕੇਸਰ ਸਿੰਘ (ਠੱਠਗੜ੍ਹ - ਅੰਮ੍ਰਿਤਸਰ)



(ਵੇਰਵਾ ਪੰਨਾ ੭੨, ਫੁਟਨੋਟ ਨੰ: ੨)

## ਸ਼ਹੀਦ ਊਧਮ ਸਿੰਘ (ਕਸੇਲ - ਅੰਮ੍ਰਿਤਸਰ)



(ਵੇਰਵਾ ਪੰਨਾ ੭੨, ਫੁਟਨੋਟ ਨੰ: ੩)

## ਬਾਬਾ ਮੰਗਲ ਸਿੰਘ (ਲਾਲਪੁਰ - ਅੰਮ੍ਰਿਤਸਰ)



(ਵੇਰਵਾ ਪੰਨਾ ੧੨, ਫੁਟਨੋਟ ਨੰ: ੪)

## ਸ਼ਹੀਦ ਪੰਡਤ ਕਾਂਸ਼ੀ ਰਾਮ (ਮੜੌਲੀ - ਰੋਪੜ)



(ਵੇਰਵਾ ਪੰਨਾ ੭੨, ਫੁਟਨੋਟ ਨੰ: ੫)

## ਪੰਡਤ ਜਗਤ ਰਾਮ (ਹਰਿਆਨਾ - ਹੋਸ਼ਿਆਰਪੁਰ)



(ਵੇਖਵਾ ਪੰਨਾ ੭੩, ਫੁਟਨੋਟ ਨੰ: ੧)

## ਸ਼ਹੀਦ ਕਰਤਾਰ ਸਿੰਘ (ਸਰਾਭਾ - ਲੁਧਿਆਣਾ)



(ਵੇਰਵਾ ਪੰਨਾ ੭੩, ਫੁਟਨੋਟ ਨੰ: ੨)

## ਸੈਲੂਲਰ ਜੇਲ੍ਹ ਅੰਡੇਮਾਨ



(ਵੇਰਵਾ ਪੰਨਾ ੯੦, ਫੁਟਨੋਟ ਨੰ: ੧)

## ਮਾਸਟਰ ਚਤਰ ਸਿੰਘ (ਮਨੇਲੀ - ਫ਼ਤਿਹਗੜ੍ਹ ਸਾਹਿਬ)



(ਵੇਰਵਾ ਪੰਨਾ ੮੬, ਫੁਟਨੋਟ *)

## ਬਾਬਾ ਅਮਰ ਸਿੰਘ 'ਇੰਜੀਨੀਅਰ' (ਸ਼ੇਰਪੁਰ ਕਲਾਂ - ਲੁਧਿਆਣਾ)



(ਵੇਰਵਾ ਪੰਨਾ ੯੧, ਫੁਟਨੋਟ ਨੰ: ੧)

## ਬਾਬਾ ਬਿਸ਼ਨ ਸਿੰਘ 'ਭਲਵਾਨ'
## ਬਾਬਾ ਵਸਾਖਾ ਸਿੰਘ ਜੀ ਦੇ ਭਤੀਜੇ (ਸਪੁਤਰ ਸ: ਕੇਸਰ ਸਿੰਘ)



(ਪੂਰਾ ਵੇਰਵਾ ੬੭)

## ਬਾਬਾ ਬਿਸ਼ਨ ਸਿੰਘ ਸਪੁਤਰ ਸ: ਜਵਾਲਾ ਸਿੰਘ (ਦਦੇਹਰ - ਅੰਮ੍ਰਿਤਸਰ)



(ਵੇਰਵਾ ਪੰਨਾ ੯੧, ਫੁਟਨੋਟ ਨੰ: ੨)

## ਬਾਬਾ ਕਾਲਾ ਸਿੰਘ (ਸੁਰਸਿੰਘ - ਅੰਮ੍ਰਿਤਸਰ)



(ਵੇਰਵਾ ਪੰਨਾ ੯੯, ਫ਼ੁਟਨੋਟ ਨੰ: ੧)

## ਬਾਬਾ ਬਾਜ ਸਿੰਘ (ਰਈਆ - ਅੰਮ੍ਰਿਤਸਰ)



(ਵੇਰਵਾ ਪੰਨਾ ੬੨, ਫੁਟਨੋਟ ਨੰ: ੨)

ਯ ਯ ਯ